29-JUNE-PAGE-1.qxd 6/28/2023 10:25 PM Page 1

ਵੀਰਵਾਰ, 29 ਜੂਨ, 2023
15 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 28

# ਨਵਾਂ ਜ਼ਮਾਨਾ

DAILY NAWAN ZAMANA • THURSDAY, 29 JUNE, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

## ਭਾਜਪਾ ਆਈ ਟੀ ਸੈੱਲ ਦੇ ਚੀਫ ਖਿਲਾਫ ਕੇਸ

**ਬੇਂਗਲੁਰੂ :** ਕਰਨਾਟਕ ਪੁਲਸ ਨੇ ਰਾਹੁਲ ਗਾਂਧੀ ਤੇ ਹੋਰਨਾਂ ਕਾਂਗਰਸੀ ਆਗੂਆਂ ਖਿਲਾਫ ਅਪਮਾਨਜਨਕ ਪੋਸਟਾਂ ਪਾਉਣ 'ਤੇ ਭਾਜਪਾ ਆਈ ਟੀ ਸੈੱਲ ਦੇ ਕੌਮੀ ਕਨਵੀਨਰ ਅਮਿਤ ਮਾਲਵੀਆ ਖਿਲਾਫ ਐੱਫ ਆਈ ਆਰ ਦਰਜ ਕੀਤੀ ਹੈ। ਹਾਈ ਗਰਾਊਂਡਜ਼ ਪੁਲਸ ਨੇ ਸੂਬਾਈ ਕਾਂਗਰਸੀ ਆਗੂ ਰਮੇਸ਼ ਬਾਬੂ ਦੀ ਸ਼ਿਕਾਇਤ 'ਤੇ ਉਸ ਖਿਲਾਫ ਤਾਜ਼ੀਰਾਤੇ ਹਿੰਦ ਦੀ ਦਫਾ 153-ਏ, 120-ਏ, 505 (2) ਤੇ 34 ਤਹਿਤ ਕੇਸ ਦਰਜ ਕੀਤਾ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਮਾਲਵੀਆ ਨੇ ਰਾਹੁਲ ਗਾਂਧੀ ਦੀ ਐਨੀਮੇਟਡ ਵੀਡੀਓ ਜਾਰੀ ਕਰਕੇ ਦਾਅਵਾ ਕੀਤਾ ਕਿ ਕਾਂਗਰਸ ਕੌਮ-ਵਿਰੋਧੀ ਸਰਗਰਮੀਆਂ ਕਰ ਰਹੀ ਹੈ।

## ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਲਈ ਕੈਨੇਡਾ 'ਚ ਮੌਕਾ

**ਓਟਵਾ :** ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਐਲਾਨ ਕੀਤਾ ਹੈ ਕਿ ਸਰਕਾਰ 10,000 ਅਮਰੀਕੀ ਐੱਚ-1 ਬੀ ਵੀਜ਼ਾ ਧਾਰਕਾਂ ਨੂੰ ਦੇਸ਼ 'ਚ ਆਉਣ ਅਤੇ ਕੰਮ ਕਰਨ ਦੀ ਆਗਿਆ ਦੇਣ ਲਈ ਓਪਨ ਵਰਕ-ਪਰਮਿਟ ਨੀਤੀ ਤਿਆਰ ਕਰੇਗੀ। ਆਵਾਸ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰਾਲੇ ਨੇ ਕਿਹਾ ਕਿ ਇਹ ਪ੍ਰੋਗਰਾਮ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਰਵਾਰਕ ਮੈਂਬਰਾਂ ਲਈ ਅਧਿਐਨ ਜਾਂ ਵਰਕ ਪਰਮਿਟ ਵੀ ਮੁਹੱਈਆ ਕਰੇਗਾ।

## ਗੰਨੇ ਦੀ ਕੀਮਤ 10 ਰੁਪਏ ਵਧਾਈ

**ਨਵੀਂ ਦਿੱਲੀ :** ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਦੱਸਿਆ ਕਿ ਸਰਕਾਰ ਨੇ 2023-24 ਸੀਜ਼ਨ ਲਈ ਗੰਨੇ ਦੀ ਲਾਹੇਵੰਦ ਕੀਮਤ 10 ਰੁਪਏ ਪ੍ਰਤੀ ਕੁਇੰਟਲ ਵਧਾ ਕੇ 315 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਹੈ। ਗੰਨੇ ਦੀ ਕੀਮਤ ਵਧਾਉਣ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਆਰਥਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ 'ਚ ਲਿਆ ਗਿਆ।

## ਵੀਰ ਸਾਵਰਕਰ ਸੇਤੂ

**ਮੁੰਬਈ :** ਮਹਾਰਾਸ਼ਟਰ ਮੰਤਰੀ ਮੰਡਲ ਨੇ ਵਰਸੋਵਾ-ਬਾਂਦਰਾ ਸੀ-ਲਿੰਕ ਦਾ ਨਾਂਅ ਵੀਰ ਸਾਵਰਕਰ ਸੇਤੂ ਰੱਖਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਮੰਤਰੀ ਮੰਡਲ ਨੇ ਮੁੰਬਈ ਟਰਾਂਸ ਹਾਰਬਰ ਲਿੰਕ ਦਾ ਨਾਂਅ ਅਟਲ ਬਿਹਾਰੀ ਵਾਜਪਾਈ ਸਮ੍ਰਿਤੀ ਨਹਾਵਾ ਸੇਵਾ ਅਟਲ ਸੇਤੂ ਰੱਖਣ ਦਾ ਫੈਸਲਾ ਕੀਤਾ ਹੈ।

## 9 ਜੀਆਂ ਦੀ ਹੱਤਿਆ

**ਪਿਸ਼ਾਵਰ :** ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ 'ਚ ਬੁੱਧਵਾਰ ਅਣਪਛਾਤੇ ਬੰਦੂਕਧਾਰੀਆਂ ਨੇ ਘਰ 'ਚ ਦਾਖਲ ਹੋ ਕੇ ਅੰਨ੍ਹੇਵਾਹ ਗੋਲੀਬਾਰੀ ਕਰਕੇ ਪਰਵਾਰ ਦੇ 9 ਮੈਂਬਰਾਂ ਦੀ ਹੱਤਿਆ ਕਰ ਦਿੱਤੀ। ਮਲਾਕੰਦ ਦੀ ਬਟਖੇਲਾ ਤਹਿਸੀਲ 'ਚ ਅਣਪਛਾਤੇ ਹਮਲਾਵਰਾਂ ਨੇ ਤਿੰਨ ਔਰਤਾਂ ਅਤੇ ਛੇ ਪੁਰਸ਼ਾਂ ਨੂੰ ਮਾਰਿਆ। ਕਤਲ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗਿਆ।

## ਹਾਦਸੇ 'ਚ 4 ਮੌਤਾਂ

**ਸ਼ਿਮਲਾ :** ਰਾਮਪੁਰ 'ਚ ਬੁੱਧਵਾਰ ਸਵੇਰੇ ਸੜਕ ਹਾਦਸੇ 'ਚ 4 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਕ ਜ਼ਖਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਰਾਮਪੁਰ ਤਹਿਸੀਲ ਦੇ ਅਵਿਨਾਸ਼ (24), ਸੰਦੀਪ (40), ਸੁਮਨ (22) ਅਤੇ ਹਿਮਾਨੀ (22) ਵਜੋਂ ਹੋਈ ਹੈ। ਜ਼ਖਮੀ ਔਰਤ ਦੀ ਪਛਾਣ ਸ਼ਿਵਾਨੀ (22) ਵਜੋਂ ਹੋਈ ਹੈ।

## ਆਈ ਆਈ ਟੀ ਬੰਬੇ ਨੇ ਮਾਰਿਆ ਮਾਅਰਕਾ

**ਨਵੀਂ ਦਿੱਲੀ :** ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ) ਬੰਬੇ ਪਹਿਲੀ ਵਾਰ ਕੁਐਕਕੁਆਰੇਲੀ ਸਾਇਮੰਡਸ (ਕਿਊ ਐੱਸ) ਵਿਸ਼ਵ ਯੂਨੀਵਰਸਿਟੀ ਰੈਂਕਿੰਗਜ਼ 2023 ਦੀ 'ਚ ਪਹਿਲੀਆਂ 150 'ਚ ਸ਼ਾਮਲ ਹੋਈ ਹੈ। ਆਈ ਆਈ ਟੀ ਬੰਬੇ ਨੂੰ ਵਿਸ਼ਵ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ 'ਚ 149ਵਾਂ ਦਰਜਾ ਦਿੱਤਾ ਗਿਆ ਸੀ। ਇਹ ਯੂਨੀਵਰਸਿਟੀਆਂ ਦੀ ਗਲੋਬਲ ਰੈਂਕਿੰਗ 'ਚ ਆਈ ਆਈ ਟੀ ਬੰਬੇ ਵੱਲੋਂ ਪ੍ਰਾਪਤ ਕੀਤੀ ਸਭ ਤੋਂ ਉੱਚੀ ਰੈਂਕਿੰਗ ਹੈ। ਪਿਛਲੇ ਸਾਲ ਆਈ ਆਈ ਟੀ ਬੰਬੇ 172ਵੇਂ ਸਥਾਨ 'ਤੇ ਸੀ। ਮੈਸੇਚਿਊਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐੱਮ ਆਈ ਟੀ), ਕੈਂਬਰਿਜ ਯੂਨੀਵਰਸਿਟੀ ਅਤੇ ਆਕਸਫੋਰਡ ਯੂਨੀਵਰਸਿਟੀ ਵਿਸ਼ਵ ਪੱਧਰ 'ਤੇ ਕ੍ਰਮਵਾਰ ਪਹਿਲੇ ਤਿੰਨ ਸਥਾਨਾਂ 'ਤੇ ਹਨ। ਆਈ ਆਈ ਟੀ ਦਿੱਲੀ 197ਵੇਂ ਸਥਾਨ 'ਤੇ ਹੈ, ਜੋ ਪਿਛਲੇ ਸਾਲ 174ਵੇਂ ਸਥਾਨ 'ਤੇ ਸੀ। ਆਈ ਆਈ ਐੱਸ ਸੀ ਬੰਗਲੌਰ 225ਵੇਂ ਸਥਾਨ 'ਤੇ ਹੈ। ਪਿਛਲੇ ਐਡੀਸ਼ਨ ਦੇ ਮੁਕਾਬਲੇ ਸਿਖਰਲੀ 200 ਰੈਂਕਿੰਗ 'ਚ ਭਾਰਤ ਦੀ ਇੱਕ ਘੱਟ ਯੂਨੀਵਰਸਿਟੀ ਹੈ।

## ਅਜੈ ਭਟਨਾਗਰ ਨੂੰ ਸੀ ਬੀ ਆਈ ਦਾ ਸਪੈਸ਼ਲ ਡਾਇਰੈਕਟਰ ਬਣਾਇਆ

**ਨਵੀਂ ਦਿੱਲੀ :** ਸੀਨੀਅਰ ਆਈ ਪੀ ਐੱਸ ਅਧਿਕਾਰੀ ਅਜੈ ਭਟਨਾਗਰ ਨੂੰ ਪਰਸੋਨਲ ਮੰਤਰਾਲੇ ਦੇ ਹੁਕਮਾਂ ਅਨੁਸਾਰ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) 'ਚ ਵਿਸ਼ੇਸ਼ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਭਟਨਾਗਰ, ਝਾਰਖੰਡ ਕੇਡਰ ਦੇ 1989 ਬੈਚ ਦੇ ਭਾਰਤੀ ਪੁਲਸ ਸੇਵਾ (ਆਈ ਪੀ ਐੱਸ) ਅਧਿਕਾਰੀ ਹਨ ਤੇ ਇਸ ਵੇਲੇ ਏਜੰਸੀ 'ਚ ਐਡੀਸ਼ਨਲ ਡਾਇਰੈਕਟਰ ਹਨ। ਉਹ 20 ਨਵੰਬਰ 2024 ਨੂੰ ਸੇਵਾਮੁਕਤ ਹੋਣਗੇ। ਸੀ ਬੀ ਆਈ 'ਚ ਜੁਆਇੰਟ ਡਾਇਰੈਕਟਰ ਅਨੁਰਾਗ ਹੁਣ ਐਡੀਸ਼ਨਲ ਡਾਇਰੈਕਟਰ ਹੋਣਗੇ। ਉਨ੍ਹਾ ਦੀ ਨਿਯੁਕਤੀ 24 ਜੁਲਾਈ 2023 ਤੱਕ ਲਈ ਹੈ। ਗੁਜਰਾਤ ਕੇਡਰ ਦੇ 1994 ਬੈਚ ਦੇ ਆਈ ਪੀ ਐੱਸ ਅਧਿਕਾਰੀ ਮਨੋਜ ਸ਼ਸ਼ੀਧਰ ਨੂੰ ਵੀ ਤਿੰਨ ਸਾਲਾਂ ਲਈ ਸੀ ਬੀ ਆਈ 'ਚ ਐਡੀਸ਼ਨਲ ਡਾਇਰੈਕਟਰ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਉਹ ਇਸ ਸਮੇਂ ਜਾਂਚ ਏਜੰਸੀ 'ਚ ਜਾਇੰਟ ਡਾਇਰੈਕਟਰ ਹਨ।

# ਚੰਦਰਸ਼ੇਖਰ 'ਤੇ ਕਾਤਲਾਨਾ ਹਮਲਾ

**ਸਹਾਰਨਪੁਰ :** ਯੂ ਪੀ ਦੇ ਸਹਾਰਨਪੁਰ ਦੇ ਦਿਓਬੰਦ 'ਚ ਬੁੱਧਵਾਰ ਭੀਮ ਆਰਮੀ ਚੀਫ ਚੰਦਰਸ਼ੇਖਰ ਆਜ਼ਾਦ 'ਤੇ ਜਾਨਲੇਵਾ ਹਮਲਾ ਹੋਇਆ। ਹਰਿਆਣਾ ਨੰਬਰ ਦੀ ਗੱਡੀ 'ਚ ਆਏ ਹਮਲਾਵਰਾਂ ਨੇ ਚਾਰ ਗੋਲੀਆਂ ਚਲਾਈਆਂ, ਜਿਨ੍ਹਾਂ ਵਿਚੋਂ ਇਕ ਉਨ੍ਹਾ ਦੇ ਢਿੱਡ ਨੂੰ ਛੂਹ ਕੇ ਨਿਕਲੀ। ਉਨ੍ਹਾ ਦੀ ਕਾਰ ਦੇ ਸ਼ੀਸ਼ੇ ਟੁੱਟ ਗਏ। ਹਸਪਤਾਲ 'ਚ ਉਨ੍ਹਾ ਦੇ ਹਮਾਇਤੀ ਵੱਡੀ ਗਿਣਤੀ 'ਚ ਪੁੱਜ ਗਏ ਸਨ। ਐਡਵੋਕੇਟ ਚੰਦਰਸ਼ੇਖਰ ਨੇ ਸਤੀਸ਼ ਕੁਮਾਰ ਤੇ ਵਿਨੈ ਰਤਨ ਸਿੰਘ ਨਾਲ ਮਿਲ ਕੇ 2014 ਵਿਚ ਭੀਮ ਆਰਮੀ ਦੀ ਸਥਾਪਨਾ ਕੀਤੀ ਸੀ। ਇਹ ਜਥੇਬੰਦੀ ਸਿੱਖਿਆ ਦੇ ਮਾਧਿਅਮ ਨਾਲ ਦਲਿਤ ਹਿੰਦੂਆਂ ਦੀ ਮੁਕਤੀ ਲਈ ਕੰਮ ਕਰਦੀ ਹੈ ਤੇ ਪੱਛਮੀ ਯੂ ਪੀ ਵਿਚ ਦਲਿਤਾਂ ਲਈ ਮੁਫਤ ਸਕੂਲ ਚਲਾਉਂਦੀ ਹੈ। ਹਮਲੇ ਦੀ ਸੂਚਨਾ ਚੰਦਰਸ਼ੇਖਰ ਦੇ ਸਿਆਸੀ ਪਾਰਟੀ 'ਆਜ਼ਾਦ ਸਮਾਜ ਪਾਰਟੀ' ਨੇ ਟਵੀਟ ਕਰਕੇ ਦਿੱਤੀ। ਉਸ ਨੇ ਕਿਹਾ—ਦਿਓਬੰਦ 'ਚ ਕੌਮੀ ਪ੍ਰਧਾਨ ਚੰਦਰਸ਼ੇਖਰ ਆਜ਼ਾਦ 'ਤੇ ਜਾਨਲੇਵਾ ਹਮਲਾ ਹੋਇਆ ਹੈ। ਇਹ ਬਹੁਜਨ ਮਿਸ਼ਨ ਮੂਵਮੈਂਟ ਨੂੰ ਰੋਕਣ ਦਾ ਬੁਜ਼ਦਿਲਾਨਾ ਕਾਰਾ ਹੈ। ਮੁਲਜ਼ਮਾਂ ਦੀ ਫੌਰੀ ਗ੍ਰਿਫਤਾਰੀ, ਸਖਤ ਕਾਰਵਾਈ ਤੇ ਚੰਦਰਸ਼ੇਖਰ ਆਜ਼ਾਦ ਦੀ ਸੁਰੱਖਿਆ ਦੀ ਮੰਗ ਕਰਦੇ ਹਾਂ। ਹਮਲਾਵਰਾਂ ਦੀ ਕਾਰ ਇਕ ਥਾਂ ਸੀ ਸੀ ਟੀ ਵੀ 'ਚ ਨਜ਼ਰ ਆਈ। ਪੁਲਸ ਨੇ ਕਿਹਾ ਕਿ ਹਮਲਾਵਰਾਂ ਨੂੰ ਫੜਨ ਲਈ ਨਾਕਾਬੰਦੀ ਕਰ ਦਿੱਤੀ ਗਈ ਹੈ। ਹਮਾਇਤੀਆਂ ਨੇ ਪੁਲਸ ਨੂੰ ਦੱਸਿਆ ਕਿ ਚੰਦਰਸ਼ੇਖਰ ਸਮਾਜ ਦੇ ਇਕ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਫਾਰਚੂਨਰ ਵਿਚ ਦਿਓਬੰਦ ਆਏ ਸਨ।



## 'ਆਪ' ਵੱਲੋਂ ਯੂ ਸੀ ਸੀ ਦੀ ਸਿਧਾਂਤਕ ਹਮਾਇਤ

**ਨਵੀਂ ਦਿੱਲੀ :** ਆਮ ਆਦਮੀ ਪਾਰਟੀ ਨੇ ਬੁੱਧਵਾਰ ਸਾਂਝੇ ਸਿਵਲ ਕੋਡ (ਯੂ ਸੀ ਸੀ) ਨੂੰ ਆਪਣਾ ਸਿਧਾਂਤਕ ਸਮਰਥਨ ਦਿੱਤਾ, ਪਰ ਕਿਹਾ ਕਿ ਇਸ ਨੂੰ ਸਾਰੀਆਂ ਸੰਬੰਧਤ ਧਿਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਹੀ ਸਹਿਮਤੀ ਨਾਲ ਲਿਆਂਦਾ ਜਾਣਾ ਚਾਹੀਦਾ ਹੈ। 'ਆਪ' ਦੇ ਕੌਮੀ ਜਨਰਲ ਸਕੱਤਰ (ਸੰਗਠਨ) ਸੰਦੀਪ ਪਾਠਕ ਨੇ ਕਿਹਾ ਕਿ ਸਰਕਾਰ ਨੂੰ ਇਸ ਤਜਵੀਜ਼ 'ਤੇ ਸਿਆਸੀ ਪਾਰਟੀਆਂ ਅਤੇ ਗੈਰ-ਸਿਆਸੀ ਸੰਗਠਨਾਂ ਸਮੇਤ ਸਾਰੇ ਭਾਈਵਾਲਾਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਇਸੇ ਦੌਰਾਨ ਦੇਸ਼ ਵਿਚ ਮੁਸਲਮਾਨਾਂ ਦੀ ਸਭ ਤੋਂ ਵੱਡੀ ਧਾਰਮਕ ਸੰਸਥਾ ਆਲ ਇੰਡੀਆ ਮੁਸਲਮ ਪਰਸਨਲ ਲਾਅ ਬੋਰਡ ਨੇ ਮੀਟਿੰਗ ਕੀਤੀ ਅਤੇ ਸਾਂਝੇ ਸਿਵਲ ਕੋਡ (ਯੂ ਸੀ ਸੀ) ਦਾ ਵਿਰੋਧ ਜਾਰੀ ਰੱਖਣ ਦਾ ਫੈਸਲਾ ਕਰਦੇ ਹੋਏ ਕਿਹਾ ਕਿ ਉਹ ਕਾਨੂੰਨ ਕਮਿਸ਼ਨ ਕੋਲ ਇਸ ਸੰਬੰਧੀ ਆਪਣੀਆਂ ਦਲੀਲਾਂ ਹੋਰ ਜ਼ੋਰਦਾਰ ਢੰਗ ਨਾਲ ਪੇਸ਼ ਕਰੇਗਾ। ਇਹ ਆਨਲਾਈਨ ਮੀਟਿੰਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਂਝੇ ਸਿਵਲ ਕੋਡ (ਯੂ ਸੀ ਸੀ) ਦੀ ਜ਼ੋਰਦਾਰ ਵਕਾਲਤ ਕਰਨ ਤੋਂ ਕੁਝ ਘੰਟਿਆਂ ਬਾਅਦ ਹੋਈ।

## 14 ਦੀ ਮੁਹਾਲੀ ਰੈਲੀ ਦੀ ਤਿਆਰੀ ਲਈ ਪੰਜਾਬ ਏਟਕ ਦੀ 4 ਨੂੰ ਅਹਿਮ ਮੀਟਿੰਗ





**ਪਟਿਆਲਾ :** ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਮੁਲਾਜ਼ਮ, ਮਜ਼ਦੂਰ ਅਤੇ ਗਰੀਬ ਵਰਗ ਵਿਰੋਧੀ ਨੀਤੀਆਂ, ਜਬਰ ਅਤੇ ਆਰਥਕ ਸ਼ੋਸ਼ਣ ਦੇ ਵਿਰੁੱਧ ਪੰਜਾਬ ਦੀਆਂ ਪ੍ਰਮੁੱਖ ਜਥੇਬੰਦੀਆਂ ਵਲੋਂ 14 ਜੁਲਾਈ ਨੂੰ ਮੁਹਾਲੀ ਵਿਖੇ ਲੇਬਰ ਭਵਨ ਦੇ ਸਾਹਮਣੇ ਵਿਸ਼ਾਲ ਰੋਸ ਰੈਲੀ ਅਤੇ ਮੁਜਾਹਰਾ ਕੀਤਾ ਜਾਵੇਗਾ। ਜਿਹਨਾਂ ਜਥੇਬੰਦੀਆਂ ਵੱਲੋਂ ਇਹ ਰੈਲੀ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚ ਏਟਕ, ਇੰਟਕ, ਐੱਚ ਐੱਮ ਐੱਸ ਅਤੇ ਸੀ ਟੀ ਯੂ ਪੰਜਾਬ ਨਾਲ ਸੰਬੰਧਤ ਸੈਂਕੜੇ ਯੂਨੀਅਨਜ਼ ਸ਼ਾਮਲ ਹਨ। ਜਿਨ੍ਹਾਂ ਮੰਗਾਂ ਨੂੰ ਲੈ ਕੇ ਇਹ ਰੋਸ ਰੈਲੀ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚ ਘੱਟੋ-ਘੱਟ ਉਜਰਤ 26000 ਰੁਪਏ ਕਰਨਾ, ਕੰਟਰੈਕਟ ਅਤੇ ਆਊਟ ਸੋਰਸ ਵਰਕਰਾਂ ਨੂੰ ਰੈਗੂਲਰ ਕਰਨਾ, ਚਾਰੇ ਲੇਬਰ ਕੋਡਜ਼ ਰੱਦ ਕਰਨਾ, ਭੱਠਾ ਵਰਕਰਾਂ, ਨਰੇਗਾ ਕਾਮਿਆਂ ਦੀਆਂ ਮੰਗਾਂ, ਉਸਾਰੀ ਕਿਰਤੀਆਂ ਦੀਆਂ ਮੰਗਾਂ, ਨਿੱਜੀਕਰਨ ਰੋਕਣਾ, ਸਕੀਮ ਵਰਕਰਾਂ, ਆਸ਼ਾ ਵਰਕਰਜ਼, ਆਂਗਣਵਾੜੀ ਅਤੇ ਮਿਡ ਡੇ ਮੀਲ ਕਾਮਿਆਂ ਨੂੰ ਵਰਕਰ ਦਾ ਦਰਜਾ ਦੇ ਕੇ ਘੱਟੋ-ਘੱਟ ਉਜਰਤਾਂ ਦੇ ਦਾਇਰੇ ਵਿੱਚ ਲੈ ਕੇ ਆਉਣਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਘਰੇਲੂ ਵਰਕਰਜ਼ ਦੀ ਭਲਾਈ ਲਈ ਬੋਰਡ ਦਾ ਗਠਨ ਕਰਨਾ, ਮਹਿੰਗਾਈ ਰੋਕਣਾ, ਸਮਾਜਕ ਸੁਰੱਖਿਆ ਸਕੀਮਾਂ ਦੇ ਲਾਭ ਲੋੜਵੰਦਾਂ ਨੂੰ ਬਿਨਾਂ ਭੇਦਭਾਵ ਤੋਂ ਮਿਲਣਾ ਯਕੀਨੀ ਬਣਾਏ ਜਾਣਾ ਆਦਿ ਸ਼ਾਮਲ ਹਨ।

● ਬਾਕੀ ਸਫ਼ਾ 2 'ਤੇ

## ਗਦਾਈਆ 'ਤੇ ਹਮਲਾ ਹੰਕਾਰੀ ਮਾਨਸਿਕਤਾ ਦੀ ਅਹਿਮਕਾਨਾ ਹਰਕਤ : ਬਰਾੜ

**ਸ਼ਾਹਕੋਟ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਪਿੰਡ ਸੁੱਖੇਵਾਲ (ਨਾਭਾ) ਦੀ ਸਰਪੰਚ ਦੇ ਹੈਂਕੜਬਾਜ਼ ਪਤੀ ਅਤੇ ਹੋਰਨਾਂ ਵੱਲੋਂ ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨਾਲ ਕੀਤੀ ਧੱਕਾਮੁੱਕੀ ਅਤੇ ਜਾਤੀ ਹੰਕਾਰ ਦੇ ਅਹਿਮਕਾਨਾ ਪ੍ਰਗਟਾਵੇ ਦੀ ਸਖਤ ਸਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਹ ਪੰਜਾਬ ਦੀ ਮਜ਼ਦੂਰ ਲਹਿਰ ਨੂੰ ਚੈਲਿੰਜ ਕਰਨ ਵਰਗੀ ਹਰਕਤ ਹੈ। ਉਨ੍ਹਾ ਕਿਹਾ ਕਿ ਨਰੇਗਾ ਸਕੀਮ ਖੱਬੀਆਂ ਧਿਰਾਂ ਦੇ ਸੰਘਰਸ਼ ਦਾ ਸਿੱਟਾ ਹੈ। ਯੂ ਪੀ ਏ ਸਰਕਾਰ ਵੇਲੇ ਕਮਿਊਨਿਸਟ ਪਾਰਟੀਆਂ ਨੇ ਆਪਣੀਆਂ ਤਰਜੀਹਾਂ ਦੀ ਪਹਿਲ ਵਜੋਂ ਇਸ ਸਕੀਮ ਨੂੰ ਲਾਗੂ ਕਰਵਾਇਆ ਸੀ। ਇਸ ਸਕੀਮ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਤਾਂ ਮਜ਼ਦੂਰਾਂ ਦੇ ਠੰਢੇ ਚੁੱਲ੍ਹਿਆਂ ਨੂੰ ਗਰਮ ਕਰਨ ਲਈ ਇਹ ਸਕੀਮ ਸਹਾਈ ਹੋ ਸਕਦੀ ਹੈ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਗਰੀਬ ਲੋਕਾਂ ਲਈ ਬਣਾਈ ਗਈ ਇਸ ਸਕੀਮ ਵਿੱਚੋਂ ਭ੍ਰਿਸ਼ਟ ਕਿਸਮ ਦੇ ਅਧਿਕਾਰੀ ਪਿੰਡਾਂ ਦੇ ਕੁਝ ਧਨਾਢ ਹੈਂਕੜਬਾਜ਼ਾਂ ਨਾਲ ਮਿਲ ਕੇ ਆਪਣੇ ਮੁਨਾਫਿਆਂ ਵਿੱਚ ਵਾਧਾ ਕਰਨ ਦੇ ਆਹਰ ਵਿੱਚ ਹਨ। ਕਮਿਊਨਿਸਟ ਆਗੂ ਨੇ ਕਿਹਾ ਕਿ ਮਜ਼ਦੂਰ ਲਹਿਰ ਇਸ ਘਟੀਆ ਖੇਡ ਨੂੰ ਰੋਕਣ ਲਈ ਦ੍ਰਿੜ੍ਹ ਹੈ। ਇਸੇ ਦ੍ਰਿੜ੍ਹਤਾ ਵਿੱਚੋਂ ਹੀ ਕਸ਼ਮੀਰ ਸਿੰਘ ਗਦਾਈਆ ਵਰਗੇ ਆਗੂ ਸੰਘਰਸ਼ਰਤ ਹਨ।

ਕਸ਼ਮੀਰ ਸਿੰਘ ਗਦਾਈਆ ਨਾਲ ਕੀਤਾ ਗਿਆ ਦੁਰਵਿਹਾਰ ਉਸੇ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਿਹੜੀ ਹਮੇਸ਼ਾ ਮਜ਼ਦੂਰ ਹੱਕਾਂ ਦੇ ਵਿਰੋਧ ਵਿੱਚ ਖੜ੍ਹਦੀ ਹੈ। ਸ੍ਰੀ ਬਰਾੜ ਨੇ ਕਿਹਾ ਕਿ ਸਾਥੀ ਗਦਾਈਆਂ ਨੂੰ ਇਨਸਾਫ ਦਿਵਾਉਣ ਅਤੇ ਪਿੰਡ ਸੁੱਖੇਵਾਲ ਦੀ ਸਰਪੰਚ ਦੇ ਪਤੀ ਤੇ ਹੋਰਨਾਂ ਵਿਰੁੱਧ ਕਰਵਾਈ ਕਰਵਾਉਣ ਤੱਕ ਸੀ ਪੀ ਆਈ ਸੰਘਰਸ਼ ਜਾਰੀ ਰੱਖੇਗੀ। ਉਨ੍ਹਾ ਕਿਹਾ ਕਿ ਇਸੇ ਸੰਘਰਸ਼ ਦੀ ਕੜੀ ਵਜੋਂ 30 ਜੂਨ ਨੂੰ ਨਾਭਾ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।

## ਸ਼ਾਹ ਦੇ ਬੇਟੇ ਨੂੰ ਸਿਰਫ ਗੁਜਰਾਤ ਦਿਸਦੈ : ਟੀ ਐੱਮ ਸੀ

**ਨਵੀਂ ਦਿੱਲੀ :** ਤ੍ਰਿਣਮੂਲ ਕਾਂਗਰਸ ਦੇ ਬੁਲਾਰੇ ਸਾਕੇਤ ਗੋਖਲੇ ਨੇ ਦੋਸ਼ ਲਾਇਆ ਹੈ ਕਿ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਸਕੱਤਰ ਜੈ ਸ਼ਾਹ ਨੇ ਇਹ ਯਕੀਨੀ ਬਣਾਇਆ ਕਿ 5 ਅਕਤੂਬਰ ਤੋਂ ਸ਼ੁਰੂ ਹੋ ਰਹੇ ਕ੍ਰਿਕਟ ਵਿਸ਼ਵ ਕੱਪ ਲਈ ਸਟੇਡੀਅਮ ਦੀ ਚੋਣ 'ਚ ਗੁਜਰਾਤ ਨੂੰ ਦੂਜੇ ਰਾਜਾਂ ਨਾਲੋਂ ਪਹਿਲ ਦਿੱਤੀ ਜਾਵੇ, ਕਿਉਂਕਿ ਉਹ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੁੱਤਰ ਹਨ। ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਅਤੇ ਮੇਜ਼ਬਾਨ ਭਾਰਤੀ ਕ੍ਰਿਕਟ ਬੋਰਡ (ਬੀ ਸੀ ਸੀ ਆਈ) ਨੇ ਮੰਗਲਵਾਰ ਨੂੰ ਵਿਸ਼ਵ ਕੱਪ ਦੇ ਪ੍ਰੋਗਰਾਮ ਦਾ ਐਲਾਨ ਕੀਤਾ ਤੇ ਕੁਝ ਵਿਰੋਧੀ ਨੇਤਾਵਾਂ ਨੇ ਇਸ ਪ੍ਰੋਗਰਾਮ 'ਚ ਸਿਆਸੀ ਦਖਲਅੰਦਾਜ਼ੀ ਹੋਣ ਦਾ ਦੋਸ਼ ਲਗਾਇਆ। ਉਨ੍ਹਾਂ ਅਹਿਮਦਾਬਾਦ ਨੂੰ ਵੱਡੇ ਮੈਚਾਂ ਦੀ ਮੇਜ਼ਬਾਨੀ ਦੇ

● ਬਾਕੀ ਸਫ਼ਾ 2 'ਤੇ

## ਮੁਹਾਲੀ 'ਚ ਮੈਚ ਨਾ ਕਰਾਉਣ ਬਾਰੇ ਸ਼ੁਕਲਾ ਦੀ ਸਫਾਈ

**ਲੰਡਨ :** ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਉਪ ਪ੍ਰਧਾਨ ਰਾਜੀਵ ਸ਼ੁਕਲਾ ਨੇ ਕਿਹਾ ਕਿ ਹਾਲ ਹੀ 'ਚ ਜਾਰੀ ਆਈ ਸੀ ਸੀ ਕ੍ਰਿਕਟ ਵਿਸ਼ਵ ਕੱਪ ਦੇ ਪ੍ਰੋਗਰਾਮ 'ਚ ਬਹੁਤ ਸਾਰੇ ਕੇਂਦਰਾਂ ਅਤੇ ਜ਼ੋਨਾਂ ਨੂੰ ਸ਼ਾਮਲ ਕੀਤਾ ਗਿਆ ਹੈ, ਪਰ ਪੰਜਾਬ ਦੇ ਮੁਹਾਲੀ ਸਥਿਤ ਸਟੇਡੀਅਮ ਨੂੰ ਇੱਕ ਵੀ ਮੈਚ ਨਾ ਮਿਲਣ ਦਾ ਕਾਰਨ ਇਹ ਹੈ ਕਿ ਇਹ ਸਟੇਡੀਅਮ ਆਈ ਸੀ ਸੀ ਦੇ ਮਾਪਦੰਡਾਂ 'ਤੇ ਖਰਾ ਨਹੀਂ ਉਤਰਦਾ। ਸ਼ੁਕਲਾ ਦਾ ਇਹ ਬਿਆਨ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਮੁਹਾਲੀ ਨੂੰ ਵਿਸ਼ਵ ਕੱਪ ਪ੍ਰੋਗਰਾਮ 'ਚੋਂ ਬਾਹਰ ਕਰਨ 'ਤੇ ਇਤਰਾਜ਼ ਉਠਾਉਣ ਤੋਂ ਇਕ ਦਿਨ ਬਾਅਦ ਆਇਆ ਹੈ। ਮੰਤਰੀ ਨੇ ਦੋਸ਼ ਲਗਾਇਆ ਸੀ ਕਿ ਸਿਆਸੀ ਦਖਲਅੰਦਾਜ਼ੀ ਕਾਰਨ ਪੰਜਾਬ ਨੂੰ ਮੈਚ ਨਹੀਂ ਮਿਲਿਆ।

## ਕੈਨੇਡਾ ਤੋਂ ਅਮਰੀਕਾ ਬੰਦੇ ਸਮੱਗਲ ਕਰਨ ਵਾਲੇ ਜਸਪਾਲ ਸਿੰਘ ਨੂੰ ਸਜ਼ਾ

**ਨਿਊ ਯਾਰਕ :** 49 ਸਾਲਾ ਭਾਰਤੀ-ਅਮਰੀਕੀ ਵਿਅਕਤੀ ਨੂੰ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਸਰਹੱਦ ਪਾਰ ਕਰਵਾ ਕੇ ਅਮਰੀਕਾ ਦਾਖਲ ਕਰਨ ਦੇ ਦੋਸ਼ 'ਚ ਤਿੰਨ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਹੈ। ਕੈਲੀਫੋਰਨੀਆ ਦੇ ਐਲਕ ਗਰੋਵ ਦੇ ਰਜਿੰਦਰ ਪਾਲ ਸਿੰਘ ਉਰਫ ਜਸਪਾਲ ਗਿੱਲ ਨੂੰ ਸਿਆਟਲ ਦੀ ਜ਼ਿਲ੍ਹਾ ਅਦਾਲਤ ਨੇ ਸਜ਼ਾ ਸੁਣਾਈ। ਗਿੱਲ ਨੇ ਫਰਵਰੀ 'ਚ ਦੋਸ਼ ਕਬੂਲ ਕੀਤਾ ਸੀ ਤੇ ਮੰਨਿਆ ਸੀ ਕਿ ਉਸ ਨੇ ਤਸਕਰੀ ਗਰੋਹ ਦੇ ਪ੍ਰਮੁੱਖ ਮੈਂਬਰ ਵਜੋਂ ਇਸ ਕੰਮ ਲਈ 5,00000 ਡਾਲਰ ਤੋਂ ਵੱਧ ਲਏ ਸਨ। ਉਹ ਭਾਰਤੀਆਂ ਨੂੰ ਨਾਜਾਇਜ਼ ਢੰਗ ਨਾਲ ਅਮਰੀਕਾ 'ਚ ਦਾਖਲ ਕਰਾਉਣ ਲਈ ਉਬੇਰ ਦੀ ਵਰਤੋਂ ਕਰਦਾ ਸੀ। ਚਾਰ ਸਾਲਾਂ ਦੇ ਅਰਸੇ 'ਚ ਉਸ ਨੇ 800 ਤੋਂ ਵੱਧ ਲੋਕਾਂ ਨੂੰ ਅਮਰੀਕਾ 'ਚ ਲਿਆਂਦਾ।

## ਅੱਜ-ਨਾਮਾ

ਪੜ੍ਹਦੇ ਟਾਈਮ ਦਾ ਟੇਬਲ ਨਾ ਚੰਦ-ਸੂਰਜ,
ਕੁਦਰਤੀ ਰੰਗ ਦੇ ਨਾਲ ਹੀ ਵਹਿਣ ਮੀਆਂ।
ਕਤਾਰਾਂ ਤੋੜ ਕੇ ਮੂਹਰੇ ਨਹੀਂ ਕੋਈ ਲੱਗਦਾ,
ਨਾ ਤਰਤੀਬ ਤੋਂ ਪਿੱਛੇ ਕੋਈ ਰਹਿਣ ਮੀਆਂ।
ਆਉਂਦੀ ਕਦੀ ਜੇ ਖਬਰ ਤਾਂ ਗਲਤ ਹੁੰਦੀ,
ਆਪੋ ਵਿੱਚ ਕੋਈ ਲੱਗੇ ਸੀ ਖਹਿਣ ਮੀਆਂ।
ਕੋਲੋ-ਕੋਲ ਦੀ ਆਪਸ ਵਿੱਚ ਨਿਕਲ ਜਾਂਦੇ,
ਜਾਂਦਾ ਕੋਈ ਨਹੀਂ ਕਿਸੇ ਨੂੰ ਕਹਿਣ ਮੀਆਂ।
ਦਿੱਤਾ ਕੁਦਰਤ ਸੀ ਇੱਕ ਦਿਮਾਗ ਜਿਸ ਨੂੰ,
ਤੋੜਦਾ ਉਹੋ ਪਿਆ ਸਿਰਫ ਕਤਾਰ ਮੀਆਂ।
ਪਿੱਛੋਂ ਆਖਣਗੇ, ਪਤਾ ਨਹੀਂ ਹੋ ਗਿਆ ਕੀ,
ਹੋਇਆ ਉਹੋ, ਜੋ ਕਰੇ 'ਕਰਤਾਰ' ਮੀਆਂ।

-ਤੀਸ ਮਾਰ ਖਾਂ

## ਦੁੱਖਾਂ ਦਾ ਅੰਤ ਨਹੀਂ ਹੋ ਰਿਹਾ

**ਭੁਬਨੇਸ਼ਵਰ :** ਓਡੀਸ਼ਾ 'ਚ 2 ਜੂਨ ਦੇ ਰੇਲ ਹਾਦਸੇ ਦੇ ਪੀੜਤਾਂ ਦੇ ਪਰਵਾਰਾਂ ਦੇ ਦੁੱਖਾਂ ਦਾ ਕੋਈ ਅੰਤ ਨਹੀਂ, ਕਿਉਂਕਿ ਹਾਦਸੇ ਦੇ ਚਾਰ ਹਫਤਿਆਂ ਬਾਅਦ ਵੀ ਉਹ ਆਪਣੇ ਕਰੀਬੀਆਂ ਦੀਆਂ ਲਾਸ਼ਾਂ ਲੈਣ ਲਈ ਇੰਤਜ਼ਾਰ ਕਰ ਰਹੇ ਹਨ। ਹਾਦਸੇ 'ਚ ਕਰੀਬ 300 ਜਾਨਾਂ ਗਈਆਂ ਸਨ। ਬਿਹਾਰ ਦੇ ਬੇਗੂਸਰਾਏ ਦੇ ਪਿੰਡ ਬਾਰੀ-ਬਲੀਆ ਦੀ ਬਸੰਤੀ ਦੇਵੀ ਆਪਣੇ ਪਤੀ ਦੀ ਲਾਸ਼ ਦਾ ਦਾਅਵਾ ਕਰਨ ਲਈ 10 ਦਿਨਾਂ ਤੋਂ ਏਮਜ਼ ਦੇ ਨੇੜੇ ਗੈੱਸਟ ਹਾਊਸ ਵਿਚ ਹੈ। ਉਸ ਨੇ ਦਾਅਵਾ ਕੀਤਾ ਕਿ ਅਧਿਕਾਰੀਆਂ ਨੇ ਉਸ ਨੂੰ ਹਾਲੇ ਤੱਕ ਨਹੀਂ ਦੱਸਿਆ ਕਿ ਲਾਸ਼ ਕਦੋਂ ਮਿਲੇਗੀ। ਅਜਿਹਾ ਹਾਲ ਪੂਰਨੀਆਂ ਦੇ ਰਹਿਣ ਵਾਲੇ ਨਰਾਇਣ ਰਿਸ਼ੀਦੇਵ ਦਾ ਹੈ, ਜੋ 4 ਜੂਨ ਤੋਂ ਆਪਣੇ ਪੋਤੇ ਸੂਰਜ ਕੁਮਾਰ ਦੀ ਲਾਸ਼ ਲੈਣ ਦਾ

● ਬਾਕੀ ਸਫ਼ਾ 2 'ਤੇ




# ਭਾਜਪਾ-ਕਾਂਗਰਸ ਕੌਂਸਲਰਾਂ ਦਾ ਗੋਆ ਟੂਰ ਭ੍ਰਿਸ਼ਟਾਚਾਰ ਦਾ ਟੂਰ : ਆਪ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਆਮ ਆਦਮੀ ਪਾਰਟੀ (ਆਪ) ਨੇ ਚੰਡੀਗੜ੍ਹ ਦੇ ਭਾਜਪਾ ਅਤੇ ਕਾਂਗਰਸੀ ਕੌਂਸਲਰਾਂ ਦੇ 'ਗੋਆ ਸਟੱਡੀ ਟੂਰ' ਨੂੰ ਟੈਕਸਦਾਤਾਵਾਂ ਦੇ ਪੈਸੇ ਦੀ ਬਰਬਾਦੀ ਕਰਾਰ ਦਿੰਦਿਆਂ ਕਿਹਾ ਕਿ ਇਹ ਭ੍ਰਿਸ਼ਟਾਚਾਰ ਅਤੇ ਲਾਬਿੰਗ ਦੌਰੇ ਵਾਂਗ ਹੈ, ਜਿਸ ਵਿੱਚ ਭਾਜਪਾ ਡੱਡੂਮਾਜਰਾ ਡੰਪਿੰਗ ਗਰਾਊਂਡ ਦਾ ਠੇਕਾ ਦੇਣ ਲਈ ਕਾਂਗਰਸੀ ਕੌਂਸਲਰਾਂ ਦੀ ਹਮਾਇਤ ਹਾਸਲ ਕਰਨ ਵਾਸਤੇ ਉਨ੍ਹਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਹੈ।

'ਆਪ' ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਡੱਡੂਮਾਜਰਾ ਡੰਪਿੰਗ ਗਰਾਊਂਡ ਸੁੰਦਰ ਸ਼ਹਿਰ ਚੰਡੀਗੜ੍ਹ ਲਈ ਵੱਡਾ ਮੁੱਦਾ ਹੈ। ਇਹ 17 ਸਾਲਾਂ ਤੋਂ ਉੱਥੇ ਹੈ ਅਤੇ ਦਿਨ-ਬ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਡੰਪਿੰਗ ਗਰਾਊਂਡ ਨੂੰ ਸਾਫ ਕਰਨ ਦੇ ਨਾਂਅ 'ਤੇ ਕਾਂਗਰਸ ਅਤੇ ਭਾਜਪਾ ਨੇ ਕਰੋੜਾਂ ਰੁਪਏ ਦਾ ਚੂਨਾ ਲਗਾਇਆ ਹੈ। ਲੋਕਾਂ ਦੇ ਪੈਸੇ ਨੂੰ ਲੁੱਟਣ ਲਈ ਕਈ ਵਾਰ ਠੇਕੇ ਦਿੱਤੇ ਗਏ, ਪਰ ਹਮੇਸ਼ਾ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ ਦਿੱਤੇ ਗਏ। ਕੰਗ ਨੇ ਕਿਹਾ ਕਿ ਠੇਕੇ ਸਦਨ ਵਿੱਚ ਵਿਚਾਰ-ਵਟਾਂਦਰੇ ਤੋਂ ਬਾਅਦ ਹੀ ਦਿੱਤੇ ਜਾਣ।

ਕੰਗ ਨੇ ਕਿਹਾ ਕਿ ਚੰਡੀਗੜ੍ਹ ਨਿਗਮ ਵਿੱਚ ਹਮੇਸ਼ਾ ਦੀ ਤਰ੍ਹਾਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਭਾਜਪਾ-ਕਾਂਗਰਸ ਦੇ ਕੌਂਸਲਰ, ਸੰਸਦ ਮੈਂਬਰ ਕਿਰਨ ਖੇਰ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ, ਸਾਰੇ ਇਸ ਦਾ ਹਿੱਸਾ ਹਨ ਅਤੇ, ਹੁਣ ਇਹ 'ਗੋਆ ਸਟੱਡੀ ਟੂਰ' ਟੈਕਸਦਾਤਾਵਾਂ ਦੇ ਪੈਸੇ ਨੂੰ ਲੁੱਟਣ ਦਾ ਇਕ ਹੋਰ ਤਰੀਕਾ ਹੈ। ਉਹਨਾ ਕਿ ਇਸ ਦੌਰੇ 'ਤੇ ਭਾਜਪਾ ਅਤੇ ਕਾਂਗਰਸ ਦੇ ਕੌਂਸਲਰ, ਭਾਜਪਾ-ਕਾਂਗਰਸ ਦੇ ਸਮਰਥਕ ਅਤੇ 9 ਅਧਿਕਾਰੀ ਹਨ। ਉਨ੍ਹਾ ਸਵਾਲ ਕੀਤਾ ਕਿ ਜਦੋਂ ਟੈਕਸ ਦੇਣ ਵਾਲੇ ਬਿੱਲ ਭਰ ਰਹੇ ਹਨ ਤਾਂ ਏਨੀ ਵੱਡੀ ਟੀਮ ਨੂੰ ਅਧਿਐਨ ਦੌਰੇ ਲਈ ਲਿਜਾਣ ਦੀ ਕੀ ਲੋੜ ਸੀ? 9 ਅਫਸਰਾਂ ਨੂੰ ਅਜਿਹੇ ਦੌਰੇ 'ਤੇ ਕਿਉਂ ਲੈ ਕੇ ਗਏ? ਡੱਡੂਮਾਜਰਾ ਦੇ ਕਿਸੇ ਵੀ ਵਿਅਕਤੀ ਨੂੰ ਇਸ ਦੌਰੇ ਲਈ ਸ਼ਾਮਲ ਕਿਉਂ ਨਹੀਂ ਕੀਤਾ ਗਿਆ, ਜਦੋਂ ਕਿ ਉਹ ਇੱਥੇ ਸਭ ਤੋਂ ਗੰਭੀਰ ਮੁੱਦੇ ਦਾ ਸਾਹਮਣਾ ਕਰ ਰਹੇ ਹਨ?

ਉਹਨਾ ਨਾਲ 'ਆਪ' ਐੱਲ ਓ ਪੀ ਦਮਨਪ੍ਰੀਤ ਸਿੰਘ ਅਤੇ ਡੱਡੂਮਾਜਰਾ ਦੇ ਕੌਂਸਲਰ ਕੁਲਦੀਪ ਸਿੰਘ ਟੀਟਾ ਵੀ ਮੌਜੂਦ ਸਨ। ਪ੍ਰੈੱਸ ਕਾਨਫਰੰਸ ਵਿੱਚ ਕੌਂਸਲਰ ਅੰਜੂ ਕਤਿਆਲ, ਪ੍ਰੇਮ ਲਤਾ, ਨੇਹਾ, ਜਸਵਿੰਦਰ ਕੌਰ, ਯੋਗੇਸ ਢੀਂਗਰਾ, ਸੁਮਨ, ਰਾਮ ਚੰਦਰ ਯਾਦਵ ਅਤੇ ਲਖਬੀਰ ਸਿੰਘ ਵੀ ਹਾਜ਼ਰ ਸਨ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਆਗੂ ਦਮਨਪ੍ਰੀਤ ਨੇ ਕਿਹਾ ਕਿ ਇਸ ਦੌਰੇ ਵਿੱਚ ਭਾਜਪਾ ਅਤੇ ਕਾਂਗਰਸ ਦੇ ਕੌਂਸਲਰ ਨਾਲ ਉਨ੍ਹਾਂ ਦੇ ਜੀਵਨ ਸਾਥੀ ਵੀ ਸ਼ਾਮਲ ਹਨ। ਚੰਡੀਗੜ੍ਹ ਦੇ ਕਰਦਾਤਾ ਇਨ੍ਹਾਂ ਲੋਕਾਂ ਦੀ ਯਾਤਰਾ ਦਾ ਖਰਚਾ ਕਿਉਂ ਅਦਾ ਕਰਨ। ਡੱਡੂਮਾਜਰਾ ਡੰਪਿੰਗ ਗਰਾਊਂਡ ਇਸ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਵਿੱਚ ਕੈਂਸਰ ਸਮੇਤ ਕਈ ਬਿਮਾਰੀਆਂ ਦਾ ਕਾਰਨ ਬਣਿਆ ਹੋਇਆ ਹੈ। ਦਮਨਪ੍ਰੀਤ ਨੇ ਕਿਹਾ ਕਿ ਇਸ ਮੁੱਦੇ ਨੂੰ ਹੱਲ ਕਰਨ ਲਈ ਪਹਿਲਾਂ ਕੋਈ ਪਹਿਲਕਦਮੀ ਕਿਉਂ ਨਹੀਂ ਕੀਤੀ ਗਈ, ਅਸੀਂ ਅਜਿਹੇ ਬੇਕਾਰ ਦੌਰਿਆਂ ਰਾਹੀਂ ਜਨਤਾ ਦੇ ਪੈਸੇ ਦੀ ਬਰਬਾਦੀ ਦੀ ਨਿੰਦਾ ਕਰਦੇ ਹਾਂ। ਉਨ੍ਹਾ ਕਿਹਾ ਕਿ ਇਹ ਸਟੱਡੀ ਟੂਰ ਨਹੀਂ, ਸਗੋਂ ਲਾਬਿੰਗ ਟੂਰ ਹੈ, ਜਿੱਥੇ ਭਾਜਪਾ ਕਾਂਗਰਸ ਵਿਧਾਇਕਾਂ ਦੀ ਹਮਾਇਤ ਅਤੇ ਉਨ੍ਹਾਂ ਦੀਆਂ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਡੱਡੂਮਾਜਰਾ ਦੇ ਨੁਮਾਇੰਦੇ ਕੌਂਸਲਰ ਕੁਲਦੀਪ ਸਿੰਘ ਟੀਟਾ ਨੇ ਦੱਸਿਆ ਕਿ ਉਨ੍ਹਾ ਗਵਰਨਰ ਨੂੰ ਡੱਡੂਮਾਜਰਾ ਦੇ ਰਿਹਾਇਸ਼ੀ ਖੇਤਰ ਵਿੱਚ ਕੂੜਾ ਪ੍ਰੋਸੈਸਿੰਗ ਪਲਾਂਟ ਨਾ ਲਗਾਉਣ ਦੀ ਬੇਨਤੀ ਵੀ ਕੀਤੀ ਸੀ, ਪਰ ਉਨ੍ਹਾ ਕੋਈ ਸੁਣਵਾਈ ਨਹੀਂ ਕੀਤੀ। ਰਿਹਾਇਸ਼ੀ ਖੇਤਰ ਦੇ ਨੇੜੇ ਪਲਾਂਟ ਲਗਾਉਣ ਨਾਲ ਇੱਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਵਧ ਸਕਦੀਆਂ ਹਨ, ਜੋ ਪਹਿਲਾਂ ਹੀ ਡੰਪਿੰਗ ਗਰਾਊਂਡ ਕਾਰਨ ਇੱਥੇ ਹਵਾ, ਪਾਣੀ ਅਤੇ ਜ਼ਮੀਨੀ ਪ੍ਰਦੂਸ਼ਣ ਦੇ ਖਤਰਨਾਕ ਪੱਧਰ ਦਾ ਸਾਹਮਣਾ ਕਰ ਰਹੇ ਹਨ।

## ਵੈਟਰਨਰੀ ਅਫ਼ਸਰਾਂ ਦੀ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਗੁਰਮੀਤ ਸਿੰਘ ਖੁੱਡੀਆਂ ਦਾ ਸਵਾਗਤ



**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)**-ਨਵ ਨਿਯੁਕਤ ਵੈਟਰਨਰੀ ਅਫਸਰਾਂ ਦੀ ਪੇਅ ਪੈਰਿਟੀ ਬਹਾਲੀ ਨੂੰ ਲੈ ਕੇ ਬਣੀ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਨਵੇਂ ਬਣੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਮਹਿਕਮੇ ਵਿੱਚ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਇਹ ਵਡੇਰੀ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਦਿੱਤੀ। ਇਸ ਮੌਕੇ ਐਕਸ਼ਨ ਕਮੇਟੀ ਦੇ ਸੂਬਾ ਕਨਵੀਨਰ ਡਾ. ਰਜਿੰਦਰ ਸਿੰਘ ਅਤੇ ਕੋ ਕਨਵੀਨਰ ਡਾ. ਗੁਰਚਰਨ ਸਿੰਘ ਦੀ ਅਗਵਾਈ ਹੇਠ ਐਕਸ਼ਨ ਕਮੇਟੀ ਦੇ ਇੱਕ ਪੰਜਾਬ ਪੱਧਰੀ ਵਫ਼ਦ ਨੇ ਪੇਅ ਪੈਰਿਟੀ ਦੇ ਮਸਲੇ 'ਤੇ ਗੁਰਮੀਤ ਸਿੰਘ ਖੁੱਡੀਆਂ ਨਾਲ ਸੰਖੇਪ ਮੀਟਿੰਗ ਵੀ ਕੀਤੀ, ਜਿਸ ਵਿੱਚ ਮੰਤਰੀ ਜੀ ਨੇ ਇਸ ਮਸਲੇ 'ਤੇ ਅਗਲੀ ਵਿਸਥਾਰੀ ਮੀਟਿੰਗ ਜਲਦੀ ਹੀ ਚੰਡੀਗੜ੍ਹ ਵਿਖੇ ਕਰਨ ਦਾ ਭਰੋਸਾ ਦਿਵਾਇਆ। ਐਕਸ਼ਨ ਕਮੇਟੀ ਦੇ ਸੂਬਾ ਸਕੱਤਰ ਡਾ. ਸੁਰਜੀਤ ਸਿੰਘ ਮੱਲ ਤੇ ਜ਼ਿਲ੍ਹਾ ਆਰਗੇਨਾਈਜ਼ਰ ਡਾ. ਪ੍ਰਸ਼ੋਤਮ ਸਿੰਘ ਨੇ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਨੇ ਵੈਟਰਨਰੀ ਅਫ਼ਸਰਾਂ ਦੀ ਮੈਡੀਕਲ ਅਫ਼ਸਰਾਂ ਨਾਲ ਲੰਮੇ ਸਮੇ ਤੋਂ ਚੱਲੀ ਆਉਂਦੀ ਪੇਅ ਪੈਰਿਟੀ ਤੋੜ ਦਿੱਤੀ ਸੀ। ਇਸ ਪੇਅ ਪੈਰਿਟੀ ਨੂੰ ਮੁੜ ਬਹਾਲ ਕਰਾਉਣ ਲਈ ਐਕਸ਼ਨ ਕਮੇਟੀ ਪਿਛਲੇ ਸਵਾ ਸਾਲ ਤੋਂ ਅਪੀਲ ਦਲੀਲ ਨਾਲ ਮੌਜੂਦਾ ਸਰਕਾਰ ਨਾਲ ਗੱਲ ਬਾਤ ਚਲਾ ਰਹੀ ਹੈ, ਪਰ ਹਾਲੇ ਤੱਕ ਉਨ੍ਹਾਂ ਨੂੰ ਲਾਰਿਆਂ ਤੋਂ ਸਿਵਾ ਕੁੱਛ ਨਹੀਂ ਮਿਲਿਆ। ਪਰ ਹੁਣ ਮਹਿਕਮਾ ਪਸ਼ੂ ਪਾਲਣ ਦੀ ਵਾਗਡੋਰ ਗੁਰਮੀਤ ਸਿੰਘ ਖੁੱਡੀਆਂ ਦੇ ਹੱਥ ਆਉਣ ਨਾਲ ਵੈਟਰਨਰੀ ਅਫ਼ਸਰਾਂ ਨੂੰ ਇਨਸਾਫ਼ ਮਿਲਣ ਦੀ ਇੱਕ ਵਾਰ ਫਿਰ ਆਸ ਬੱਝੀ ਹੈ।

## ਐੱਸ ਡੀ ਐੱਮ ਨੇ ਸਿਵਲ ਹਸਪਤਾਲ ਤੇ ਨਸ਼ਾ ਛੁਡਾਊ ਕੇਂਦਰ ਦਾ ਕੀਤਾ ਦੌਰਾ



**ਜਗਰਾਉਂ (ਸੰਜੀਵ ਅਰੋੜਾ)**-ਸਥਾਨਕ ਐਸ. ਡੀ. ਐਮ. ਮਨਜੀਤ ਕੌਰ ਨੇ ਵਿਸ਼ਵ ਨਸ਼ਾ ਮੁਕਤੀ ਦਿਵਸ ਨੂੰ ਸਮਰਪਿਤ ਸਿਵਲ ਹਸਪਤਾਲ ਜਗਰਾਉਂ ਅਤੇ ਰੈੱਡ ਕਰਾਸ ਸੁਸਾਇਟੀ 'ਚ ਬਣੇ ਨਸ਼ਾ ਛੁਡਾਊ ਕੇਂਦਰਾਂ ਦਾ ਦੌਰਾ ਕੀਤਾ ਗਿਆ ਅਤੇ ਨਸ਼ਾ ਛੁਡਾਊ ਕੇਂਦਰਾਂ 'ਤੇ ਦਵਾਈ ਲੈਣ ਆਏ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੇਵਨ ਕਰਨ ਨਾਲ ਜਿੱਥੇ ਵਿਅਕਤੀਆਂ ਦਾ ਸਰੀਰਿਕ ਨੁਕਸਾਨ ਹੁੰਦਾ ਹੈ, ਉੱਥੇ ਉਹ ਅਪਰਾਧੀ ਬਣ ਜਾਂਦੇ ਹਨ। ਉਨ੍ਹਾਂ ਕਿਹਾ ਕਿ ਨਸ਼ੇ ਦੀ ਦਲਦਲ 'ਚ ਫਸੇ ਵਿਅਕਤੀਆਂ ਦਾ ਕੁਦਰਤੀ ਚੀਜ਼ਾਂ ਅਤੇ ਆਪਣੇ ਪਰਵਾਰਾਂ ਨਾਲ ਮੋਹ ਘਟ ਜਾਂਦਾ ਹੈ ਅਤੇ ਉਨ੍ਹਾਂ ਦੇ ਸੋਚਣ ਸ਼ਕਤੀ ਆਪਣੇ ਤੱਕ ਅਤੇ ਨਸ਼ਿਆਂ ਦੀ ਪੂਰਤੀ ਤੱਕ ਹੀ ਸੀਮਤ ਰਹਿ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨਸਾਨ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਕੁਦਰਤੀ ਸਰੋਤਾਂ ਨਾਲ ਪਿਆਰ ਨਸ਼ਿਆਂ ਦੀ ਦਲਦਲ 'ਚ ਫਸੇ ਵਿਅਕਤੀਆਂ ਨੂੰ ਬਾਹਰ ਨਿਕਲਣ 'ਚ ਸਹਾਈ ਹੁੰਦਾ ਹੈ। ਉਨ੍ਹਾਂ ਮੌਕੇ 'ਤੇ ਮੌਜੂਦ ਵਿਅਕਤੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਧਿਆਨ ਨਸ਼ਿਆਂ ਨੂੰ ਛੱਡ ਕੇ ਕੰਮਾਂ ਵੱਲ ਦੇਣ ਅਤੇ ਮਿਹਨਤ ਕਰਕੇ ਆਪਣੇ ਪਰਵਾਰਾਂ ਦਾ ਧਿਆਨ ਰੱਖਣ। ਇਸ ਮੌਕੇ ਤਹਿਸੀਲਦਾਰ ਮਨਮੋਹਨ ਕੌਸ਼ਿਕ ਵੀ ਹਾਜ਼ਰ ਸਨ।

## ਬੈਂਕ ਅਧਿਕਾਰੀ ਬਕਾਇਆ ਕਰਜ਼ਾ ਦਰਖ਼ਾਸਤਾਂ ਦਾ ਸਮਾਂਬੱਧ ਨਿਪਟਾਰਾ ਕਰਨ : ਡਿਪਟੀ ਕਮਿਸ਼ਨਰ



**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਰਿਸ਼ੀਪਾਲ ਸਿੰਘ ਨੇ ਜ਼ਿਲ੍ਹੇ ਦੇ ਬੈਂਕਾਂ ਦੇ ਕੰਮਕਾਜ ਦਾ ਜਾਇਜ਼ਾ ਲੈਣ ਲਈ ਸਮੂਹ ਬੈਂਕ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਇਸ ਦੌਰਾਨ ਵੱਖ ਵੱਖ ਲੋਕ ਭਲਾਈ ਸਕੀਮਾਂ ਲਈ ਬੈਂਕਾਂ ਵੱਲੋਂ ਮੁਹੱਈਆ ਕਰਵਾਏ ਜਾਣ ਵਾਲੇ ਕਰਜ਼ੇ ਦੇ ਟੀਚੇ ਅਤੇ ਟੀਚਿਆਂ ਦੀ ਪ੍ਰਾਪਤੀ ਦਾ ਜਾਇਜ਼ਾ ਲਿਆ। ਉਨ੍ਹਾਂ ਸਮੂਹ ਬੈਂਕ ਅਧਿਕਾਰੀਆਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਅਤੇ ਕਰਜ਼ਿਆਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਦੇਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਬੈਂਕ ਅਧਿਕਾਰੀ ਕਰਜ਼ਾ ਲੈਣ ਵਾਲੇ ਉਦਮੀਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਕਰਨ ਤਾਂ ਜੋ ਉਹ ਉਤਸ਼ਾਹਿਤ ਹੋ ਕੇ ਕੰਮ ਕਰ ਸਕਣ। ਡਿਪਟੀ ਕਮਿਸ਼ਨਰ ਨੇ ਸਮੂਹ ਬੈਂਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਕਾਇਆ ਕਰਜ਼ਾ ਦਰਖ਼ਾਸਤਾਂ ਦਾ ਸਮਾਂਬੱਧ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਸਾਲ 2023-24 ਲਈ ਐਨੂਅਲ ਕਰੈਡਿਟ ਪਲਾਨ ਜਾਰੀ ਕੀਤਾ। ਇਸ ਮੌਕੇ ਆਰ.ਬੀ.ਆਈ. ਤੋਂ ਸੰਜੀਵ ਸਿੰਘ, ਜਨਰਲ ਮੈਨੇਜਰ ਉਦਯੋਗ ਨੀਰਜ ਕੁਮਾਰ ਸੇਤੀਆ, ਲੀਡ ਬੈਂਕ ਮੈਨੇਜਰ ਵਿਜੇ ਕੁਮਾਰ ਗੁਪਤਾ, ਨਾਬਾਰਡ ਤੋਂ ਸਤੀਸ਼ ਕੁਮਾਰ, ਮਦਨ ਲਾਲ (ਲੀਡ ਬੈਂਕ ਮਾਨਸਾ) ਤੋਂ ਇਲਾਵਾ ਸਮੂਹ ਬੈਂਕਾਂ ਦੇ ਅਧਿਕਾਰੀ ਮੌਜੂਦ ਸਨ।

## ਹੰਬੜਾਂ-ਲਾਡੋਵਾਲ ਰੋਡ 'ਤੇ ਪਏ ਖੱਡੇ ਦੇ ਰਹੇ ਨੇ ਹਾਦਸਿਆਂ ਨੂੰ ਸੱਦਾ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਹੰਬੜਾਂ-ਲਾਡੋਵਾਲ ਰੋਡ ਕਰੋੜਾਂ ਰੁਪਏ ਖਰਚ ਕਰਕੇ ਬਣਾਈ ਗਈ ਸੀ। ਇਸ ਸੜਕ ਰਾਹੀਂ ਮੁੱਲਾਂਪੁਰ-ਹੰਬੜਾ-ਲਾਡੋਵਾਲ ਜਲੰਧਰ ਹਰ ਕਿਸਮ ਦੀ ਟ੍ਰੈਫਿਕ ਆਉਂਦੀ ਜਾਂਦੀ ਹੈ। ਇਸ ਦੇ ਨਾਲ ਹੀ ਮੁੱਲਾਂਪੁਰ ਦਾਖਾ ਕਸਬਾ ਵਿਚ ਕਈ ਪ੍ਰਾਈਵੇਟ ਸਕੂਲਾਂ ਦੀਆਂ ਬੱਸਾਂ ਬੱਚਿਆਂ ਨੂੰ ਘਰ ਤੋਂ ਸਕੂਲ ਅਤੇ ਸਕੂਲ ਤੋਂ ਘਰ ਛੱਡ ਕੇ ਜਾਂਦੀਆਂ ਹਨ। ਇਸ ਸੜਕ ਦੀ ਦੇਖ ਰੇਖ ਪੰਜਾਬ ਮੰਡੀ ਬੋਰਡ ਜਾਂ ਪੀ ਡਬਲਯੂ ਡੀ ਬੀ ਐਂਡ ਅਗਰ ਪਾਸ ਹੋ ਸਕਦੀ ਹੈ। ਇਸ ਰੋਡ ਦੀ ਸ੍ਰੀ ਗੁਰੂ ਨਾਨਕ ਪਬਲਿਕ ਸਕੂਲ ਦੇ ਲੱਗਭੱਗ ਦਸ ਗਜ਼ ਦੀ ਦੂਰੀ 'ਤੇ ਸੜਕ 'ਤੇ ਲੱਗੀ ਚਿੱਟੀ ਪੱਟੀ ਦੇ ਹੇਠ ਤੱਕ ਵੱਡੇ-ਵੱਡੇ ਖੱਡੇ ਪਏ ਹੋਏ ਹਨ। ਕੋਈ ਵੀ ਗੱਡੀ ਜਾਂ ਬੱਚਿਆਂ ਵਾਲੀ ਬੱਸ ਕਿਸੇ ਵੇਲੇ ਵੀ ਹਾਦਸਾ ਗ੍ਰਸਤ ਹੋ ਸਕਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਸੇ ਵੀ ਵਾਪਰਨ ਵਾਲੀ ਘਟਨਾ ਨੂੰ ਰੋਕਣ ਲਈ ਇਹ ਖੱਡ ਟੋਬੇ ਭਰਨੇ ਚਾਹੀਦੇ ਹਨ।

## ਬਾਬਾ ਬਲਜੀਤ ਸਿੰਘ ਵੱਲੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਨਾਨਕਸਰ ਸੰਪਰਦਾਇ ਦੇ ਗੁਰਦੁਆਰਾ ਨਾਨਕਸਰ ਠਾਠ ਸੇਲਵਾਲਾ ਵਿਖੇ ਪਹੁੰਚ ਕੇ ਗੁਰਦੁਆਰਾ ਸਾਹਿਬ ਦੇ ਮੁਖੀ ਬਾਬਾ ਬਲਜੀਤ ਸਿੰਘ ਤੋਂ ਅਸ਼ੀਰਵਾਦ ਹਾਸਲ ਕੀਤਾ। ਇਸ ਦੌਰਾਨ ਬਾਬਾ ਬਲਜੀਤ ਸਿੰਘ ਵੱਲੋਂ ਹਲਕਾ ਵਿਧਾਇਕ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਨਮਾਨ ਹਾਸਲ ਕਰਨ ਉਪਰੰਤ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਦਾ ਕੋਈ ਕੰਮ ਨਹੀਂ ਕੀਤਾ। ਇਸ ਕਰਕੇ ਹਲਕਾ ਸ਼ੁਤਰਾਣਾ ਵਿਕਾਸ ਪੱਖੋਂ ਬੇਹੱਦ ਪੱਛੜ ਗਿਆ ਹੈ। ਉਨਾਂ ਕਿਹਾ ਕਿ ਉਹ ਲਗਾਤਾਰ ਹਲਕੇ ਦਾ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹਨ। ਉਨਾਂ ਬਾਬਾ ਬਲਜੀਤ ਸਿੰਘ ਵੱਲੋਂ ਕੀਤਾ ਗਿਆ। ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਬਿਨਾਂ ਕਿਸੇ ਲੋਭ ਲਾਲਚ ਤੋਂ ਸਮਾਜ ਦੇ ਸਾਰੇ ਵਰਗਾਂ ਲਈ ਕੰਮ ਕਰਨ ਦੀ ਇੱਛਾ ਰੱਖਦੇ ਹਨ ਅਤੇ ਆਪਣੇ ਇਸ ਆਸ਼ੇ ਦੀ ਪੂਰਤੀ ਲਈ ਉਹ ਸੰਤਾਂ ਤੋਂ ਅਸ਼ੀਰਵਾਦ ਹਾਸਲ ਕਰਨ ਲਈ ਪਹੁੰਚੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨਾਂ ਨਾਲ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ, ਸੀਨੀਅਰ ਆਗੂ ਹਿਟਲਰ ਸਿੰਘ ਵਿਰਕ ਅਤੇ ਅਮਨ ਮਨੇਸ਼ ਆਦਿ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨ ਵੈੱਲਫ਼ੇਅਰ ਐਸੋਸੀਏਸ਼ਨ ਧੂਰੀ ਦਾ ਵਫ਼ਦ ਸਿਹਤ ਮੰਤਰੀ ਪੰਜਾਬ ਨੂੰ ਮਿਲਿਆ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜਨ ਵੈਲਫ਼ੇਅਰ ਐਸੋਸੀਏਸ਼ਨ ਧੂਰੀ ਦਾ ਵਫ਼ਦ ਪ੍ਰਧਾਨ ਜਗਦੀਸ਼ ਸ਼ਰਮਾ, ਗੁਰਦੀਪ ਸਿੰਘ, ਚਰਨਜੀਤ ਸਿੰਘ ਅਤੇ ਬਲਰਾਮ ਬਾਂਸਲ ਦੀ ਅਗਵਾਈ ਹੇਠ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੂੰ ਸਿਵਲ ਹਸਪਤਾਲ ਧੂਰੀ ਵਿਖੇ ਮਿਲਿਆ। ਇਸ ਮੌਕੇ ਤੇ ਡਾ. ਪਰਮਿੰਦਰ ਕੌਰ, ਸਿਵਲ ਸਰਜਨ ਸੰਗਰੂਰ ਅਤੇ ਐਸ.ਐਮ.ਓ ਸਿਵਲ ਹਸਪਤਾਲ ਧੂਰੀ ਤੋਂ ਇਲਾਵਾ ਚੰਡੀਗੜ੍ਹ ਤੋਂ ਸਿਹਤ ਮੰਤਰੀ ਨਾਲ ਆਏ ਆਲਾ ਅਫਸਰ ਮੌਜੂਦ ਸਨ। ਮੰਤਰੀ ਜੀ ਨੂੰ ਮੰਗ ਪੱਤਰ ਰਾਹੀਂ ਹਸਪਤਾਲ ਵਿੱਚ ਮਰੀਜਾਂ ਦੀ ਹੋ ਰਹੀ ਖੱਜਲ ਖੁਆਰੀ, ਸਾਫ਼ ਸਫ਼ਾਈ ਅਤੇ ਸਰਜਰੀ, ਅੱਖਾਂ ਤੇ ਚਮੜੀ ਆਦਿ ਡਾਕਟਰਾਂ ਦੀਆਂ ਅਣਹੋਂਦ ਕਰਕੇ ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜਾਂ ਦੀ ਹੋ ਰਹੀ ਲੁੱਟ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਗਈ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪ੍ਰਧਾਨ ਜਗਦੀਸ਼ ਸ਼ਰਮਾ, ਹਰਜਿੰਦਰ ਸਿੰਘ ਅਤੇ ਸਰਬਜੀਤ ਸਿੰਘ ਨੇ ਦੱਸਿਆ ਕਿ ਹਸਪਤਾਲ ਵਿੱਚ ਦੋ ਵਜੇ ਤੋਂ ਬਾਅਦ ਕੋਈ ਡਾਕਟਰ ਨਹੀਂ ਹੁੰਦਾ। ਹਸਪਤਾਲ ਡਾਕਟਰ ਰਹਿਤ ਹੁੰਦਾ ਹੈ। ਦੰਦਾਂ ਦੇ ਡਾਕਟਰ ਕੇਵਲ ਸਾਲ ਵਿੱਚ ਦੋ ਵਾਰ ਹੀ ਡੈਂਚਰ ਮਰੀਜ਼ਾਂ ਨੂੰ ਲਗਾਉਂਦੇ ਹਨ, ਬਾਕੀ ਸਮੇਂ ਵਿੱਚ ਦੰਦ ਕੱਢੇ ਹੀ ਜਾਂਦੇ ਹਨ। ਹਸਪਤਾਲ ਵਿੱਚ ਅੱਖਾਂ ਦੇ ਲੈਂਜ਼ ਪੁਆਉਣ, ਪੀਸੀਏ ਅਤੇ ਅਲਟਰਾਸਾਊਂਡ ਆਦਿ ਜ਼ਰੂਰੀ ਟੈਸਟਾਂ ਦਾ ਪ੍ਰਬੰਧ ਨਹੀਂ ਹੈ, ਜਿਸ ਕਰਕੇ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਤੇ ਕਸ਼ਟ ਝੱਲਣਾ ਪੈਂਦਾ ਹੈ। ਮੰਤਰੀ ਵੱਲੋਂ ਮੰਗਾਂ ਤੇ ਖੁੱਲ 'ਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਾਰੀਆਂ ਕਮੀਆਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਮੁਕਰ, ਇੰਦਰਜੀਤ ਸ਼ਰਮਾ, ਜਸਵੰਤ ਸਿੰਘ, ਜਸਦੇਵ ਸਿੰਘ ਆਦਿ ਵੀ ਹਾਜ਼ਰ ਸਨ।

## ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਬੀਤੇ ਦਿਨੀਂ ਪੰਜਾਬ ਨਰਸਿੰਗ ਰਜਿਸਟਰੇਸ਼ਨ ਕੌਂਸਲ ਵੱਲੋਂ ਏ. ਐਨ. ਐਮ ਭਾਗ ਪਹਿਲਾ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹਾਲੀ ਦੀ ਏ. ਐਨ. ਐਮ ਭਾਗ ਪਹਿਲਾ ਦੀ ਵਿਦਿਆਰਥਣ ਆਸਥਾ ਬਿਸ਼ਵਕਰਮਾ ਪੁੱਤਰੀ ਸੰਜੇ ਨੇ 800 ਵਿੱਚੋਂ 690 ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹਾਲੀ ਦੀ ਏ. ਐਨ. ਐਮ ਭਾਗ ਪਹਿਲੇ ਦੀ ਵਿਦਿਆਰਥਣ ਰੋਜ਼ੀ ਪੁੱਤਰੀ ਹਰਮੀਤ ਪੁਰੀ ਨੇ 683 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ ਪ੍ਰਾਪਤ ਕੀਤਾ। ਵਰਨਣਯੋਗ ਹੈ ਕਿ ਏ. ਐਨ. ਐਮ ਭਾਗ ਪਹਿਲਾ ਵਿੱਚ ਕੁੱਲ 5915 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਕਿਰਨ ਬੱਤਰਾ ਨੇ ਇਹਨਾਂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਕਾਲਜ ਚੇਅਰਮੈਨ ਤੇਗਬੀਰ ਸਿੰਘ ਵਾਲੀਆ, ਡਾਇਰੈਕਟਰ ਜਸਵਿੰਦਰ ਕੌਰ ਵਾਲੀਆ, ਡਾਇਰੈਕਟਰ ਫਾਇਨੈਂਸ ਜਪਨੀਤ ਕੌਰ ਵਾਲੀਆ ਨੇ ਇਹਨਾਂ ਵਿਦਿਆਰਥਣਾਂ ਨੂੰ ਉਹਨਾਂ ਦੀ ਇਸ ਕਾਮਯਾਬੀ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਦਿਆਰਥਣਾਂ ਨੇ ਆਪਣੀ ਕਾਮਯਾਬੀ ਦਾ ਸਿਹਰਾ ਕਾਲਜ ਦੀ ਮੈਨੇਜਮੈਂਟ, ਅਧਿਆਪਕਾਂ ਦੀ ਸਖਤ ਮਿਹਨਤ ਅਤੇ ਮਾਤਾ ਪਿਤਾ ਦੇ ਆਸ਼ੀਰਵਾਦ ਦੇ ਸਿਰ ਬੰਨ੍ਹਿਆ। ਵਿਦਿਆਰਥਣਾਂ ਨੇ ਇਹ ਵੀ ਕਿਹਾ ਕਿ ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹਾਲੀ ਵਿਖੇ ਪੜ੍ਹਾਈ ਦੇ ਨਾਲ ਨਾਲ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਵੱਲ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ।

# ਯਾਦਗਾਰੀ ਹੋ ਨਿੱਬੜੀ ਬੁੰਗਾ ਨਾਨਕਸਰ ਸਾਹਿਬ ਤੋਂ ਸ਼ੁਰੂ ਹੋਈ ਦਸਵੀਂ ਧਾਰਮਕ ਬੱਸ ਯਾਤਰਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਕਲੱਬ ਤਲਵੰਡੀ ਸਾਬੋ ਵੱਲੋਂ ਬੁੰਗਾ ਨਾਨਕਸਰ ਸਾਹਿਬ ਰਵਿਦਾਸੀਆ ਸਿੰਘਾ ਮੋਰਚਾ ਫਤਿਹ ਹੋਣ ਦੀ ਖ਼ੁਸ਼ੀ ਵਿੱਚ ਸਾਰੀਆਂ ਸੰਗਤਾਂ, ਮਹਾਂਪੁਰਸ਼ਾਂ ਦਾ ਧੰਨਵਾਦ ਕਰਨ ਲਈ ਬੱਸ ਯਾਤਰਾ 23-24-25 ਜੂਨ ਨੂੰ ਕੀਤੀ ਗਈ। ਬੱਸ ਯਾਤਰਾ ਨੂੰ ਨੀਲੀ ਝੰਡੀ ਸਰਦਾਰ ਕੁਲਦੀਪ ਸਿੰਘ ਸਰਦੂਲਗੜ੍ਹ ਵਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀਆਂ ਧਾਰਮਿਕ ਬੱਸ ਯਾਤਰਾਵਾਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਸਮਾਜ ਨੂੰ ਆਪਣੇ ਪੁਰਖਿਆਂ ਦੇ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ ਹੈ ਉਨ੍ਹਾਂ ਨੇ ਮੋਰਚੇ ਵਿਚ ਸਹਿਯੋਗ ਕਰਨ ਵਾਲੀਆਂ ਸਾਰੀਆਂ ਜੱਥੇਬੰਦੀਆਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਦੀ ਸੇਵਾ ਲਈ ਫਰੂਟ ਭੇਟ ਕਰਕੇ ਨੀਲੀ ਝੰਡੀ ਦਿੱਤੀ।

ਯਾਤਰਾ ਦੀ ਅਗਵਾਈ ਬਾਬਾ ਧਰਮ ਸਿੰਘ, ਪ੍ਰਧਾਨ ਮਲਕੀਤ ਸਿੰਘ, ਕਰਮ ਸਿੰਘ ਮਹਿਮੀ ਨੇ ਕੀਤੀ। ਪੂਰੀ ਯਾਤਰਾ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਦਿਖਾਉਣ ਲਈ ਵਿਸ਼ੇਸ਼ ਤੌਰ 'ਤੇ ਰਾਜ ਕੌਲ ਵੱਲੋਂ "ਬਾਣੀ ਲਿਖਣ ਦੀ ਲੋੜ ਕਿਉਂ ਪਈ" ਚੈਨਲ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਬੱਸ ਯਾਤਰਾ ਬੁੰਗਾ ਨਾਨਕਸਰ ਸਾਹਿਬ ਤੋਂ ਸ਼ੁਰੂ ਹੋ ਭਗਵਾਨ ਵਾਲਮੀਕਿ ਤੀਰਥ, ਤਰਨਤਾਰਨ ਸਾਹਿਬ, ਡੇਰਾ ਸਵਾਮੀ ਜਗਤ ਗਿਰੀ ਆਸ਼ਰਮ ਪਠਾਨਕੋਟ, ਡੇਰਾ ਧੰਨ ਧੰਨ ਬਾਬਾ ਫੂਲ ਨਾਥ ਜੀ ਚਹੇੜੂ, ਡੇਰਾ ਸੰਤ ਬਾਬਾ ਸਰਵਣ ਦਾਸ ਜੀ ਮਹਾਂਰਾਜ ਸੱਚਖੰਡ ਬੱਲਾਂ, ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ, ਡੇਰਾ ਸੱਚਖੰਡ ਪੰਡਵਾਂ, ਸ਼੍ਰੋਮਣੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ, ਗੁਰਦੁਵਾਰਾ ਸ੍ਰੀ ਗੁਰੂ ਰਵਿਦਾਸ ਜੀ ਕਪੂਰਥਲਾ, ਸ੍ਰੀ ਗੁਰੂ ਰਵਿਦਾਸ ਭਵਨ, ਸੁਲਤਾਨਪੁਰ ਲੋਧੀ, ਗੁਰਦੁਆਰਾ ਬੇਰ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਤਲਵੰਡੀ ਸਾਬੋ ਪਹੁੰਚੀ। ਸਮੁੱਚੇ ਬਹੁਜਨ ਸਮਾਜ ਦੇ ਸੰਤਾਂ ਮਹਾਪੁਰਸ਼ਾਂ, ਬਾਈ ਜੱਸੀ ਤੱਲਣ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ, ਗੁਰੂ ਰਵਿਦਾਸ ਅਤੇ ਭਗਵਾਨ ਵਾਲਮੀਕਿ ਮਹਾਂਰਾਜ ਦੇ ਨਾਮ ਤੇ ਬਣੀਆਂ ਸਾਰੀਆ ਜੱਥੇਬੰਦੀਆਂ ਅਤੇ ਸਮੂਹ ਸੰਗਤਾਂ ਦਾ ਬਹੁਤ ਹੀ ਵੱਡਾ ਯੋਗਦਾਨ ਹੈ। ਬੱਸ ਯਾਤਰਾ ਦੀਆ ਸੰਗਤਾਂ ਅਤੇ ਅਹੁਦੇਦਾਰਾਂ ਵੱਲੋਂ ਧੰਨਵਾਦ ਕੀਤਾ ਗਿਆ। ਕਰਮ ਸਿੰਘ ਮਹਿਮੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬੱਸ ਯਾਤਰਾ ਨੂੰ ਸੰਗਤਾਂ ਨੇ ਰੋਕ ਰੋਕ ਕੇ ਜੀ ਆਇਆਂ ਨੂੰ ਆਖਿਆ ਗਿਆ ਅਤੇ ਲੰਗਰ ਲਗਾਏ ਗਏ ਜਿਸ ਤਹਿਤ ਭੀਮ ਆਰਮੀ ਬਠਿੰਡਾ, ਡਾ. ਹਰਪ੍ਰੀਤ ਕੌਰ, ਤਰਕਸ਼ੀਲ ਕਮੇਟੀ ਬਠਿੰਡਾ, ਬਾਬਾ ਕਰਮ ਚੰਦ ਡੇਰਾ ਗਿੱਲਪੱਤੀ, ਪੀ.ਪੀ ਹਰਜੀਤ ਸਿੰਘ ਫਿੱਡੇ ਕਲਾਂ, ਜਸਵਿੰਦਰ ਕਰੜਾ ਤੇ ਸਮੁੱਚੀ ਟੀਮ ਡਾਕਟਰ ਭੀਮ ਰਾਓ ਅੰਬੇਡਕਰ ਲਾਇਬ੍ਰੇਰੀ ਖੋਜੇਵਾਲ, ਭੈਣ ਸੁਨੀਤਾ ਰਾਣੀ ਸੁਲਤਾਨਪੁਰ ਲੋਧੀ, ਸ੍ਰੀ ਗੁਰੂ ਰਵਿਦਾਸ ਸਭਾ ਰੇਲ ਕੋਚ ਫੈਕਟਰੀ ਕਪੂਰਥਲਾ, ਸ੍ਰੀ ਗੁਰੂ ਰਵਿਦਾਸ ਭਵਨ ਸੁਲਤਾਨਪੁਰ ਲੋਧੀ ਅਤੇ ਅਨੇਕਾਂ ਸੰਗਤਾਂ ਨੇ ਯਾਤਰਾ ਨੂੰ ਜੀ ਆਇਆਂ ਨੂੰ ਕਿਹਾ। ਬਾਬਾ ਧਰਮ ਸਿੰਘ ਨੇ ਸਹਿਯੋਗੀ ਜਥੇਬੰਦੀਆ ਮਹਾਂਪੁਰਸ਼ਾਂ ਅਤੇ ਸੰਗਤਾਂ, ਬਾਣੀ ਲਿਖਣ ਦੀ ਲੋੜ ਕਿਉਂ ਪਈ ਚੈਨਲ, ਸਰਦਾਰ ਕੁਲਦੀਪ ਸਿੰਘ ਸਰਦੂਲਗੜ੍ਹ, ਜੱਸੀ ਤੱਲਣ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਜਸਵੀਰ ਸਿੰਘ, ਮਲਕੀਤ ਸਿੰਘ, ਤੇਜੀ ਸਿੰਘ, ਰਿੰਕੂ ਸਿੰਘ ਮਿਠੜੀ, ਸੁਖਜਿੰਦਰ ਸਿੰਘ ਯੋਗੀ, ਜਗਦੇਵ ਸਿੰਘ ਮਹਿਮੀ, ਨੱਥਾ ਸਿੰਘ, ਰਵੀ ਕੋਟਕਪੂਰਾ, ਸੁਰਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

## ਨੇਮ ਚੰਦ ਚੌਧਰੀ ਦੇ ਡਾਇਰੈਕਟਰ ਬਣਨ 'ਤੇ ਵਰਕਰਾਂ ਨੇ ਲੱਡੂ ਵੰਡੇ



**ਸਰਦੂਲਗੜ੍ਹ (ਅਵਤਾਰ ਜਟਾਣਾ)**
ਪੰਜਾਬ ਸਰਕਾਰ ਵੱਲੋਂ ਸਰਦੂਲਗੜ੍ਹ ਦੇ ਆਮ ਆਦਮੀ ਪਾਰਟੀ ਦੇ ਪੁਰਾਣੇ, ਮਿਹਨਤੀ ਤੇ ਇਮਾਨਦਾਰ ਆਗੂ ਨੇਮ ਚੰਦ ਚੌਧਰੀ ਨੂੰ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮ. ਪਟਿਆਲਾ ਦਾ ਡਾਇਰੈਕਟਰ ਬਣਾਉਣ 'ਤੇ ਹਲਕਾ ਸਰਦੂਲਗੜ੍ਹ 'ਚ ਆਪ ਵਰਕਰਾਂ ਤੇ ਆਮ ਲੋਕਾਂ 'ਚ ਭਾਰੀ ਖ਼ੁਸ਼ੀ ਪਾਈ ਜਾ ਰਹੀ ਹੈ। ਆਪ ਵਰਕਰਾਂ ਤੇ ਚੌਧਰੀ ਦੇ ਸਮਰਥਕਾਂ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰ ਸਰਦੂਲਗੜ੍ਹ 'ਚ ਵੱਖ-ਵੱਖ ਥਾਵਾਂ 'ਤੇ ਖ਼ੁਸ਼ੀ 'ਚ ਲੱਡੂ ਵੰਡੇ ਤੇ ਨੇਮ ਚੰਦ ਦਾ ਕਾਰ ਡੀਲਰ ਯੂਨੀਅਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਤੇ ਫੁੱਲਾਂ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਵਰਕਰਾਂ ਅਤੇ ਸਮਰਥਕਾਂ ਨੇ ਆਪ ਸਪਰੀਮੋ, ਸੂਬਾ ਸਰਕਾਰ ਮੁੱਖ ਮੰਤਰੀ ਪੰਜਾਬ ਅਤੇ ਹਾਈ ਕਮਾਂਡ ਦਾ ਵੀ ਧੰਨਵਾਦ ਕੀਤਾ। ਸਰਦੂਲਗੜ੍ਹ ਸ਼ਹਿਰ ਤੋਂ ਇਲਾਵਾਂ ਪਿੰਡ ਭੰਮੇ ਖੁਰਦ, ਲਾਲਿਆਂਵਾਲੀ, ਫੱਤਾ ਮਾਲੋਕਾ, ਸਾਹਨੇਵਾਲੀ, ਮਾਖੇਵਾਲਾ ਤੇ ਝੁਨੀਰ ਆਦਿ ਪਿੰਡਾਂ 'ਚ ਵੀ ਲੱਡੂ ਵੰਡੇ ਗਏ। ਨੇਮ ਚੰਦ ਚੌਧਰੀ ਨੇ ਕਿਹਾ ਕਿ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

# ਬਜਰਾਵਰ 'ਚ 50 ਦੇ ਕਰੀਬ ਗਰੀਬਾਂ ਦੇ ਕੱਟੇ ਰਾਸ਼ਨ ਕਾਰਡ : ਧੀਮਾਨ



**ਹੁਸ਼ਿਆਰਪੁਰ (ਓ ਪੀ ਰਾਣਾ)**-ਗਰੀਬ ਮਜ਼ਦੂਰਾਂ ਦੇ ਘਰਾਂ ਦੇ ਰਾਸ਼ਨ ਕਾਰਡ ਕੱਟਣਾ ਅਗਰ ਬਦਲਾਅ ਰਹਿ ਗਿਆ ਤੇ ਫਿਰ ਸਿਹਤ ਸਹੂਲਤਾਂ ਤੇ ਸਿੱਖਿਆ ਦੇ ਖੇਤਰ ਵਿਚ ਬਦਲਾਅ ਦੀ ਕੀ ਰੂਪ ਰੇਖਾ ਹੋਵੇਗੀ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸਕੱਤਰ ਸੋਨੂ ਮਹਿਤਪੁਰ ਵਾਸੀ ਨੇ ਪਿੰਡ ਬਜਰਾਵਰ ਵਿਖੇ ਗਰੀਬ ਮਜ਼ਦੂਰਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਪੰਜਾਬ ਸਰਕਾਰ ਵਲੋਂ ਬਦਲਾਅ ਦੇ ਨਾਂਅ ਉਤੇ ਗਰੀਬ ਮਜ਼ਦੂਰਾਂ ਦੇ ਰਾਸ਼ਨ ਕਾਰਡ ਕੱਟਣ ਨੂੰ ਲੈ ਕੇ ਕਰਮ ਚੰਦ ਮੈਂਬਰ ਪੰਚਾਇਤ ਅਤੇ ਰਾਜਵਿੰਦਰ ਕੌਰ ਦੀ ਅਗਵਾਈ ਵਿਚ ਜੋਰਦਾਰ ਰੋਸ ਪ੍ਰਦਰਸ਼ਨ ਕੀਤਾ। ਧੀਮਾਨ ਨੇ ਦਸਿਆ ਕਿ ਸਰਕਾਰ ਸਿਰਫ ਵੋਟਾਂ ਵਿਚ ਬਰਾਵਰਤਾ ਦੀ ਗੱਲ ਕਰਦੀ ਹੈ ਪਰ ਭੋਜਨ ਪਦਾਰਥ ਦੇਣ ਵਿਚ ਪੂਰੀ ਤਰ੍ਹਾਂ ਗਰੀਬ ਮਜਦੂਰ ਵਰਗ ਨਾਲ ਸੰਵਿਧਾਨਕ ਭੇਦਭਾਵ ਕਰ ਰਹੀ ਹੈ। ਪਿੰਡ ਵਿਚ 50 ਦੇ ਕਰੀਬ ਰਾਸ਼ਨ ਕਾਰਡ ਕੱਟਣ ਕਾਰਨ ਗਰੀਬਾਂ ਵਿਚ ਹਾਹਾਕਾਰ ਮੱਚੀ ਪਈ ਹੈ। ਇਹ ਕਾਰਡ ਵੀ ਸਿਰਫ ਗਰੀਬ ਮਜ਼ਦੂਰਾਂ ਦੇ ਹੀ ਕੱਟੇ ਗਏ ਹਨ। ਉਨ੍ਹਾਂ ਵਿਚੋਂ ਕਈ ਲੋਕ ਸੀਨੀਅਰ ਸਿਟੀਜਨ ਤੇ ਕਈ ਘਰਾਂ ਵਿਚ ਲੋਕ ਬੀਮਾਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਗਰੀਬਾਂ ਨੂੰ ਸਿਰਫ ਪ੍ਰਤੀ ਦਿਨ ਪ੍ਰਤੀ ਵਿਅਕਤੀ ਨੂੰ 178 ਗ੍ਰਾਮ ਕਣਕ ਵਾਲੇ ਰਾਸ਼ਨ ਕਾਰਡਾਂ ਉਤੇ ਕੁਲਹਾੜਾ ਚਲਾਉਣਾ ਅਤਿ ਘਟੀਆ ਕੰਮ ਹੈ ਤੇ ਸੋਚ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਣਕ ਦੀ ਵੰਡ ਸਮੇਂ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦੇ ਨਿਯਮਾਂ ਦੀ ਉਲੰਘਣਾ ਕਰ ਰਹੀ ਹੈ। ਲੋਕਾਂ ਨੂੰ ਦਿੱਤੀ ਜਾਣ ਵਾਲੀ ਕਣਕ ਦੇ ਕਿਸੇ ਵੀ ਬੋਰੀ ਉਤੇ ਫੂਡ ਸੇਫਟੀ ਦੀ ਸਟੈਂਪ ਤੱਕ ਨਹੀਂ ਹੁੰਦੀ। ਜਦੋਂ ਕਿ ਸਟੈਂਪ ਤੋਂ ਬਿਨਾਂ ਭੋਜਨ ਪਦਾਰਥ ਨਹੀਂ ਦਿੱਤਾ ਜਾ ਸਕਦਾ। ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਗਰੀਬਾਂ ਦੇ ਕੱਟੇ ਗਏ ਰਾਸ਼ਨ ਕਾਰਡ ਬਿਨਾਂ ਸ਼ਰਤ ਤੋਂ ਬਹਾਲ ਕੀਤੇ ਜਾਣ ਤੇ ਹਰੇਕ ਕਣਕ ਦੀ ਪੈਕਿੰਗ ਵਾਲੇ ਬੋਰੀ ਉਤੇ ਫੂਡ ਸੈਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦੀ ਸਟੈਂਪ ਲੱਗੀ ਹੋਣੀ ਚਾਹੀਦੀ ਹੈ। ਅਗਰ ਅਜਿਹਾ ਨਾ ਕੀਤਾ ਗਿਆ ਤਾਂ ਫੂਡ ਸਫੈਟੀ ਅਥਾਰਟੀ ਨੂੰ ਲਿਖਤੀ ਸ਼ਿਕਾਇਤ ਦਰਜ ਦਰ ਕਰਵਾਈ ਜਾਵੇਗੀ। ਇਸ ਮੌਕੇ ਬਲਵਿੰਦਰ ਸਿੰਘ, ਮਲਕੀਅਤ ਸਿੰਘ, ਸੁਖਮਨ, ਸੁਰਿੰਦਰ ਕੌਰ, ਨਿਰਮਲਾ ਦੇਵੀ, ਸਰਬਜੀਤ ਕੌਰ, ਸੀਤਾ ਦੇਵੀ, ਜੋਤੀ, ਕਸ਼ਮੀਰ ਕੌਰ, ਵਿੱਕੀ ਪੰਚ, ਊਸ਼ਾ ਰਾਣੀ, ਅਜੀਤ ਸਿੰਘ ਆਦਿ ਸ਼ਾਮਿਲ ਸਨ।

# ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਨੂੰ ਘੇਰਿਆ



**ਜਗਰਾਉਂ (ਅਮਿਤ ਖੰਨਾ)**-ਅੱਜ ਦਾਨਾ ਮੰਡੀ ਜਗਰਾਉਂ ਵਿਖੇ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ ਅਤੇ ਅਬਜ਼ਰਬਰ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਮੂੰਗੀ ਅਤੇ ਮੱਕੀ 'ਤੇ ਐਮ ਐਸ ਪੀ ਅਨੁਸਾਰ ਖਰੀਦ ਨਾ ਕਰਨ ਤੇ ਰੋਸ ਧਰਨਾ ਲਗਾਇਆ ਗਿਆ। ਇਸ ਮੌਕੇ ਜਥੇਦਾਰ ਤੀਰਥ ਸਿੰਘ ਮਾਹਲਾ, ਐੱਸ ਆਰ ਕਲੇਰ ਅਤੇ ਭਾਗ ਸਿੰਘ ਮੱਲ੍ਹਾ ਦੋਵੇਂ ਸਾਬਕਾ ਵਿਧਾਇਕਾ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਲਾਗੂ ਕਰਨ ਲਈ ਪ੍ਰੇਰਨਾ ਕਰਦੇ ਹੋਏ ਮੂੰਗੀ ਅਤੇ ਮੱਕੀ 'ਤੇ ਦੇਣ ਦਾ ਐਲਾਨ ਕੀਤਾ ਸੀ, ਕਿਸਾਨਾਂ ਨੇ ਉਸ ਅਨੁਸਾਰ ਮੂੰਗੀ ਅਤੇ ਮੱਕੀ ਦੀ ਕਾਸ਼ਤ ਕੀਤੀ ਪ੍ਰੰਤੂ ਅੱਜ ਦੋਹਾਂ ਫਸਲਾਂ 'ਤੇ ਦੇਣ ਤੋਂ ਪਿੱਛੇ ਹਟ ਰਹੀ ਹੈ। ਇਸ ਕਾਰਨ ਕਿਸਾਨਾਂ ਨੂੰ ਘੱਟੋ-ਘੱਟ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦਾ ਮੂੰਗੀ ਤੇ ਅਤੇ 500 ਰੁਪਏ ਮੱਕੀ ਦਾ ਘਾਟ ਮੁੱਲ ਮਿਲ ਰਿਹਾ ਹੈ। ਸਰਕਾਰ ਨੂੰ ਅਪੀਲ ਕੀਤੀ ਜਾਦੀ ਹੈ ਕਿ ਅਤੇ ਜਿਸ ਰੇਟ ਨਾਲ ਕਿਸਾਨ ਨੇ ਮੂੰਗੀ ਅਤੇ ਮੱਕੀ ਵੇਚੀ ਹੈ ਉਸ ਦਾ ਜੋ ਅੰਤਰ ਹੈ ਸਰਕਾਰ ਉਸ ਦੀ ਭਰਪਾਈ ਕਰੇ। ਇਸ ਮੌਕੇ ਜਥੇਦਾਰ ਜਗਜੀਤ ਸਿੰਘ ਤਲਵੰਡੀ ਤੇ ਹਲਕਾ ਇੰਚਾਰਜ ਰਾਏਕੋਟ ਬਲਵਿੰਦਰ ਸਿੰਘ ਸੰਧੂ, ਜ਼ਿਲ੍ਹਾ ਯੂਥ ਪ੍ਰਧਾਨ ਪ੍ਰਭਜੋਤ ਧਾਲੀਵਾਲ ਨੇ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਕੀਤੇ ਵਾਇਦੇ ਤੋਂ ਭੱਜ ਰਹੀ ਹੈ ਜੋ ਕਿ ਬਹੁਤ ਹੀ ਨਿੰਦਣਯੋਗ ਹੈ। ਦੋਨਾਂ ਫਸਲਾਂ ਦੀ ਖਰੀਦ ਯਕੀਨੀ ਬਣਾਵੇ। ਇਸ ਮੌਕੇ ਆਗੂਆਂ ਨੇ ਸਰਕਾਰ ਨੂੰ ਕਿਸਾਨਾਂ ਨਾਲ ਕੀਤਾ ਵਾਅਦਾ ਯਾਦ ਕਰਵਾਉਂਦਿਆਂ ਕਿਸਾਨਾਂ ਨਾਲ ਕੀਤੇ ਵਾਅਦੇ ਮੁਤਾਬਕ ਮੂੰਗੀ ਤੇ ਮੱਕੀ ਦਾ ਬਣਦਾ ਭਾਅ ਦੇਵੇ। ਇਸ ਮੌਕੇ ਸਾਬਕਾ ਚੈਅਰਮੈਨ ਦੀਦਾਰ ਮਲਕ, ਚੰਦ ਡੱਲਾ ਅਤੇ ਬਿੰਦਰ ਮਨੀਲਾ, ਜਥੇਦਾਰ ਗੁਰਮੇਲ ਸਿੰਘ ਆਂਡਲੂ ਨੇ ਕਿਹਾ ਕਿ ਜਗਰਾਉਂ ਮੰਡੀ ਵਿੱਚ ਕਿਸਾਨਾਂ ਦੀ ਮੱਕੀ ਤੇ ਮੂੰਗੀ ਖੁੱਲ੍ਹੇ ਅਸਮਾਨ ਹੇਠ ਪਈ ਹੈ ਉਸ ਨੂੰ ਚੁੱਕਣ ਦਾ ਇੰਤਜ਼ਾਮ ਕੀਤਾ ਜਾਵੇ। ਇਸ ਮੌਕੇ ਰਾਜਵੰਤ ਸਿੰਘ ਮਾਹਲਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਯੂਥ ਹਲਕਾ ਪ੍ਰਧਾਨ ਜੱਟ ਗਰੇਵਾਲ, ਐਸ ਓ ਆਈ ਹਲਕਾ ਪ੍ਰਧਾਨ ਸੰਦੀਪ ਸਿੰਘ ਧਾਲੀਵਾਲ, ਆਈ ਟੀ ਵਿੰਗ ਹਲਕਾ ਪ੍ਰਧਾਨ ਜੱਗਾ ਸਿੰਘ ਸੇਖੋਂ, ਸਾਬਕਾ ਸਰਪੰਚ ਰੇਸ਼ਮ ਸਿੰਘ ਮਾਣੂੰਕੇ, ਭਜਨ ਸਿੰਘ ਦੇਹੜਕਾ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਪ੍ਰਧਾਨ ਹਰਦੀਪ ਸਿੰਘ ਮਾਣੂੰਕੇ, ਸਾਬਕਾ ਸਰਪੰਚ ਕਰਮਜੀਤ ਸਿੰਘ ਕੋਠੇ ਸੇਰਜੰਗ, ਬਲਰਾਜ ਸਿੰਘ ਗਰੇਵਾਲ, ਹਰਚਰਨ ਸਿੰਘ ਲੀਲਾ, ਸੋਹਣ ਸਿੰਘ ਤੂਰ ਸੇਰਪੁਰ ਕਲਾ, ਨੰਬਰਦਾਰ ਗੋਪਾਲ ਸਿੰਘ ਭੰਮੀਪੁਰਾ, ਆਤਮਾ ਸਿੰਘ ਭੰਮੀਪੁਰਾ, ਸਾਬਕਾ ਸਰਪੰਚ ਰਣਧੀਰ ਸਿੰਘ ਚੱਕਰ, ਸਾਬਕਾ ਸਰਪੰਚ ਸੁਰਿੰਦਰ ਸਿੰਘ ਪਰਜੀਆ ਬਿਹਾਰੀਪੁਰ, ਪੰਚ ਜਸਪ੍ਰੀਤ ਸਿੰਘ ਚੀਮਾ, ਬਾਦਲ ਹਠੂਰ, ਭਗਵਾਨ ਸਿੰਘ ਚੱਕਰ, ਜਗਜੀਤ ਸਿੰਘ ਡੱਲਾ, ਜੋਜੋ ਮਾਣੂੰਕੇ, ਰਾਜਵਿੰਦਰ ਸਿੰਘ ਕੋਠੇ ਸ਼ੇਰਜੰਗ, ਹਰਮੀਤ ਸਿੰਘ ਜਗਰਾਉਂ, ਕਰਮਜੀਤ ਸਿੰਘ ਸ਼ੇਖਦੌਲਤ, ਇੰਦਰਜੀਤ ਸਿੰਘ ਬਿੱਟੂ, ਸ਼ੇਰ ਸਿੰਘ ਡੱਲਾ, ਬੂਟਾ ਸਿੰਘ ਡੱਲਾ, ਜਗਤਾਰ ਸਿੰਘ ਕੋਠੇ ਅੱਠ ਚੱਕ ਤੇ ਹੋਰ ਹਾਜ਼ਰ।

# ਗੱਜੂਗਾਜੀ ਦੀ ਸਮੁੱਚੀ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਗੱਜੂਗਾਜੀ ਦੀ ਸਮੁੱਚੀ ਪੰਚਾਇਤ ਨੇ ਹਰਤਾਜ ਸਿੰਘ ਪਹਿਲਵਾਨ (ਘੁੰਮਣ) ਦੇ ਯਤਨਾਂ ਸਦਕਾ ਆਮ ਆਦਮੀ ਪਾਰਟੀ ਡੇਰਾ ਬਾਬਾ ਨਾਨਕ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਕਬੂਲਦਿਆਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਵੋਟਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕਰ ਰਹੇ ਹਨ ਅਤੇ ਪੰਜਾਬ ਦੇ ਲੋਕ ਪੱਖੀ ਫੈਸਲੇ ਲੈ ਰਹੇ ਹਨ ਜਿਸ ਕਰਕੇ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ ਤੇ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਸਰਬਜੀਤ ਸਿੰਘ ਗਿੱਲ ਪੰਜਾਬ ਪ੍ਰਧਾਨ ਲੋਕ ਭਲਾਈ ਯੁਵਾ ਦਲ, ਸਰਪੰਚ ਭਰਪੂਰ ਸਿੰਘ, ਪੰਚਾਇਤ ਮੈਂਬਰ ਸਤਨਾਮ ਸਿੰਘ, ਗੁਰਪਾਲ ਸਿੰਘ, ਜਸਪਾਲ ਸਿੰਘ, ਦਲਬੀਰ ਸਿੰਘ, ਰਛਪਾਲ ਸਿੰਘ, ਬਿਕਰਮਜੀਤ ਸਿੰਘ, ਗੁਰਵਿੰਦਰ ਸਿੰਘ ਆਦਿ ਨੂੰ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

# ਜਸਵੰਤ ਸਿੰਘ ਕੰਵਲ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਦਾ ਸੱਦਾ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਲਈ ਕਲਮ ਦੀ ਤਾਕਤ ਨਾਲ ਜੁਝਾਰੂ ਲੜਾਈ ਲੜਨ ਵਾਲੇ ਨਾਵਲਕਾਰ ਜਸਵੰਤ ਸਿੰਘ ਕੰਵਲ ਦਾ ਅੱਜ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਜਸਵੰਤ ਸਿੰਘ ਕੰਵਲ ਦੀ ਲੋਕ ਪੱਖੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਪਵਨ ਹਰਚੰਦ ਪੁਰੀ, ਡਾ: ਸੁਰਜੀਤ ਦੌਧਰ, ਅਸ਼ੋਕ ਚਟਾਨੀ, ਦਲਜੀਤ ਕੌਰ ਤੇ ਹਰਕੋਮਲ ਬਰਿਆਰ ਸ਼ਾਮਲ ਹੋਏ। ਇਸ ਮੌਕੇ ਹਰੀ ਸਿੰਘ ਢੁੱਡੀਕੇ, ਮੋਹੀ ਅਮਰਜੀਤ, ਤੀਰਥ ਸਿੰਘ ਮੱਦੋਕੇ ਨੇ ਜਸਵੰਤ ਸਿੰਘ ਕੰਵਲ ਨੂੰ ਪੰਜਾਬ ਦੇ ਸੰਘਰਸ਼ਾਂ ਦਾ ਯੁੱਗ ਪੁਰਸ਼ ਦੱਸਿਆ। ਅਸ਼ੋਕ ਚਟਾਨੀ, ਸੁਰਜੀਤ ਦੌਧਰ, ਰਾਜਦੀਪ ਤੂਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕੰਵਲ ਨੂੰ ਪੰਜਾਬ ਦੀ ਰੂਹ ਕਿਹਾ ਆਖਦਿਆਂ ਜਸਵੰਤ ਸਿੰਘ ਕੰਵਲ ਨੂੰ ਕਿਸਾਨੀ ਤੇ ਕਿਰਤੀ ਲੋਕਾਂ ਦਾ ਕਲਮਕਾਰ ਦੱਸਿਆ। *ਬੁਲਾਰਿਆਂ ਨੇ ਕੰਵਲ ਦੀਆਂ ਲਿਖਤਾਂ ਨੂੰ ਪੰਜਾਬ ਦੇ ਇਤਿਹਾਸ ਦਾ ਕ੍ਰਾਂਤੀਕਾਰੀ ਯੁੱਗ ਆਖਿਆ। ਇਸ ਮੌਕੇ ਡਾ: ਸੁਰਜੀਤ ਸਿੰਘ ਦੌਧਰ ਨੇ ਹਰਕੋਮਲ ਬਰਿਆਰ ਨੂੰ ਜਗਰਾਉਂ ਦਾ ਨੰਦ ਲਾਲ ਨੂਰਪੁਰੀ ਆਖਿਆ। ਇਸ ਮੌਕੇ ਸਾਹਿਤਕ ਖੇਤਰ ਦੀਆਂ ਨਾਮੀ ਸ਼ਖ਼ਸੀਅਤਾਂ ਜਿਨ੍ਹਾਂ ਵਿੱਚ ਹਰਕੋਮਲ ਬਰਿਆਰ, ਪਵਨ ਹਰਚੰਦਪੁਰੀ, ਪੱਤਰਕਾਰ ਹਰਦੇਵ ਸਿੰਘ ਮਾਨ, ਡਾਕਟਰ ਅਜੀਤ ਸਿੰਘ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਬਲਦੇਵ ਬਾਵਾ, ਐਸ ਪੀਟਰ, ਮੋਹੀ ਅਮਰਜੀਤ, ਕੰਵਲ ਦੇ ਪੁੱਤਰ ਸਰਬਜੀਤ ਸਿੰਘ, ਹਰੀ ਸਿੰਘ ਢੁੱਡੀਕੇ, ਗੁਰਚਰਨ ਸਿੰਘ ਢੁੱਡੀਕੇ, ਕਵੀ ਅਜੀਤ ਪਿਆਸਾ, ਰਾਜਦੀਪ ਤੂਰ, ਕੋਚ ਜਸਵੀਰ ਸਿੰਘ ਗੋਲਡ ਮੈਡਲਿਸਟ, ਸਰਬਜੀਤ ਸਿੰਘ ਤੇ ਗੁਲਜ਼ਾਰ ਸਿੰਘ ਸ਼ੌਕੀ ਆਦਿ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### 14 ਦੀ ਮੁਹਾਲੀ ਰੈਲੀ ਦੀ...

ਬਰਾੜ ਅਤੇ ਧਾਲੀਵਾਲ ਨੇ ਏਟਕ ਨਾਲ ਸਭ ਸੰਬੰਧਤ ਜਥੇਬੰਦੀਆਂ ਨੂੰ 14 ਜੁਲਾਈ ਦੀ ਰੈਲੀ ਨੂੰ ਸਫਲ ਕਰਨ ਦੀ ਅਪੀਲ ਕਰਦਿਆ ਕਿਹਾ ਕਿ ਹਰ ਇਕ ਜਥੇਬੰਦੀ ਵੱਲੋਂ ਆਪਣਾ ਪੂਰਾ ਜ਼ੋਰ ਲਾ ਕੇ ਲਾਮਬੰਦੀ ਵੱਲ ਵਿਸ਼ੇਸ਼ ਧਿਆਨ ਦੇ ਕੇ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਇਸ ਰੋਸ ਰੈਲੀ ਵਿੱਚ ਸ਼ਾਮਲ ਹੋਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ, ਆਪਣੇ-ਆਪਣੇ ਝੰਡੇ, ਮਾਟੋ ਲੈ ਕੇ ਆਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਰੈਲੀ ਦੀ ਤਿਆਰੀ ਲਈ ਅਤੇ ਕੁਝ ਹੋਰ ਏਜੰਡਿਆਂ ਨੂੰ ਲੈ ਕੇ 4 ਜੁਲਾਈ ਨੂੰ ਪੰਜਾਬ ਏਟਕ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਲੁਧਿਆਣਾ ਵਿਖੇ ਸੱਦ ਲਈ ਗਈ ਹੈ।

ਪੰਜਾਬ ਏਟਕ ਦੇ ਆਗੂਆਂ ਨੇ ਨਾਭਾ ਤਹਿਸੀਲ ਦੇ ਪਿੰਡ ਸੁੱਖੇਵਾਲ ਵਿਖੇ ਕਸ਼ਮੀਰ ਸਿੰਘ ਗਦਾਈਆ 'ਤੇ ਪਿੰਡ ਦੀ ਸਰਪੰਚ ਦੇ ਪਤੀ ਵੱਲੋਂ ਗੁੰਡਿਆ ਨੂੰ ਨਾਲ ਲੈ ਕੇ ਕੀਤੇ ਹਮਲੇ ਦੀ ਜਿਥੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ, ਉੱਥੇ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਕਿ ਸਰਪੰਚ ਦੇ ਪਤੀ ਅਤੇ ਉਸ ਦੇ ਨਾਲ ਦੇ ਵਿਅਕਤੀਆਂ ਵਿਰੁੱਧ ਢੁੱਕਵੀਆਂ ਧਰਾਵਾਂ ਲਾ ਕੇ ਪਰਚਾ ਦਰਜ ਕੀਤਾ ਜਾਵੇ। ਆਗੂਆਂ ਏਟਕ ਦੇ ਪਟਿਆਲਾ ਅਤੇ ਨਾਲ ਲਗਦੇ ਏਰੀਏ ਤੋਂ 30 ਜੂਨ ਨੂੰ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਇਸ ਘਟਨਾ ਦੇ ਵਿਰੋਧ ਵਿੱਚ ਨਾਭਾ ਵਿਖੇ ਮਿਨੀ ਸਕੱਤਰੇਤ ਦੇ ਸਾਹਮਣੇ ਗਠਿਤ ਕੀਤੇ ਗਏ ਜਬਰ ਵਿਰੋਧੀ ਫਰੰਟ ਵੱਲੋਂ ਵਿਸ਼ਾਲ ਰੋਸ ਰੈਲੀ ਅਤੇ ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਵਿੱਚ ਵਰਕਰਾਂ ਨੂੰ ਵੱਡੀ ਗਿਣਤੀ ਵਿੱਚ ਪੁੱਜਣ ਦੀ ਅਪੀਲ ਕੀਤੀ ਗਈ।

### ਸ਼ਾਹ ਦੇ ਬੇਟੇ ਨੂੰ ਸਿਰਫ...

ਅਧਿਕਾਰ ਦਿੱਤੇ ਜਾਣ 'ਤੇ ਸਵਾਲ ਉਠਾਏ, ਜਦੋਂ ਕਿ ਕਈ ਹੋਰ ਰਾਜਾਂ ਨੂੰ ਕੋਈ ਮੈਚ ਨਹੀਂ ਮਿਲਿਆ। ਟੀ ਐਮ ਸੀ ਦੇ ਬੁਲਾਰੇ ਸਾਕੇਤ ਗੋਖਲੇ ਨੇ ਟਵੀਟ ਕੀਤਾ—ਨਰਿੰਦਰ ਮੋਦੀ ਸਟੇਡੀਅਮ 'ਚ ਆਈ ਪੀ ਐੱਲ 2023 ਦਾ ਉਦਘਾਟਨੀ ਮੈਚ, ਨਰਿੰਦਰ ਮੋਦੀ ਸਟੇਡੀਅਮ 'ਚ ਆਈ ਪੀ ਐੱਲ 2023 ਦਾ ਫਾਈਨਲ, ਨਰਿੰਦਰ ਮੋਦੀ ਸਟੇਡੀਅਮ 'ਚ ਕ੍ਰਿਕਟ ਵਿਸ਼ਵ ਕੱਪ 2023 ਦਾ ਉਦਘਾਟਨੀ ਮੈਚ, ਕ੍ਰਿਕਟ ਵਿਸ਼ਵ ਕੱਪ 2023 ਦਾ ਫਾਈਨਲ ਵੀ ਨਰਿੰਦਰ ਮੋਦੀ ਸਟੇਡੀਅਮ 'ਚ।

### ਦੁੱਖਾਂ ਦਾ ਅੰਤ...

ਇੰਤਜ਼ਾਰ ਕਰ ਰਿਹਾ ਹੈ। ਦਸਵੀਂ ਪਾਸ ਕਰਨ ਤੋਂ ਬਾਅਦ ਸੂਰਜ ਨੌਕਰੀ ਦੀ ਭਾਲ ਵਿਚ ਚੇਨਈ ਜਾ ਰਿਹਾ ਸੀ। ਅਧਿਕਾਰੀਆਂ ਨੇ ਪਹਿਲਾਂ ਹੀ ਉਸ ਦਾ ਡੀ ਐੱਨ ਏ ਸੈਂਪਲ ਲਿਆ ਹੈ, ਪਰ ਰਿਪੋਰਟ ਆਉਣੀ ਬਾਕੀ ਹੈ। ਪੱਛਮੀ ਬੰਗਾਲ ਦੇ ਕੂਚ ਬਿਹਾਰ ਜ਼ਿਲ੍ਹੇ ਦੇ ਸ਼ਿਵਕਾਂਤ ਰਾਏ ਨੇ ਦੱਸਿਆ ਕਿ ਉਸ ਦਾ ਪੁੱਤਰ ਵਿਪੁਲ ਜੂਨ ਦੇ ਅੰਤ 'ਚ ਆਪਣੇ ਵਿਆਹ ਲਈ ਤਿਰੂਪਤੀ ਤੋਂ ਘਰ ਪਰਤ ਰਿਹਾ ਸੀ। ਬੇਟੇ ਦੀ ਲਾਸ਼ ਨੂੰ ਕੇ ਆਈ ਐੱਮ ਐੱਸ ਹਸਪਤਾਲ 'ਚ ਰੱਖਿਆ ਗਿਆ ਸੀ, ਪਰ ਉਹ ਉਸ ਨੂੰ ਬਾਲਾਸੋਰ ਹਸਪਤਾਲ 'ਚ ਲੱਭਦਾ ਰਿਹਾ। ਬਾਅਦ 'ਚ ਦੱਸਿਆ ਗਿਆ ਕਿ ਕੇ ਆਈ ਐੱਮ ਐੱਸ ਹਸਪਤਾਲ ਨੇ ਬਿਹਾਰ ਦੇ ਕਿਸੇ ਵਿਅਕਤੀ ਨੂੰ ਲਾਸ਼ ਸੌਂਪੀ, ਜੋ ਉਸ ਨੂੰ ਆਪਣੇ ਨਾਲ ਲੈ ਗਿਆ ਅਤੇ ਸਸਕਾਰ ਕੀਤਾ। ਇਸੇ ਤਰ੍ਹਾਂ ਬਿਹਾਰ ਦੇ ਮੁਜ਼ੱਫਰਪੁਰ ਦੀ ਰਹਿਣ ਵਾਲੀ ਰਾਜਕਾਲੀ ਦੇਵੀ ਆਪਣੇ ਪਤੀ ਦੀ ਲਾਸ਼ ਦੀ ਉਡੀਕ ਕਰ ਰਹੀ ਹੈ। 35 ਵਿਅਕਤੀਆਂ ਨੇ ਗੈੱਸਟ ਹਾਊਸ 'ਚ ਡੇਰੇ ਲਾਏ ਹਨ, ਜਦਕਿ 15 ਹੋਰ ਡੀ ਐੱਨ ਏ ਰਿਪੋਰਟਾਂ ਆਉਣ 'ਚ ਦੇਰੀ ਕਾਰਨ ਘਰ ਚਲੇ ਗਏ।

AXIS BANK
ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਰ ਰੋਡ, ਸਰਾਭਾ ਨਗਰ, ਲੁਧਿਆਣਾ-141001,
ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025,
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਸ੍ਰੀ ਹਰਮੀਤ ਸਿੰਘ ਮਠਾੜੂ ਪੁੱਤਰ ਸ੍ਰੀ ਕੁਲਦੀਪ ਸਿੰਘ ਅਤੇ 2. ਸ੍ਰੀਮਤੀ ਸਤਨਾਮ ਕੌਰ ਪਤਨੀ ਸ੍ਰੀ ਹਰਮੀਤ ਸਿੰਘ ਮਠਾੜੂ ਦੋਵੇਂ ਵਾਸੀ 12-ਕੋਟ ਮਿੱਤ ਸਿੰਘ, ਭਾਈ ਮੰਝ ਰੋਡ, ਅੰਮ੍ਰਿਤਸਰ-143001<br>ਨਾਲ ਹੀ : ਮਕਾਨ ਨੰ. 26, ਪਹਿਲੀ ਮੰਜ਼ਲ, ਗਿੱਲ ਡੇਅਰੀ ਦੇ ਪਿੱਛੇ, ਲੋਹਾਰਕਾ ਰੋਡ, ਅੰਮ੍ਰਿਤਸਰ 143001<br>ਨਾਲ ਹੀ : ਮੈਸ : ਮਠਾੜੂ ਇੰਟਰਪ੍ਰਾਇਜਜ਼ ਸਾਹਮਣੇ ਸੀ ਪੀ 7, ਜੀ ਟੀ ਰੋਡ, ਖੁਰਮਨੀਆਂ, ਅੰਮ੍ਰਿਤਸਰ-143001<br>ਨਾਲ ਹੀ : ਮਕਾਨ ਪ੍ਰਾਈਵੇਟ ਨੰ. 67 ਮਿਨ, ਰਕਬਾ 179.71 ਵਰਗ ਗਜ਼, ਖਸਰਾ ਨੰ. 64//24/1/2, 64//24/2, 64//24//3, 67//3/2, 67//4 ਮਿਨ, ਰਕਬਾ ਕਾਲਾ ਘਣੂੰਪੁਰ, ਨੇੜੇ ਅਬਾਦੀ ਭਾਈ ਜੀਵਨ ਸਿੰਘ ਕਾਲੋਨੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ।<br>ਕਰਜ਼ਾ ਖਾਤਾ ਨੰ. PHR068503698986, PHR068504593902 ਅਤੇ LTR 068505385704 | ਬੈਨਾਮਾ ਦਸਤਾਵੇਜ਼ ਨੰ. 2018-19/93/1/5850 ਮਿਤੀ 28 ਦਸੰਬਰ 2018 ਅਨੁਸਾਰ ਸ੍ਰੀ ਹਰਪ੍ਰੀਤ ਸਿੰਘ ਮਠਾੜੂ ਪੁੱਤਰ ਸ੍ਰੀ ਕੁਲਦੀਪ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਪਲਾਟ ਪ੍ਰਾਈਵੇਟ ਨੰ. 67 ਮਿਨ 'ਤੇ ਨਿਰਮਤ ਮਕਾਨ, ਰਕਬਾ 179.72 ਵਰਗ ਗਜ਼, ਖਸਰਾ ਨੰ. 64//24/1/2, 64//24/2, 64//24//3, 67//3/2, 67//4 ਮਿਨ, ਖੱਤਾ ਖਤੌਨੀ ਨੰ. 1142/1567, 1147/1587, 1211/1659, 987/1375, 988/1376, 989/1377, ਜਮ੍ਹਾਂਬੰਦੀ ਸਾਲ 2013-2014, ਰਕਬਾ ਕਾਲਾ ਘਣੂੰਪੁਰ, ਸਬ-ਅਰਬਨ, ਨੇੜੇ ਅਬਾਦੀ ਭਾਈ ਜੀਵਨ ਸਿੰਘ ਕਾਲੋਨੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ।<br>ਬੈਨਾਮੇ ਅਨੁਸਾਰ ਹੱਦਾਂ : ਪੂਰਬ : ਪਲਾਟ ਨੰ. 67 ਮਿਨ ਦਾ ਬਾਕੀ ਹਿੱਸਾ, ਪੱਛਮ : ਪਲਾਟ ਨੰ. 66, ਉੱਤਰ : ਸੜਕ, ਦੱਖਣ : ਹੋਰਨਾਂ ਦੀ ਜਾਇਦਾਦ | 28 ਅਪ੍ਰੈਲ 2021 | 26 ਜੂਨ 2023 | ਰੁਪਏ 54,46,981/- (ਚਰੰਜਾ ਲੱਖ ਛਿਆਲੀ ਹਜ਼ਾਰ ਨੌਂ ਸੌ ਇਕਾਸੀ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 29.06.2023, ਸਥਾਨ : ਲੁਧਿਆਣਾ — ਸਹੀ/-ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਆਰ ਬੀ ਐੱਸ ਕੇ ਪ੍ਰੋਗਰਾਮ ਤਹਿਤ ਇਲਾਜ ਸਦਕਾ ਹਰਮੀਨ ਕੌਰ ਹੋਈ ਸਿਹਤਯਾਬ



**ਭਿੱਖੀਵਿੰਡ/ ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ.ਵਰਿੰਦਰਪਾਲ ਕੌਰ ਵੱਲੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਸੁਰਸਿੰਘ ਡਾ. ਕੁਲਤਾਰ ਸਿੰਘ ਵੱਲੋਂ ਪਿੰਡ ਸੁਰਸਿੰਘ ਦੀ ਵਸਨੀਕ ਹਰਮੀਨ ਕੌਰ (13) ਦਾ ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ (ਆਰਬੀਐਸਕੇ) ਪ੍ਰੋਗਰਾਮ ਤਹਿਤ ਦਿਲ ਦੀ ਬਿਮਾਰੀ ਦਾ ਮੁਫਤ ਇਲਾਜ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸਐਮਓ ਸੁਰਸਿੰਘ ਡਾਕਟਰ ਕੁਲਤਾਰ ਸਿੰਘ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਰਸਿੰਘ 'ਚ ਸੱਤਵੀਂ ਜਮਾਤ ਦੀ ਵਿਦਿਆਰਥਣ ਹਰਮੀਨ ਕੌਰ ਜਨਮ ਤੋਂ ਹੀ ਦਿਲ ਦੇ ਰੋਗ ਤੋਂ ਪੀੜ੍ਹਤ ਸੀ। ਐਸਐਮਓ ਸੁਰਸਿੰਘ ਦਾ ਕਹਿਣਾ ਸੀ ਕਿ ਆਰਬੀਐਸਕੇ ਪ੍ਰੋਗਰਾਮ ਤਹਿਤ ਸਰਕਾਰੀ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ 'ਚ ਪੜ੍ਹਦੇ ਵਿਦਿਆਰਥੀਆਂ ਦਾ ਇਲਾਜ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਬਿਲਕੁਲ ਮੁਫਤ ਕਰਵਾਇਆ ਜਾਂਦਾ ਹੈ। ਆਰਬੀਐਸਕੇ ਟੀਮ ਵੱਲੋਂ ਰੋਜ਼ਾਨਾ ਸਰਕਾਰੀ ਸਕੂਲਾਂ ਦਾ ਦੌਰਾ ਕਰਕੇ ਬੱਚਿਆਂ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਪਿੰਡ ਸੁਰਸਿੰਘ ਦੇ ਸਰਕਾਰੀ ਸਕੂਲ ਵਿਖੇ ਪਹੁੰਚੀ ਆਰਬੀਐਸਕੇ ਦੀ ਟੀਮ ਵੱਲੋਂ ਜਦੋਂ ਹਰਮੀਨ ਦੀ ਸਿਹਤ ਜਾਂਚ ਦੀ ਕੀਤੀ ਗਈ ਤਾਂ ਉਨ੍ਹਾਂ ਨੇ ਹਰਮੀਨ ਨੂੰ ਦਿਲ ਦੀ ਬਿਮਾਰੀ ਹੋਣ ਦਾ ਖਦਸ਼ਾ ਪ੍ਰਗਟਾਇਆ ਸੀ, ਜਿਸ ਤੋਂ ਬਾਅਦ ਜਦੋਂ ਟੀਮ ਨੇ ਹਰਮੀਨ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਭੇਜਿਆ ਤਾਂ ਮਾਹਿਰ ਡਾਕਟਰਾਂ ਵਲੋਂ ਚੈਕਅੱਪ ਕਰਨ ਮਗਰੋਂ ਹਰਮੀਨ ਨੂੰ ਦਿਲ ਦੀ ਬੀਮਾਰੀ ਹੋਣ ਦੀ ਪੁਸ਼ਟੀ ਕੀਤੀ ਗਈ ਸੀ। ਦਿਲ ਦੀ ਬੀਮਾਰੀ ਦਾ ਪਤਾ ਲੱਗਣ ਤੋਂ ਤੁਰੰਤ ਬਾਅਦ ਸਿਹਤ ਵਿਭਾਗ ਦੀ ਟੀਮ ਵੱਲੋਂ ਹਰਮੀਨ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ 'ਚ ਦਾਖਲ ਕਰਕੇ ਉਸਦਾ ਇਲਾਜ ਸ਼ੁਰੂ ਕੀਤਾ ਗਿਆ ਅਤੇ ਹੁਣ ਲੱਗਭਗ 2 ਹਫਤੇ ਦੇ ਸਫਲ ਇਲਾਜ ਤੋਂ ਬਾਅਦ ਉਸਨੂੰ ਹਸਪਤਾਲ ਤੋਂ ਛੁੱਟੀ ਮਿਲੀ ਹੈ। ਐਸਐਮਓ ਕੁਲਤਾਰ ਸਿੰਘ ਨੇ ਕਿਹਾ ਕਿ ਆਰਬੀਐਸਕੇ ਪ੍ਰੋਗਰਾਮ ਤਹਿਤ 30 ਇਲਾਜਯੋਗ ਬਿਮਾਰੀਆਂ ਤੋਂ ਪੀੜ੍ਹਤ ਬੱਚਿਆਂ ਦਾ ਇਲਾਜ ਸਿਹਤ ਵਿਭਾਗ ਵੱਲੋਂ ਬਿਲਕੁਲ ਮੁਫਤ ਕਰਵਾਇਆ ਜਾਂਦਾ ਹੈ। ਇਸ ਮੌਕੇ ਜਦੋਂ ਇਲਾਜ ਮਗਰੋਂ ਸਿਹਤਯਾਬ ਹੋਈ ਹਰਮੀਨ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਸਦਾ ਕਹਿਣਾ ਸੀ ਕਿ ਇਲਾਜ ਤੋਂ ਪਹਿਲਾ ਉਸਨੂੰ ਛਾਤੀ 'ਚ ਦਰਦ ਅਤੇ ਸਾਹ ਚੜ੍ਹਦਾ ਸੀ, ਪਰ ਹੁਣ ਉਹ ਪੂਰੀ ਤਰ੍ਹਾਂ ਸਿਹਤਮੰਦ ਹੈ। ਇਸ ਮੌਕੇ ਹਰਮੀਨ ਦੇ ਦਾਦੀ ਸ਼੍ਰੀਮਤੀ ਬਲਵਿੰਦਰ ਕੌਰ ਨੇ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਚਲਾਏ ਜਾ ਰਹੇ ਅਜਿਹੇ ਪ੍ਰੋਗਰਾਮ ਗਰੀਬ ਪਰਿਵਾਰਾਂ ਲਈ ਬਹੁਤ ਵੱਡੀ ਉਮੀਦ ਅਤੇ ਸਹਾਰਾ ਹਨ। ਇਸ ਮੌਕੇ ਡਾ. ਕਰਮਬੀਰ ਸਿੰਘ ਡਾ. ਦਰਪਣ ਭਗਤ, ਬਲਾਕ ਐਜੂਕੇਟਰ ਨਵੀਨ ਕਾਲੀਆ, ਐਸਆਈ ਲਖਵਿੰਦਰ ਸਿੰਘ ਫਾਰਮਾਸਿਸਟ ਰਜਵੰਤ ਕੌਰ, ਨਵਜੋਤ ਕੌਰ ਆਦਿ ਅਧਿਕਾਰੀ ਮੌਜੂਦ ਸਨ।

# ਅਜੈਬਵਾਲੀ ਨੇੜੇ ਪੁਲ ਬਣਾਉਣ ਨੂੰ ਸਰਕਾਰ ਵੱਲੋਂ ਹਰੀ ਝੰਡੀ



**ਮਜੀਠਾ (ਸ਼ੋਇਮ ਆਨੰਦ)**-ਮਜੀਠਾ ਕੱਥੂਨੰਗਲ ਸੜਕ 'ਤੇ ਪਿੰਡ ਅਜੈਬਵਾਲੀ ਲਾਗੇ ਇੱਕ ਪੁਲ ਮਜੀਠਾ ਕੱਥੂਨੰਗਲ ਸੜ੍ਹਕ ਤੋਂ ਤਲਵੰਡੀ ਭਰਥ ਡਰੇਨ ਵਾਲਾ ਜਿਹੜਾ ਕਿ ਕਾਫੀ ਸਮੇ ਤੋਂ ਟੁੱਟ ਗਿਆ ਸੀ ਅਤੇ ਉਸ ਉਤੇ ਅਨੇਕਾਂ ਹਾਦਸੇ ਹੋ ਚੁੱਕੇ ਸਨ ਤੇ ਕਈ ਕੀਮਤੀ ਜਾਨਾ ਵੀ ਜਾ ਚੁੱਕੀਆਂ ਸਨ। ਇਲਾਕੇ ਦੇ ਲੋਕਾਂ ਵਲੋਂ ਹਲਕਾ ਵਿਧਾਇਕ ਗਨੀਵ ਕੌਰ ਮਜੀਠੀਆ ਤੱਕ ਪਹੁੰਚ ਕਰਕੇ ਇਸ ਨੂੰ ਬਣਾਉਣ ਦੀ ਮੰਗ ਕੀਤੀ ਜਿਸ ਤੇ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਆਪ ਇਸ ਪੁਲ ਦਾ ਜਾਇਜ਼ਾ ਲਿਆ ਅਤੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਇਹ ਪੁਲ ਬਣਾਉਣ ਦਾ ਪ੍ਰਸਤਾਵ ਰਖਿਆ ਜਿਸ ਤੇ ਸਬੰਧਤ ਮੰਤਰੀ ਨੇ ਇਸ ਨੂੰ ਜਲਦੀ ਬਣਾਉਣ ਦੀ ਗੱਲ ਸੈਸ਼ਨ ਵਿਚ ਕਹੀ। ਇਲਾਕੇ ਦੇ ਲੋਕਾਂ ਨੇ ਐਸਡੀਐਮ ਮਜੀਠਾ ਡਾ: ਹਰਨੂਰ ਕੌਰ ਦੇ ਧਿਆਨ ਵਿਚ ਵੀ ਇਹ ਗਲ ਲਿਆਂਦੀ। ਵਿਧਾਨ ਸਭਾ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਐਸਡੀਐਮ ਮਜੀਠਾ ਨੇ ਇਸ ਸਾਰੇ ਕੇਸ ਨੂੰ ਪ੍ਰਸ਼ਾਸਨਿਕ ਤੌਰ ਤੇ ਆਪਣੇ ਹੱਥਾਂ ਵਿਚ ਲਿਆ ਅਤੇ ਲਗਾਤਾਰ ਚਿੱਠੀ ਪੱਤਰ ਕਰਕੇ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪੰਜਾਬ ਦੇ ਸਕੱਤਰ ਪੱਧਰ ਦੇ ਅਧਿਕਾਰੀਆਂ ਨਾਲ ਰਾਬਤਾ ਕੀਤਾ। ਜਿਸ ਤੇ ਸਕੱਤਰ ਪੰਜਾਬ ਸਰਕਾਰ ਲੋਕ ਨਿਰਮਾਣ ਵਿਭਾਗ ਵਲੋਂ ਇਹ ਪੁਲ ਬਣਾਉਣ ਲਈ ਮਨਜ਼ੂਰੀ ਪੱਤਰ ਜਾਰੀ ਹੋ ਚੁੱਕਾ ਹੈ। ਮਨਜ਼ੂਰੀ ਪੱਤਰ ਦੀਆਂ ਕਾਪੀਆਂ ਪੱਤਰਕਾਰਾਂ ਨਾਲ ਸਾਂਝੀਆਂ ਕਰਦਿਆਂ ਐਸਡੀਐਮ ਡਾ: ਹਰਨੂਰ ਕੌਰ ਢਿੱਲੋਂ ਨੇ ਦੱਸਿਆ ਕਿ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਉਕਤ ਕੰਮ ਲਈ ਸਰਕਾਰ ਵਲੋਂ ਇਹ ਪੁਲ ਬਣਾਉਣ ਲਈ ਕਰੀਬ 2 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ ਅਤੇ ਨਾਲ ਹੀ ਲੋਕ ਨਿਰਮਾਣ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ ਕਿ ਇਸ ਕੰਮ ਦਾ ਜਲਦੀ ਤੋਂ ਜਲਦੀ ਟੈਂਡਰ ਲਗਵਾ ਕੇ ਇਸ ਨੂੰ ਪਾਸ ਕਰਕੇ ਇਸ ਪੁਲ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਾਇਆ ਜਾਵੇ। ਐਸਡੀਐਮ ਮਜੀਠਾ ਨੇ ਦੱਸਿਆ ਕਿ ਉਨ੍ਹਾਂ ਦੇ ਦਫਤਰ ਵਲੋਂ ਵੀ ਕਾਰਜਕਾਰੀ ਇੰਜੀਨੀਅਰ ਸੜ੍ਹਕ ਨਿਰਮਾਣ ਵਿਭਾਗ ਨੂੰ ਪੱਤਰ ਲਿਖ ਕੇ ਸੱਤ ਦਿਨਾਂ ਦੇ ਅੰਦਰ ਅੰਦਰ ਟੈਂਡਰ ਲਗਾ ਕੇ ਇਸਦੀ ਰਿਪੋਰਟ ਦਫਤਰ ਭੇਜਣ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸੜ੍ਹਕ ਨਿਰਮਾਣ ਵਿਭਾਗ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜਲਦੀ ਤੋਂ ਜਲਦੀ ਇਸ ਪ੍ਰਵਾਨਿਤ ਕੰਮ ਦਾ ਟੈਂਡਰ ਲਗਾ ਕੇ ਇਸ ਨੂੰ ਮਨਜ਼ੂਰ ਕਰਕੇ ਇਸ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਾਇਆ ਜਾਵੇ ਤਾਂ ਕਿ ਇਸ ਪੁਲ ਰਸਤੇ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸ ਪੁਲ ਦਾ ਉਹ ਖੁਦ ਮੌਕੇ ਤੇ ਜਾ ਕੇ ਨਿਰੀਖਣ ਕਰ ਚੁੱਕੇ ਹਨ। ਇਸ ਮੌਕੇ ਐਸਡੀਐਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਦੇ ਨਾਲ ਲੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਲਿਆਸ ਮਸੀਹ,ਨਾਇਬ ਕੋਰਟ ਨਿਰਮਲ ਸਿੰਘ ਵੀ ਮੌਜੂਦ ਸਨ।

# ਹਰ ਸੋਮਵਾਰ ਮਿੱਲ ਅਧਿਕਾਰੀ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨਗੇ

**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਹਿਕਾਰੀ ਖੰਡ ਮਿੱਲ ਪਨਿਆੜ ਅਤੇ ਬਟਾਲਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸਹਿਕਾਰੀ ਗੰਨਾ ਮਿੱਲਾਂ ਨਾਲ ਜੁੜੇ ਸ਼ੇਅਰ ਹੋਲਡਰ ਕਿਸਾਨਾਂ ਦੇ ਮਸਲਿਆਂ, ਗੰਨੇ ਦੀ ਪਿੜਾਈ, ਪਰਚੀਆਂ ਅਤੇ ਪੇਮੈਂਟ ਨਾਲ ਸਬੰਧਤ ਮਸਲਿਆਂ ਦੇ ਨਿਪਟਾਰੇ ਲਈ ਹਰ ਹਫ਼ਤੇ ਦੇ ਸੋਮਵਾਰ ਕਿਸਾਨਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਿਆ ਕਰਨ। ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮਿੱਲਾਂ ਵਿੱਚ ਹਰ ਸੋਮਵਾਰ ਸਵੇਰੇ 9:00 ਤੋਂ ਦੁਪਹਿਰ 12:00 ਵਜੇ ਤੱਕ ਇਹ ਮੀਟਿੰਗ ਹੋਵੇਗੀ ਜਿਸ ਵਿੱਚ ਮਿੱਲ ਦੇ ਅਧਿਕਾਰੀਆਂ ਵੱਲੋਂ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਜਾਵੇਗਾ। ਉਨ੍ਹਾਂ ਕਿਹਾ ਸਹਿਕਾਰੀ ਖੰਡ ਮਿੱਲ ਬਟਾਲਾ ਦੀ ਮੀਟਿੰਗ ਬਟਾਲਾ ਮਿੱਲ ਵਿਖੇ ਜਦਕਿ ਪਨਿਆੜ ਮਿੱਲ ਦੀ ਮੀਟਿੰਗ ਪਨਿਆੜ ਮਿੱਲ ਵਿਖੇ ਹੋਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਦੇ ਸਹਿਕਾਰੀ ਖੰਡ ਮਿੱਲਾਂ ਨਾਲ ਸਬੰਧਤ ਕੋਈ ਮਸਲੇ ਹਨ ਤਾਂ ਉਹ ਹਰ ਸੋਮਵਾਰ ਸਵੇਰੇ 9:00 ਤੋਂ ਦੁਪਹਿਰ 12:00 ਵਜੇ ਤੱਕ ਬਟਾਲਾ ਅਤੇ ਪਨਿਆੜ ਮਿੱਲਾਂ ਵਿੱਚ ਪਹੁੰਚ ਕੇ ਅਧਿਕਾਰੀਆਂ ਨੂੰ ਮਿਲ ਸਕਦੇ ਹਨ।

# ਦਾਣਾ ਮੰਡੀ ਅਜਨਾਲਾ ਵਿਖੇ 2 ਰੋਜ਼ਾ ਕ੍ਰਿਕਟ ਟੂਰਨਾਮੈਂਟ ਆਯੋਜਿਤ

## ਧਾਲੀਵਾਲ ਨੇ ਬਤੌਰ ਮੁੱਖ ਮਹਿਮਾਨ ਖਿਡਾਰੀਆਂ ਨੂੰ ਕੀਤੇ ਇਨਾਮ ਤਕਸੀਮ



**ਅਜਨਾਲਾ , (ਸੁਖਤਿੰਦਰ ਸਿੰਘ ਰਾਜੂ)**-ਸਥਾਨਕ ਸ਼ਹਿਰ ਦੇ ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 12 ਦੇ ਇੰਚਾਰਜ ਅਮਰਦੀਪ ਸਿੰਘ ਰਿੰਕੂ ਤੇ ਵਾਰਡ ਨੰਬਰ 5 ਇੰਚਾਰਜ ਗੁਰਦੇਵ ਸਿੰਘ ਗੁਲਾਬ ਦੇ ਸਹਿਯੋਗ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਓ.ਐਸ.ਡੀ. ਚਰਨਜੀਤ ਸਿੰਘ ਸਿੱਧੂ, ਸਿਆਸੀ ਸਲਾਹਕਾਰ ਐਡਵੋਕੇਟ ਰਾਜੀਵ ਮਦਾਨ, 'ਆਪ' ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਦੇ ਸਾਂਝੇ ਉੱਦਮਾਂ ਸਦਕਾ ਗੁਲਾਬ ਨਗਰ ਕਮੇਟੀ ਅਜਨਾਲਾ ਵੱਲੋਂ ਦਾਣਾ ਮੰਡੀ ਅਜਨਾਲਾ ਵਿਖੇ ਨੌਜਵਾਨਾਂ ਨੂੰ ਖੇਡ ਤੇ ਸਮਾਜਿਕ ਸਰੋਕਾਰਾਂ ਨਾਲ ਜੋੜਨ ਹਿੱਤ 32 ਵੱਖ-ਵੱਖ ਟੀਮਾਂ ਵਿਚਾਲੇ 2 ਰੋਜ਼ਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਸ ਮੌਕੇ ਦੂਜੇ ਖੇਡੇ ਗਏ ਫਾਈਨਲ ਮੁਕਾਬਲੇ ਦੀਆਂ ਜੇਤੂ ਤੇ ਉੱਪ-ਜੇਤੂ ਟੀਮਾਂ ਦੇ ਖਿਡਾਰੀਆਂ ਨੂੰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਟਰਾਫੀ ਤੇ ਨਕਦ ਇਨਾਮ ਵੰਡ ਕੇ ਸਨਮਾਨਿਤ ਕਰਦੇ ਹੋਏ ਆਪਣੇ ਅਖਤਿਆਰੀ ਕੋਟੇ 'ਚੋਂ 1 ਲੱਖ ਰੁਪਏ ਉਕਤ ਕਲੱਬ ਨੂੰ ਦਿੱਤੇ ਜਾਣ ਦਾ ਐਲਾਨ ਕੀਤਾ। ਇਸ ਮੌਕੇ ਉਕਤ ਕਲੱਬ ਵੱਲੋਂ ਕੈਬਨਿਟ ਮੰਤਰੀ ਧਾਲੀਵਾਲ ਨੂੰ ਸਾਲ ਤੇ ਯਾਦਗਰੀ ਚਿੰਨ੍ਹ ਨਾਲ ਸਨਮਾਨਿਤ ਕਰਨ ਤੋਂ ਇਲਾਵਾ 'ਆਪ' ਦੇ ਕੌਂਸਲਰਾਂ ਤੇ ਵਾਰਡ ਇੰਚਾਰਜਾਂ ਸਣੇ ਵੱਖ-ਵੱਖ ਸਖ਼ਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ਼ਹੀਦਾਂ ਸਾਹਿਬ (ਕਾਲਿਆਂ ਵਾਲਾ ਖੂਹ) ਪ੍ਰਬੰਧਕ ਕਮੇਟੀ ਦੇ ਸੀਨੀ.ਆਗੂ ਕਾਬਲ ਸਿੰਘ ਸਾਹਪੁਰ, ਭਾਈ ਤੇਜਬੀਰ ਸਿੰਘ ਖਾਲਸਾ, ਉਕਤ ਕ੍ਰਿਕੇਟ ਕਲੱਬ ਦੇ ਪ੍ਰਧਾਨ ਰਾਜੂ ਗੁਲਾਬ, ਵਾਰਡ ਇੰਚਾਰਜ ਪਵਿੱਤਰ ਸਿੰਘ ਫੈਂਸੀ, ਗੋਰਾ ਸੱਗੂ, ਅਮਿਤ ਔਲ, ਰਸ਼ਪਾਲ ਸਿੰਘ ਕੋਟਲਾ, ਅਮਿਤ ਪੁਰੀ, ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਦੀਪਕ ਭੱਟੀ, ਗੁਰਨਾਮ ਸਿੰਘ ਅਜਨਾਲਾ, ਸੁਨੀਲ ਗਿੱਲ, ਸਰਪੰਚ ਗੁਰਨਾਮ ਸਿੰਘ, ਸੁਖਦਿਆਲ ਸਿੰਘ ਆਦਿ ਹਾਜ਼ਰ ਸਨ।

# ਮੱਕੀ, ਬਾਸਮਤੀ, ਪੁਦੀਨੇ, ਮੂੰਗੀ ਆਦਿ ਫਸਲਾਂ 'ਤੇ ਐੱਮ ਐੱਸ ਪੀ ਦੇਣ ਦੀ ਮੰਗ



**ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)**-ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਮੀਟਿੰਗ ਪਿੰਡ ਭੰਗਾਲਾ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਸਾਰਜ ਸਿੰਘ ਰਸੂਲਪੁਰ, ਕਸ਼ਮੀਰ ਸਿੰਘ ਜੋਤੀ ਸਾਹ, ਸਾਹਿਬ ਸਿੰਘ ਸਭਰਾ ਨੇ ਕੀਤੀ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਦੀ ਹਾਜ਼ਰੀ'ਚ ਨਵੀ ਕਮੇਟੀ ਦਾ ਸਰਬਸੰਮਤੀ ਨਾਲ ਗਠਨ ਕੀਤਾ ਗਿਆ। ਕਿਸਾਨਾਂ ਨੂੰ ਜ਼ੁੰਮੇਵਾਰੀਆ ਸੌਂਪੀਆਂ ਗਈਆਂ। ਲਖਵਿੰਦਰ ਸਿੰਘ ਭੰਗਾਲਾ ਨੂੰ ਜ਼ੋਨ ਬਾਬਾ ਬੀਰ ਸਿੰਘ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਵਿਰਸਾ ਸਿੰਘ ਨੂੰ ਪਿੰਡ ਦਾ ਇਕਾਈ ਪ੍ਰਧਾਨ ਨਿਯੁਕਤ ਕੀਤਾ ਗਿਆ। ਵੱਖ-ਵੱਖ ਅਹੁਦੇਦਾਰ ਨਿਯੁਕਤ ਕਰਦਿਆਂ ਪਿੰਡ 'ਚ 70 ਮੈਂਬਰੀ ਕਮੇਟੀ ਗਠਿਤ ਕੀਤੀ ਗਈ। ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬਾਸਮਤੀ, ਪੁਦੀਨਾ, ਮੂੰਗੀ ਮੱਕੀ ਆਦਿ ਫਸਲਾਂ ਤੇ ਸਰਕਾਰਾਂ ਵੱਲੋਂ ਕਿਸਾਨਾਂ ਨਾਲ ਕੀਤੇ ਹੋਏ ਵਾਅਦਿਆਂ ਮੁਤਾਬਕ ਐਮ ਐਸ ਪੀ ਦੇਣ ਦੀ ਮੰਗ ਕੀਤੀ ਮੰਡੀਆਂ 'ਚ ਮੱਕੀ ਆਦਿ ਕਿਸਾਨਾਂ ਦੀਆਂ ਫਸਲਾਂ ਨੂੰ ਨਾ ਰੋਲਿਆ ਜਾਵੇ। ਪੰਜਾਬ ਸਰਕਾਰ ਵੱਲੋਂ ਮੰਡੀਆਂ 'ਚ ਵਪਾਰੀਆਂ ਨੂੰ ਹਦਾਇਤ ਕਰੇ ਕਿ ਐਮ ਐਸ ਪੀ ਮੁਤਾਬਕ ਫਸਲਾਂ ਦੀ ਖਰੀਦ ਯਕੀਨੀ ਜਾਵੇ। ਵਪਾਰੀਆਂ ਵੱਲੋਂ ਮੰਡੀਆਂ ਵਿੱਚ ਕੀਤੀ ਹੋਈ ਲੁੱਟ ਕਿਸਾਨਾਂ ਨੂੰ ਵਾਪਿਸ ਕਰਵਾਈ ਜਾਵੇ। ਸਰਕਾਰ ਐਮ ਐਸ ਪੀ ਦਾ ਗਾਰੰਟੀ ਕਾਨੂੰਨ ਲਾਗੂ ਕਰੇ ਤੇ ਮੀਟਿੰਗ ਵਿੱਚ ਜੋਨ ਪ੍ਰਧਾਨ ਕਾਰਜ ਸਿੰਘ ਜਗਜੀਤ ਸਿੰਘ ਸਭਰਾ, ਮੇਜਰ ਸਿੰਘ, ਜਸਪਾਲ ਸਿੰਘ, ਪ੍ਰਗਟ ਸਿੰਘ, ਬਲਦੇਵ ਸਿੰਘ, ਚਾਨਣ ਸਿੰਘ, ਸੁਖਦੇਵ ਸਿੰਘ, ਅੰਗਰੇਜ ਸਿੰਘ, ਗੁਰਚਰਨ ਸਿੰਘ, ਗੁਰਨਾਮ ਸਿੰਘ ਚਰਨਜੀਤ ਸਿੰਘ, ਨਸੀਬ ਸਿੰਘ, ਗੁਰਮੇਜ ਸਿੰਘ, ਜੈਮਲ ਸਿੰਘ, ਜਸਵੰਤ ਸਿੰਘ, ਪਰਗਟ ਸਿੰਘ, ਡਾ. ਸ਼ਰਮਾ ਸਿੰਘ, ਹਰਬੰਸ ਸਿੰਘ, ਸਰਜੀਤ ਸਿੰਘ, ਸਤਨਾਮ ਸਿੰਘ, ਦਿਆਲ ਸਿੰਘ, ਨਿਰਵੈਲ ਸਿੰਘ, ਨਿਰਵੈਲ ਸਿੰਘ ਗਹਿਰੀ, ਬਲਵਿੰਦਰ ਸਿੰਘ, ਹਰਜੀਤ ਸਿੰਘ, ਬੋਹੜ ਸਿੰਘ, ਜਰਨੈਲ ਸਿੰਘ, ਰਜਿੰਦਰ ਸਿੰਘ, ਬਿਸਰਾਮ ਸਿੰਘ, ਤਲਵਿੰਦਰ ਸਿੰਘ, ਤਾਰਾ ਸਿੰਘ, ਮੇਜਰ ਸਿੰਘ, ਬਲਵਿੰਦਰ ਸਿੰਘ, ਆਦਿ ਕਿਸਾਨ ਹਾਜ਼ਰ ਸਨ।

# ਧੂੰਦਾ, ਭੈਲ ਤੇ ਛਾਪੜੀ ਸਾਹਿਬ ਵਿਖੇ ਲਗਾਏ ਮਲੇਰੀਆ ਜਾਗਰੂਕਤਾ ਕੈਂਪ



**ਚੋਹਲਾ ਸਾਹਿਬ (ਰਮਨ ਚੱਢਾ)**-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ, ਜ਼ਿਲਾ ਐਪੀਡੀਮੋਲੋਜਿਸਟ ਡਾ. ਸਿਮਰਨ ਕੌਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਾ. ਜਤਿੰਦਰ ਸਿੰਘ ਗਿੱਲ ਸਰਹਾਲੀ ਦੀ ਯੋਗ ਅਗਵਾਈ ਹੇਠ ਅੱਜ ਸਬ ਸੈਂਟਰ ਧੂੰਦਾ-ਭੈਲ ਅਤੇ ਛਾਪੜੀ ਸਾਹਿਬ ਵਿਖੇ ਮਲੇਰੀਆ ਬੁਖਾਰ ਸਬੰਧੀ ਜਾਗਰੂਕਤਾ ਕੈਂਪ ਲਗਾਏ ਗਏ। ਇਸ ਮੌਕੇ ਅਮਨਦੀਪ ਸਿੰਘ ਫਤਿਹਾਬਾਦ, ਅਮਨਪ੍ਰੀਤ ਸਿੰਘ ਹੈਲਥ ਵਰਕਰ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਸ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਨਹੀਂ ਖੜਾ ਹੋਣ ਦੇਣਾ ਚਾਹੀਦਾ। ਇਸ ਸਮੇਂ ਗੁਰਦੀਪ ਸਿੰਘ ਫਤਿਹਗੜ੍ਹ ਚੂੜੀਆਂ ਨੇ ਦੱਸਿਆ ਕਿ ਸਾਨੂੰ ਪੂਰੀਆਂ ਬਾਂਹਵਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ ਅਤੇ ਰਾਤ ਨੂੰ ਸੌਣ ਵੇਲੇ ਮੱਛਰ ਭਜਾਊ ਕਰੀਮਾਂ ਅਤੇ ਮੱਛਰਦਾਨੀਆ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਅਮਨਦੀਪ ਸਿੰਘ ਧੂੰਦਾ ਨੇ ਦੱਸਿਆ ਕਿ ਬੁਖਾਰ ਹੋਣ ਦੀ ਸੂਰਤ ਵਿੱਚ ਆਪਣੇ ਨੇੜੇ ਦੇ ਸਿਹਤ ਕੇਂਦਰ ਜਾਂ ਸਿਹਤ ਕਰਮਚਾਰੀ ਤੋਂ ਆਪਣੇ ਖ਼ੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਸਰਬਜੀਤ ਕੌਰ, ਸੂਰਜ ਦੇਵਗਨ ਅਤੇ ਆਸ਼ਾ ਵਰਕਰ ਆਦਿ ਹਾਜ਼ਰ ਸਨ।

# 28 ਅਗਸਤ ਤੱਕ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜੇਸ਼ਨ ਕਰਕੇ ਤਜਵੀਜ਼ ਭੇਜਣ ਦੀਆਂ ਹਦਾਇਤਾਂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਸਮੂਹ ਚੋਣ ਹਲਕਿਆਂ ਦੇ ਪੋਲਿੰਗ ਸਟੇਸਨਾਂ ਦੀ ਰੈਸ਼ਨਲਾਈਜੇਸ਼ਨ ਕਰਕੇ ਤਜਵੀਜ਼ ਭੇਜੀ ਜਾਣੀ ਹੈ। ਚੋਣ ਕਮਿਸ਼ਨ ਵੱਲੋਂ ਪੋਲਿੰਗ ਸਟੇਸਨ ਦੀ ਕਟ ਆਫ ਲਿਮਟ 1500 ਵੋਟਰ ਰੱਖੀ ਗਈ ਹੈ। ਇਸ ਸਬੰਧੀ ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਸੁਭਾਸ਼ ਚੰਦਰ ਨੇ ਜ਼ਿਲ੍ਹੇ ਦੇ ਸਮੂਹ ਚੋਣਕਾਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਰੈਸ਼ਨਲਾਈਜੇਸ਼ਨ ਸਬੰਧੀ ਮੈਨੂਅਲ ਆਫ ਪੋਲਿੰਗ ਸਟੇਸ਼ਨ 2020 ਵਿਚ ਦਿੱਤੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੋਲਿੰਗ ਸਟੇਸ਼ਨਾਂ ਦੀ ਫੈਸਨੇਲਾਈਜੇਸ਼ਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਤਜਵੀਜ਼ ਭੇਜਣ ਤੋਂ ਪਹਿਲਾਂ ਪੋਲਿੰਗ ਸਟੇਸਨਾਂ ਦੀ ਵਾਸਤਵਿਕ ਪੜਤਾਲ ਜ਼ਰੂਰ ਕਰਵਾਈ ਜਾਵੇ ਅਤੇ ਰਾਜਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਮੀਟਿੰਗ ਕਰਨ ਉਪਰੰਤ ਹੀ ਤਜਵੀਜ਼ਾਂ ਇਸ ਦਫਤਰ ਨੂੰ ਭੇਜੀਆ ਜਾਣ। ਉਨ੍ਹਾਂ ਕਿਹਾ ਕਿ ਸਮੂਹ ਵਿਧਾਨ ਸਭਾ ਹਲਕਿਆਂ ਦੇ ਰਿਟਰਨਿੰਗ ਅਫ਼ਸਰ ਮਿਤੀ 28 ਅਗਸਤ 2023 ਤੱਕ ਜ਼ਿਲ੍ਹਾ ਚੋਣ ਦਫ਼ਤਰ ਨੂੰ ਭੇਜਣ। ਉਨ੍ਹਾਂ ਕਿਹਾ ਕਿ ਇਸ ਤਰੀਕ ਤੋਂ ਬਾਅਦ ਕਿਸੇ ਵੀ ਪੋਲਿੰਗ ਸਟੇਸਨ ਦੀ ਤਬਦੀਲੀ ਸਬੰਧੀ ਕੋਈ ਵੀ ਤਜਵੀਜ਼ ਨਹੀਂ ਵਿਚਾਰੀ ਜਾਵੇਗੀ।

# 5 ਕਰੋੜ ਦੀ ਲਾਗਤ ਨਾਲ ਨੰਗਲ ਦੀਆਂ ਤਕਨੀਕੀ ਸਿਖਲਾਈ ਸੰਸਥਾਵਾਂ ਦੀ ਬਦਲੇਗੀ ਨੁਹਾਰ : ਬੈਂਸ

**ਨੰਗਲ (ਸੁਰਜੀਤ ਸਿੰਘ)** -ਨੌਜਵਾਨਾਂ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਹੁਨਰ ਸਿਖਲਾਈ ਦੇਣ ਲਈ 5 ਕਰੋੜ ਦੀ ਲਾਗਤ ਨਾਲ ਨੰਗਲ ਦੀਆਂ ਦੋਵੇਂ ਆਈ ਟੀ ਆਈਜ਼ (ਲੜਕੇ, ਲੜਕੀਆਂ) ਦੀ ਨੁਹਾਰ ਬਦਲੀ ਜਾਵੇਗੀ। ਆਈ ਟੀ ਆਈਜ਼ ਦੇ ਪ੍ਰਿੰਸੀਪਲ, ਸਰਕਾਰੀ ਸਕੂਲਾਂ ਦੇ ਹੈਡਮਾਸਟਰ ਤੇ ਪ੍ਰਿੰਸੀਪਲ ਵਿਦੇਸ਼ 'ਚ ਸਿਖਲਾਈ ਲਈ ਭੇਜੇ ਜਾਣਗੇ ਤਾਂ ਕਿ ਨੌਜਵਾਨਾਂ ਦਾ ਭਵਿੱਖ ਸੁਨਹਿਰਾ ਬਣਾਇਆ ਜਾ ਸਕੇ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਸਕੂਲ ਸਿੱਖਿਆ ਪੰਜਾਬ ਨੇ ਨੰਗਲ 'ਚ ਨਵੀ ਉਸਾਰੀ ਗਈ ਆਈ ਟੀ ਆਈ (ਲੜਕੀਆਂ) ਦੀ ਇਮਾਰਤ ਨੂੰ ਲੋਕ ਅਰਪਣ ਕਰਨ ਉਪਰੰਤ ਸਿੱਖਿਆਰਥੀਆਂ ਤੇ ਇਲਾਕਾ ਵਾਸੀਆ ਦੇ ਭਰਵੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਆਈ ਟੀ ਆਈਜ਼ ਦੇ ਪ੍ਰਿੰਸੀਪਲ, ਟਰੇਨਿੰਗ ਅਫਸਰ ਤੇ ਇੰਸਟਰਕਟਰਜ਼ ਨੂੰ ਮੌਜੂਦਾ ਤਕਨੀਕੀ ਸੁਵਿਧਾਵਾ ਬਾਰੇ ਜਾਣਕਾਰੀ ਦੇਣ ਫਕੈਲਟੀ ਡਵੈਲਪਮੈਂਟ ਪ੍ਰੋਗਰਾਮ ਤਹਿਤ ਸਿਖਲਾਈ ਦਿੱਤੀ ਜਾਵੇਗੀ। ਇਸ ਦੇ ਲਈ ਆਈ ਟੀ ਆਈਜ਼ ਦੇ ਪ੍ਰਿੰਸੀਪਲ ਸਿਖਲਾਈ ਲਈ ਵਿਦੇਸ਼ ਵੀ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ 72 ਪ੍ਰਿੰਸੀਪਲ ਪਹਿਲਾ ਸਿੰਘਾਪੁਰ ਸਿਖਲਾਈ ਲੈ ਕੇ ਆਏ ਹਨ, ਜੁਲਾਈ ਮਹੀਨੇ ਵਿੱਚ ਦੋ ਹੋਰ ਬੈਂਚ ਭੇਜੇ ਜਾਣਗੇ ਜਦੋ ਕਿ ਫਿਨਲੈਂਡ 'ਚ ਹੈਡਮਾਸਟਰ ਭੇਜੇ ਜਾ ਰਹੇ ਹਨ।

ਤਕਨੀਕੀ ਸਿੱਖਿਆ ਮੰਤਰੀ ਨੇ ਕਿਹਾ ਕਿ 200 ਕਰੋੜ ਰੁਪਏ ਦੀ ਲਾਗਤ ਨਾਲ ਸਮੁੱਚੇ ਪੰਜਾਬ ਦੀਆਂ ਆਈ.ਟੀ.ਆਈਜ਼ ਦੀ ਨੁਹਾਰ ਬਦਲੀ ਜਾਵੇਗੀ। ਆਈ.ਟੀ.ਆਈਜ਼ ਵਿੱਚ ਦਹਾਕਿਆਂ ਤੋਂ ਪੁਰਾਣੇ ਟਰੇਡ ਚੱਲ ਰਹੇ ਹਨ, ਜਦੋਂ ਕਿ ਤਕਨੀਕੀ ਯੁੱਗ ਵਿੱਚ ਨਿੱਤ ਨਵੀ ਕ੍ਰਾਂਤੀ ਆ ਰਹੀ ਹੈ। ਸਿਖਿਆਰਥੀਆਂ ਨੂੰ ਅੱਜ ਦੇ ਸਮੇਂ ਦੀ ਮੰਗ ਅਨੁਸਾਰ ਸਿਖਲਾਈ ਦੇਣ ਦਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਨੰਗਲ ਦੀ ਆਈ ਟੀ ਆਈ ਲੜਕੇ ਦੇ ਪ੍ਰਿੰ. ਗੁਰਨਾਮ ਸਿੰਘ ਭੱਲੜੀ ਅਤੇ ਲੜਕੀਆਂ ਦੇ ਪ੍ਰਿੰ. ਰਾਮ ਸਿੰਘ ਵੱਲੋਂ ਕੀਤੀ ਜਾ ਰਹੀ ਅਣਥੱਕ ਮਿਹਨਤ ਅਤੇ ਆਈ ਟੀ ਆਈਜ਼ ਵਿੱਚ ਲਿਆਦੇ ਜਾ ਰਹੇ ਬਦਲਾਓ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਡੇ ਇਲਾਕੇ 'ਚ ਇਹ ਆਈ ਟੀ ਆਈਜ਼ ਜਲਦੀ ਪੰਜਾਬ ਦੀਆਂ ਨੰਬਰ ਇੱਕ ਤਕਨੀਕੀ ਸਿੱਖਿਆ ਸੰਸਥਾਵਾ ਬਣ ਜਾਣਗੀਆਂ।

# ਡਾ. ਰੁਪਿੰਦਰਜੀਤ ਸਿੰਘ ਨੇ ਬਤੌਰ ਇੰਚਾਰਜ ਅਹੁਦਾ ਸੰਭਾਲਿਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਬ ਹੈਲਥ ਸੈਂਟਰ ਪਿੰਡ ਕੋਟ ਟੋਡਰਮੱਲ ਵਿਖੇ ਰੂਰਲ ਮੈਡੀਕਲ ਅਫਸਰ ਡਾ. ਰੁਪਿੰਦਰਜੀਤ ਸਿੰਘ ਨੇ ਬਤੌਰ ਇੰਚਾਰਜ ਆਪਣਾ ਚਾਰਜ ਸੰਭਾਲ ਲਿਆ ਹੈ। ਸਬ ਸਿਹਤ ਕੇਂਦਰ ਵਿਖੇ ਪੁੱਜਣ ਤੇ ਸਮੂਹ ਸਟਾਫ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਡਾ. ਰੁਪਿੰਦਰਜੀਤ ਸਿੰਘ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਚਾਰਜ ਸੰਭਾਲਣ ਉਪਰੰਤ ਕਿਹਾ ਕਿ ਸਿਹਤ ਕੇਂਦਰ ਵਿਖੇ ਸਮੂਹ ਸਟਾਫ ਦੇ ਸਹਿਯੋਗ ਨਾਲ ਮਰੀਜ਼ਾਂ ਨੂੰ ਸਰਕਾਰ ਵੱਲੋਂ ਜੋ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਵਾਸਤੇ ਹਮੇਸ਼ਾ ਵਚਨਬੱਧ ਰਹਿਣਗੇ। ਇਸ ਮੌਕੇ ਸਟਾਫ ਮੈਂਬਰਾਂ 'ਚ ਡਾ. ਸੁਰਿੰਦਰਪਾਲ, ਮਨਜੀਤ ਰਾਜ ਐੱਚ ਆਈ, ਭੁਪਿੰਦਰ ਕੌਰ ਏਐਨਐਮ, ਹਰਮੀਤ ਸਿੰਘ ਐਮਪੀਐਚਡਬਲਿਊ ਤੇ ਆਸ਼ਾ ਵਰਕਰ ਹਾਜ਼ਰ ਸਨ।

# ਦਿਵਿਆਂਗਤਾ ਸਰਟੀਫਿਕੇਟ ਬਣਾਉਣ ਸੰਬੰਧੀ ਲਗਾਇਆ ਵਿਸ਼ੇਸ਼ ਕੈਂਪ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਜ਼ਿਲਾ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਅਤੇ ਸਿਵਲ ਸਰਜਨ, ਤਰਨਤਾਰਨ, ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆ ਸੀਨੀਅਰ ਮੈਡੀਕਲ ਅਫਸਰ, ਡਾ. ਕੁਲਤਾਰ ਸਿੰਘ ਦੀ ਯੋਗ ਅਗਵਾਈ ਹੇਠ ਮੰਗਲਵਾਰ ਨੂੰ ਪਿੰਡ ਪਹੁਵਿੰਡ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਵਿਖੇ ਦਿਵਿਆਂਗਤਾ ਸਰਟੀਫਿਕੇਟ ਬਣਾਉਣ ਸਬੰਧੀ ਵਿਸ਼ੇਸ਼ ਕੈਂਪ ਲਗਾਇਆ ਗਿਆ। ਸਿਹਤ ਵਿਭਾਗ ਵੱਲੋਂ ਬਾਬਾ ਦੀਪ ਸਿੰਘ ਜੀ ਹੈਂਡੀਕੈਪਡ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਬਾਰੇ ਜਾਣਕਾਰੀ ਦਿੰਦਿਆ ਡਾ. ਕੁਲਤਾਰ ਸਿੰਘ ਨੇ ਦੱਸਿਆ ਕਿ ਕੈਂਪ ਦਾ ਲਾਭ ਬਲਾਕ ਭਿੱਖੀਵਿੰਡ ਦੇ ਯੋਗ ਲਾਭਪਾਤਰੀਆਂ ਤੋਂ ਇਲਾਵਾ ਨੇੜਲੇ ਬਲਾਕਾਂ ਦੇ ਵਿਅਕਤੀਆਂ ਵੱਲੋਂ ਲਿਆ ਗਿਆ। ਇਸ ਕੈਂਪ ਦੌਰਾਨ ਹੱਡੀਆਂ ਦੇ ਮਾਹਿਰ, ਡਾ. ਮਨਦੀਪ ਸਿੰਘ, ਕੰਨ, ਨੱਕ ਅਤੇ ਗਲੇ ਦੇ ਮਾਹਿਰ, ਡਾ. ਮਨਮੋਹਨ ਸਿੰਘ, ਮੈਡੀਸਿਨ ਦੇ ਮਾਹਿਰ, ਡਾ. ਅਮਨਦੀਪ ਸਿੰਘ ਧੰਜੂ ਅਤੇ ਅੱਖਾਂ ਦੀ ਜਾਂਚ ਲਈ ਆਪਥਾਲਮਿਕ ਅਫਸਰ, ਪ੍ਰਿਤਪਾਲ ਸਿੰਘ ਅਤੇ ਮਨੋਰੋਗ ਕਾਉਂਸਲਰ, ਪਰਮਿੰਦਰ ਪਾਲ ਸਿੰਘ ਵੱਲੋਂ ਦਿਵਿਆਂਗ ਵਿਅਕਤੀਆਂ ਦੀ ਜਾਂਚ ਕਰਕੇ ਉਨਾਂ ਦੇ ਸਰਟੀਫਿਕੇਟ ਬਣਾਏ ਗਏ। ਇਸ ਮੌਕੇ ਸੀ.ਡੀ.ਪੀ.ਓ ਸੰਜੂ ਵੀ ਹਾਜ਼ਰ ਸਨ। ਇਸ ਮੌਕੇ ਬਾਬਾ ਦੀਪ ਸਿੰਘ ਜੀ ਹੈਂਡੀਕੈਪਡ ਵੈਲਫੇਅਰ ਸੋਸਾਇਟੀ ਤੋਂ ਗੁਰਵਰਿਆਮ ਸਿੰਘ, ਹਰਫੂਲ ਸਿੰਘ, ਕੁਲਵਿੰਦਰ ਸਿੰਘ, ਗੁਰਲਾਲ ਸਿੰਘ, ਬਲਾਕ ਐਜੂਕੇਟਰ ਨਵੀਨ ਕਾਲੀਆ, ਫਾਰਮੇਸੀ ਅਫਸਰ ਰਾਮ ਕੁਮਾਰ, ਸੁਖਵੰਤ ਸਿੰਘ ਐਸ ਆਈ ਲਖਵਿੰਦਰ ਸਿੰਘ, ਗਗਨਦੀਪ ਸਿੰਘ, ਰਣਬੀਰ ਸਿੰਘ,ਬਲਜਿੰਦਰ ਸਿੰਘ, ਬਖਤਾਵਰ ਸਿੰਘ, ਤੇਜਬੀਰ ਸਿੰਘ, ਗੁਰਮਨ ਸਿੰਘ, ਸੁਖਦੇਵ ਸਿੰਘ, ਕੁਲਵੰਤ ਸਿੰਘ, ਹਰਿੰਦਰ ਸਿੰਘ, ਹਰਚੰਦ ਸਿੰਘ ਆਦਿ ਮੌਜੂਦ ਰਹੇ।

# ਸੁਰੀਲੇ ਗਾਇਕਾਂ ਨੇ ਲੁੱਟਿਆ ਬਾਬਾ ਵਣ ਪੀਰ ਦਾ ਸਾਲਾਨਾ ਜੋੜ ਮੇਲਾ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਝਬਾਲ ਤੋ ਥੋੜੀ ਦੂਰ ਪਿੰਡ ਪੰਜਵੜ ਵਿਖੇ ਧੰਨ-ਧੰਨ ਬਾਬਾ ਵਣ ਪੀਰ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰਾਂ ਇਸ ਵਾਰ ਵੀ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। 27 ਜੂਨ ਮੰਗਲਵਾਰ ਨੂੰ ਸੰਗਤਾਂ ਦੇ ਮਨੋਰੰਜਨ ਲਈ ਪਹੁੰਚੇ ਕਲਾਕਾਰ ਸਰਬਜੀਤ ਸਿੰਘ ਬੁੱਘਾ ਮਨਪ੍ਰੀਤ ਬੁੱਘਾ, ਸ਼ੇਰਾ ਬੋਹੜਵਾਲੀਆ, ਨੂਰਦੀਪ ਨੂਰ, ਸਤਵੰਤ ਸਾਜਨ, ਸ਼ੈਲੀ ਸਾਜਨ, ਬਬਲੀ ਬਰਾੜ, ਅਮਰਜੀਤ ਢੋਟੀਆਂ. ਸੰਦੀਪ ਬੱਲ, ਸ਼ਾਹੀ, ਕੁਲਵਿੰਦਰ ਕੌਰ, ਸੁਖਵੰਤ, ਨਿਰਮਲ ਸਤਾਰਾ, ਪ੍ਰਮਜੀਤ ਪੰਮੀ, ਗੁਰਮੀਤ ਪੰਜਾਬੀ, ਹੁਸਨਪ੍ਰੀਤ, ਗਿੱਲ ਮਨਕੀਲਾ, ਗੀਤਾ ਬਾਲੀ ਨੇ ਅਪਣੇ ਗੀਤਾਂ ਰਾਹੀਂ ਸੰਗਤਾਂ ਨੂੰ ਗਰਮੀ ਦੇ ਮੌਸਮ ਵਿੱਚ ਕੀਲੀ ਰੱਖਿਆ ਤੇ ਖੂਬ ਮੇਲਾ ਲੁੱਟਿਆ ਤੇ ਮੇਲਾ ਕਮੇਟੀ ਵੱਲੋ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਮੇਲੇ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰਨ ਪਹੁੰਚੇ ਸਰਪੰਚ ਮੋਨੋ ਚੀਮਾ ਤੇ ਆਮ ਆਦਮੀ ਪਾਰਟੀ ਦੇ ਆਗੂ ਕੁਲਦੀਪ ਸਿੰਘ ਰੰਧਾਵਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜੱਸਾ ਸਿੰਘ ਪੰਜਵੜ ਨੂੰ ਵੀ ਮੇਲਾ ਕਮੇਟੀ ਵੱਲੋ ਸਨਮਾਨਿਤ ਕੀਤਾ ਗਿਆ ਤੇ ਜੀ ਆਇਆਂ ਆਖਿਆ। ਗੁਰੂ ਕੇ ਲੰਗਰ ਅਤੇ ਠੰਢੇ ਮਿੱਠੇ ਜਲ ਦੀਆ ਛਬੀਲਾਂ, ਚਾਹ ਪਕੌੜੇ ਅਟੁੱਟ ਵਰਤਾਏ ਜਾ ਰਹੇ ਸਨ। ਸਾਮ ਦੇ ਟਾਈਮ ਨਾਮਵਰ ਟੀਮਾ ਦਰਮਿਆਨ ਕਬੱਡੀ ਟੂਰਨਾਮੈਂਟ ਕਰਵਾਇਆਂ ਗਿਆ ਜਿਸ ਵਿੱਚ ਗੁਰੂ ਨਾਨਕ ਦੇਵ ਕਬੱਡੀ ਕਲੱਬ ਭੋਜੜਾ ਵਾਲਾ ਅਤੇ ਬਾਬਾ ਸ਼ਾਈ ਕਬੱਡੀ ਕਲੱਬ ਇਲਮੇਵਾਲ ਫਿਰੋਜ਼ਪੁਰ ਵਿਚਾਲੇ ਖੇਡਿਆ ਗਿਆ। ਜਿੱਤਣ ਵਾਲੀਆ ਟੀਮਾ ਨੂੰ ਇਨਾਮ ਵੀ ਦਿੱਤੇ ਗਏ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਘੱਕ ਸਿੰਘ, ਅਮਕੀਕ ਸਿੰਘ ਕੰਬੋ, ਸਰਪੰਚ ਗਲਾਬਬੀਰ ਸਿੰਘ, ਸੀਰਾ ਸਿੰਘ, ਬਲਦੇਵ ਸਿੰਘ, ਸੈਕਟਰੀ ਗੁਰਮੀਤ ਸਿੰਘ,ਅਰਜਨ ਸਿੰਘ, ਸੈਕਟਰੀ ਮੁਖਤਾਰ ਸਿੰਘ, ਮੰਗਾ, ਸਰਪੰਚ ਸੁਖਵਿੰਦਰ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਰਣਬੀਰ ਸਿੰਘ, ਗੁਰਜੰਟ ਸਿੰਘ, ਕਰਮਜੀਤ ਸਿੰਘ, ਪ੍ਰਿੰਸ, ਸ਼ਿੰਗਾਰਾ ਸਿੰਘ ਫੌਜੀ, ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ ਕਵਾੜੀਆ, ਗੁਰਸੇਵਕ ਸਿੰਘ ਅਤੇ ਹੋਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਹਾਜ਼ਰ ਸ।

# ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ 'ਚ ਭਲਕੇ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ

**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ 30 ਜੂਨ ਨੂੰ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਬ੍ਰਮ ਸ਼ੰਕਰ ਜਿੰਪਾ ਛੋਟਾ ਘੱਲੂਘਾਰਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਗੇ। ਸ਼ਹੀਦੀ ਦਿਹਾੜੇ ਦੇ ਸਮਾਗਮ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜਾ ਲੈਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ 30 ਜੂਨ ਨੂੰ ਹੋਣ ਵਾਲੇ ਇਸ ਸ਼ਹੀਦੀ ਸਮਾਗਮ ਦੌਰਾਨ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਵਿਖੇ ਸਭ ਤੋਂ ਪਹਿਲਾਂ ਸਵੇਰੇ 10:00 ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਅਰੰਭਤਾ ਹੋਵੇਗੀ। ਸ੍ਰੀ ਸੁਖਮਨੀ ਸਾਹਿਬ ਦੇ ਭੋਗ ਤੋਂ ਬਾਅਦ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦੀ ਕੀਰਤਨ ਕੀਤਾ ਜਾਵੇਗਾ। ਇਸ ਉਪਰੰਤ ਕੈਬਨਿਟ ਮੰਤਰੀ ਸ੍ਰੀ ਬ੍ਰਮ ਸ਼ੰਕਰ ਜਿੰਪਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਅਤੇ ਹੋਰ ਪ੍ਰਮੁੱਖ ਆਗੂਆਂ ਵੱਲੋਂ ਛੋਟਾ ਘੱਲੂਘਾਰਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ।

ਇਸ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮਾਗਮ ਦੀਆਂ ਤਿਆਰੀਆਂ ਵਿੱਚ ਲੱਗੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਮਾਂ ਰਹਿੰਦੇ ਆਪਣੀ ਤਿਆਰੀ ਮੁਕੰਮਲ ਕਰ ਲੈਣ ਤਾਂ ਜੋ ਸਫਲਤਾਪੂਰਵਕ ਇਸ ਸਮਾਗਮ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਗੁਰਦਾਸਪੁਰ ਸ੍ਰੀਮਤੀ ਅਮਨਦੀਪ ਕੌਰ ਘੁੰਮਣ, ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਨਾਇਬ ਤਹਿਸੀਲਦਾਰ ਕਾਹਨੂੰਵਾਨ ਸ. ਸੁਖਵਿੰਦਰ ਸਿੰਘ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਸ. ਹਰਚਰਨ ਸਿੰਘ ਕੰਗ, ਹਰਮਨਪ੍ਰੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੁਰਾਣਾ ਸ਼ਾਲਾ ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਬਰਾਮਦ



**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਅਧੀਨ ਪੈਂਦੇ ਪਿੰਡ ਚੈਚੀਆਂ ਛੋੜੀਆਂ ਦੇ ਵਸਨੀਕ ਵਿਜੇ ਕੁਮਾਰ ਪਾਸੋਂ ਪੁਲਸ ਨੇ 7500 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ.ਐਸ.ਆਈ. ਮਹਿੰਦਰ ਪਾਲ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ 'ਤੇ ਨਸ਼ਿਆਂ ਖਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਉਨ੍ਹਾਂ ਸਮੇਤ ਪੁਲਸ ਪਾਰਟੀ ਪਿੰਡ ਚੈਚੀਆਂ ਛੋੜੀਆਂ ਨੇੜੇ ਨਾਕਾਬੰਦੀ ਦੌਰਾਨ ਕਥਿਤ ਦੋਸ਼ੀ ਵਿਜੇ ਕੁਮਾਰ ਪੁੱਤਰ ਤਾਰਾ ਚੰਦ ਵਾਸੀ ਚੈਚੀਆਂ ਛੋੜੀਆਂ ਨੂੰ 7500 ਐਮ.ਐਲ. ਸਰਾਬ ਨਜਾਇਜ਼ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਸਿਟੀ ਗੁਰਦਾਸਪੁਰ ਦੇ ਏ.ਐਸ.ਆਈ. ਕੁਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਕਥਿਤ ਦੋਸ਼ੀ ਕੇਵਲ ਸਿੰਘ ਮਾਣਾ ਪੁੱਤਰ ਜਸਵੰਤ ਸਿੰਘ ਵਾਸੀ ਹੇਮਰਾਜਪੁਰ ਦੇ ਘਰ ਰੇਡ ਕਰਕੇ ਦੋਸ਼ੀ ਨੂੰ 6750 ਐਮ.ਐਲ. ਸਰਾਬ ਨਜਾਇਜ਼ਸਮੇਤ ਕਾਬੂ ਕੀਤਾ ਹੈ। ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸਿੰਗਲ ਯੂਜ਼ ਪਲਾਸਟਿਕ ਫੜਨ ਲਈ ਸ਼ਹਿਰ 'ਚ ਕੀਤੀ ਛਾਪੇਮਾਰੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਵਧੀਕ ਡਿਪਟੀ ਕਮਿਸ਼ਨਰ ਜਨਰਲ ਤਰਨ ਤਾਰਨ ਸ਼੍ਰੀਮਤੀ ਅਮਨਿੰਦਰ ਕੌਰ, ਉਪ ਮੰਡਲ ਮੈਜਿਸਟਰੇਟ ਤਰਨ ਤਾਰਨ ਸ਼੍ਰੀ ਰਜਨੀਸ਼ ਅਰੋੜਾ ਅਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਤਰਨ ਤਾਰਨ ਸ਼੍ਰੀ ਕਮਲਜੀਤ ਸਿੰਘ ਦੀ ਅਗਵਾਈ ਵਿੱਚ ਸਮੁੱਚੀ ਟੀਮ ਤਿਆਰ ਕਰਕੇ ਤਰਨ ਤਾਰਨ ਸ਼ਹਿਰ ਵਿੱਚ ਵੱਖ-ਵੱਖ ਥਾਵਾਂ ਤੇ ਸਿੰਗਲ ਯੂਜ਼ ਪਲਾਸਟਿਕ ਫੜਨ ਲਈ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਸ਼ਹਿਰ ਵਿੱਚੋਂ ਜੰਡਿਆਲਾ ਰੋਡ ਰੇਲਵੇ ਫਾਟਕ ਨੇੜੇ, ਗਾਂਧੀ ਪਾਰਕ ਨੇੜੇ, ਚਾਰ ਖੰਬਾ ਚੌਕ ਤੋਂ ਲਗਭਗ 435 ਕਿੱਲੋ ਸਿੰਗਲ ਯੂਜ਼ ਪਲਾਸਟਿਕ ਛਾਪੇਮਾਰੀ ਦੌਰਾਨ ਫੜੀ ਗਈ ਅਤੇ ਇਹ ਸਮਾਨ ਮੌਕੇ 'ਤੇ ਜ਼ਬਤ ਕਰ ਲਿਆ ਗਿਆ ਅਤੇ ਇਹਨਾਂ ਦੁਕਾਨਦਾਰਾਂ ਦੇ ਮੌਕੇ ਤੇ ਚਲਾਨ ਵੀ ਕੀਤੇ ਗਏ, ਜਿਸ ਦਾ ਇਹਨਾਂ ਪਾਸੋਂ ਜੁਰਮਾਨਾ ਵਸੂਲ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਨਿੰਦਰ ਕੌਰ ਨੇ ਦੱਸਿਆ ਕਿ ਦੁਕਾਨਦਾਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਮੁਕੰਮਲ ਤੌਰ 'ਤੇ ਬੰਦ ਕੀਤੀ ਜਾਵੇ ਨਹੀਂ ਤਾਂ ਲਗਾਤਾਰ ਕਾਰਵਾਈਆਂ ਕਰਦਿਆਂ ਜੁਰਮਾਨਾ ਲਗਾਇਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਖਰੀਦਦਾਰੀ ਕਰਨ ਸਮੇਂ ਘਰ ਤੋਂ ਹੀ ਕਪੜੇ ਦੇ ਬਣੇ ਬੈਗ ਲੈ ਕੇ ਜਾਇਆ ਜਾਵੇ ਅਤੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿੰਗਲ ਯੂਜ਼ ਪਲਾਸਟਿਕ ਜੋ ਕਿ ਸਿਹਤ ਅਤੇ ਵਾਤਾਵਰਣ ਲਈ ਹਾਨੀਕਾਰਕ ਹੈ, ਇਸ ਲਈ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ ਅਤੇ ਦੁਕਾਨਦਾਰਾਂ ਤੇ ਗਾਹਕਾਂ ਨੂੰ ਪਲਾਸਟਿਕ ਉਤਪਾਦਾਂ ਦੀ ਵਰਤੋਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ।

# ਖੇਤਾਂ 'ਚ ਨਹਿਰੀ ਪਾਣੀ ਨਾਲ ਹੋਈਆਂ ਲਹਿਰਾਂ-ਬਹਿਰਾਂ : ਰੰਧਾਵਾ

**ਗੁਰਦਾਸਪੁਰ, (ਜਨਕ ਮਹਾਜਨ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਨਹਿਰਾਂ ਦੀਆਂ ਟੇਲਾਂ ਤੱਕ ਸਿੰਚਾਈ ਲਈ ਸਮੇਂ ਸਿਰ ਅਤੇ ਪੂਰਾ ਪਾਣੀ ਮੁਹੱਈਆ ਕਰਵਾਉਣ ਨਾਲ ਕਿਸਾਨਾਂ ਵਿਚ ਖੁਸ਼ੀ ਦੀ ਲਹਿਰ ਪਾ ਜਾ ਰਹੀ ਹੈ। ਇਸ ਵਾਰ ਖੇਤਾਂ ਵਿੱਚ ਨਹਿਰੀ ਪਾਣੀ ਦੀਆਂ ਲਹਿਰਾਂ-ਬਹਿਰਾਂ ਤੋਂ ਕਿਸਾਨ ਬਹੁਤ ਖੁਸ਼ ਹਨ ਅਤੇ ਉਨ੍ਹਾਂ ਵਲੋਂ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਡੇਰਾ ਬਾਬਾ ਨਾਨਕ ਨੇੜਲੇ ਪਿੰਡ ਸਿੰਘਪੁਰਾ ਦੇ ਕਿਸਾਨ ਅਵਤਾਰ ਸਿੰਘ ਰੰਧਾਵਾ ਨੇ ਕਿਹਾ ਕਿ ਕਈ ਸਾਲਾਂ ਬਾਅਦ ਇਸ ਵਾਰ ਉਨ੍ਹਾਂ ਦੇ ਖੇਤਾਂ ਤੱਕ ਸਮੇਂ ਸਿਰ ਪੂਰਾ ਨਹਿਰੀ ਪਾਣੀ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸਹੀ ਸਮੇਂ ਨਹਿਰੀ ਪਾਣੀ ਆਉਣ ਕਰਕੇ ਉਨ੍ਹਾਂ ਨੇ ਸਮੇਂ ਸਿਰ ਝੋਨੇ ਦੀ ਬਿਜਾਈ ਕਰ ਲਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਾਨੂੰ ਟਿਊਬਵੈੱਲ ਰਾਹੀਂ ਆਪਣੇ ਖੇਤਾਂ ਨੂੰ ਪਾਣੀ ਦੇਣਾ ਪੈਂਦਾ ਸੀ ਪਰ ਇਸ ਵਾਰ ਨਹਿਰੀ ਪਾਣੀ ਆਉਣ ਕਾਰਨ ਉਨ੍ਹਾਂ ਨੂੰ ਟਿਊਬਵੈੱਲ ਚਲਾਉਣ ਦੀ ਲੋੜ ਹੀ ਨਹੀਂ ਪਈ ਹੈ। ਕਿਸਾਨ ਅਵਤਾਰ ਸਿੰਘ ਰੰਧਾਵਾ ਨੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਹੈ। ਇਸੇ ਤਰ੍ਹਾਂ ਹੀ ਪਿੰਡ ਸ਼ਾਹਪੁਰ ਜਾਜਨ ਦੇ ਕਿਸਾਨ ਅਵਤਾਰ ਸਿੰਘ ਨੇ ਵੀ ਖੇਤਾਂ ਲਈ ਨਹਿਰੀ ਪਾਣੀ ਦੇਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਕਿਸਾਨ ਅਵਤਾਰ ਸਿੰਘ ਨੇ ਕਿਹਾ ਕਿ ਨਹਿਰੀ ਪਾਣੀ ਮਿਲਣ ਨਾਲ ਜਿਥੇ ਬਿਜਲੀ ਦੀ ਬੱਚਤ ਹੋਵੇਗੀ, ਉਥੇ ਧਰਤੀ ਹੇਠਲੇ ਪਾਣੀ ਦਾ ਬਚਾਅ ਵੀ ਹੋਵੇਗਾ। ਉਨ੍ਹਾਂ ਕਿਹਾ ਤੇਜ਼ੀ ਨਾਲ ਡਿੱਗ ਰਹੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਨਹਿਰੀ ਪਾਣੀ ਦੀ ਸਿੰਚਾਈ ਕਾਰਗਰ ਸਿੱਧ ਹੋਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਲੋਂ ਨਹਿਰੀ ਪਾਣੀ ਦੇ ਪੁਰਾਣੇ ਖਾਲ਼ਾਂ ਨੂੰ ਵੀ ਬਹਾਲ ਕੀਤਾ ਜਾ ਰਿਹਾ ਹੈ ਜੋ ਸਰਕਾਰ ਦਾ ਸਵਾਗਤਯੋਗ ਫ਼ੈਸਲਾ ਹੈ।

# ਗੁਰੂ ਨਗਰੀ 'ਚ ਪ੍ਰਸਤਾਵਿਤ ਹੌਰਟੀਕਲਚਰ 'ਵਰਸਿਟੀ ਨੂੰ ਰੋਲਣ ਦੀ ਅਫ਼ਸਰਸ਼ਾਹੀ ਵੱਲੋਂ ਘਿਨਾਉਣੀ ਸਾਜ਼ਿਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਾਲ 2015 ਦੌਰਾਨ ਕੇਂਦਰੀ ਸਰਕਾਰ ਨੇ ਅੰਮ੍ਰਿਤਸਰ ਵਿਖੇ ਸਥਾਪਿਤ ਕਰਨ ਲਈ ਕੌਮੀ ਪੱਧਰ ਦੇ ਗੌਰਵਮਈ ਸੰਸਥਾਨ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੌਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ ਦੀ ਪ੍ਰਵਾਨਗੀ ਦਿੱਤੀ ਸੀ। ਇਸ ਸੰਸਥਾਨ ਦੀ ਸਥਾਪਨਾ ਇੰਡੀਅਨ ਇੰਸਟੀਚਿਊਟ ਆਫ ਹੌਰਟੀਕਲਚਰ ਰਿਸਰਚ ਨਵੀਂ ਦਿੱਲੀ ਦੁਆਰਾ ਕੀਤੀ ਜਾਣੀ ਹੈ। ਸੰਸਥਾਨ ਦੀ ਉਸਾਰੀ ਅਤੇ ਨਿਰੰਤਰ ਕਾਰਜਸ਼ੀਲ ਕਰਨ ਲਈ ਸਾਰਾ ਬਜਟ ਕੇਂਦਰੀ ਸਰਕਾਰ ਨੇ ਜਾਰੀ ਕੀਤਾ ਜਾਵੇਗਾ ਖੋਜ ਕਾਰਜਾਂ ਲਈ 100 ਏਕੜ ਜ਼ਮੀਨ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਅਟਾਰੀ ਵਿਖੇ ਪੰਜਾਬ ਸਰਕਾਰ ਨੇ ਤਬਦੀਲ ਕੀਤੀ ਹੋਈ ਹੈ। ਸੰਸਥਾਨ ਦੇ ਪ੍ਰਬੰਧਕੀ, ਅਕਾਦਮਿਕ ਅਤੇ ਰਹਾਇਸ਼ੀ ਆਦਿ ਬਲਾਕਾਂ ਦੀ ਉਸਾਰੀ ਲਈ 30 ਏਕੜ ਜ਼ਮੀਨ, ਅੰਮ੍ਰਿਤਸਰ-ਅਟਾਰੀ ਸੜਕ ਤੇ ਪਿੰਡ ਛਿੱਡਣ ਵਿਖੇ ਦੀ ਸਾਈਟ ਸਿਲੈਕਸ਼ਨ ਕਮੇਟੀ ਵੱਲੋਂ ਪ੍ਰਵਾਨ ਕੀਤੀ ਗਈ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਾਹਿਰਾਂ ਨੇ ਅਪਰੈਲ,2021 ਵਿੱਚ ਇਸ ਜ਼ਮੀਨ ਦੀ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਵੀ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਸੀ। ਇਸ ਉਪਰੰਤ ਪੰਜਾਬ ਸਰਕਾਰ ਵੱਲੋਂ ਗਠਿਤ ਮਾਹਿਰਾਂ ਦੀ ਕਮੇਟੀ ਨੇ ਵੀ ਇਸ ਜਗ੍ਹਾ ਦੀ ਪ੍ਰਵਾਨਗੀ ਦੇ ਦਿੱਤੀ।

ਇਸ ਤੋਂ ਬਾਅਦ ਮਿਤੀ 21-06-2022 ਨੂੰ ਸੈਕਸ਼ਨ 11 ਅਧੀਨ ਮੁੱਢਲਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ, ਜਿਸ ਵਿੱਚ 29 ਏਕੜ 5 ਕਨਾਲ 5 ਮਰਲੇ ਜ਼ਮੀਨ ਐਕਵਾਇਰ ਕਰਨ ਦਾ ਪ੍ਰਸਤਾਵ ਕੀਤਾ ਗਿਆ, ਜਿਸ ਤੋਂ ਬਾਅਦ ਮਾਨਯੋਗ ਡਵੀਜ਼ਨਲ ਕਮਿਸ਼ਨਰ ਜਲੰਧਰ ਵੱਲੋਂ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਪੁਨਰਵਾਸ ਸਬੰਧੀ ਪ੍ਰਵਾਨਗੀ ਦਿੱਤੀ ਗਈ। ਸਰਕਾਰੀ ਪੱਧਰ ਦੀਆਂ ਸਾਰੀਆਂ ਕਾਰਵਾਈਆਂ ਮੁਕੰਮਲ ਹੋਣ ਉਪਰੰਤ ਮਿਤੀ 20-03-2023 ਨੂੰ ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਭੂਮੀ ਗ੍ਰਹਿਣ,ਮੁੜ-ਵਸਾਊ ਅਤੇ ਮੁੜ ਵਸੇਬਾ ਐਕਟ 2013 ਦੇ ਸੈਕਸ਼ਨ 19 ਅਧੀਨ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ। ਇਸ ਨੋਟੀਫਿਕੇਸ਼ਨ ਨੂੰ ਸਥਾਨਿਕ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਨ ਦੀ ਬਜਾਏ ਕਲਪਿਤ ਵਿਅਕਤੀ ਪੰਜਾਬ ਸਿੰਘ ਵਾਸੀ ਗੁਮਟਾਲਾ ਦੇ ਨਾਮ ਤੇ 01-04-2023 ਨੂੰ ਪ੍ਰਾਪਤ ਹੋਈ ਝੂਠੀ ਅਤੇ ਮਨਘੜਤ ਸ਼ਿਕਾਇਤ ਤੇ ਅਧਾਰ ਤੇ ਮਾਨਯੋਗ ਸਕੱਤਰ ਬਾਗ਼ਬਾਨੀ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਹੌਰਟੀਕਲਚਰ ਯੂਨੀਵਰਸਿਟੀ ਅੰਮ੍ਰਿਤਸਰ ਲਈ ਜ਼ਮੀਨ ਹਾਸਲ ਕਰਨ ਦੀ ਕਾਰਵਾਈ ਤੇ ਰੋਕ ਲਾਉਣ ਦੇ ਹੁਕਮ ਜਾਰੀ ਕਰ ਦਿੱਤੇ। ਵਰਨਣਯੋਗ ਹੈ ਕਿ ਪੰਜਾਬ ਸਿੰਘ ਵਾਸੀ ਗੁਮਟਾਲਾ ਨਾਂ ਦੇ ਵਿਅਕਤੀ ਦੀ ਸ਼ਨਾਖਤ ਦਾ ਕੋਈ ਸਬੂਤ ਨਾਲ ਨੱਥੀ ਨਹੀਂ ਹੈ। ਇਸ ਦਰਖਾਸਤ ਦਾ ਜਵਾਬ ਮਾਨਯੋਗ ਐਸ.ਡੀ.ਐਮ.ਲੋਪੋਕੇ ਨੇ 16-05-2023 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਭੇਜ ਦਿੱਤਾ ਹੈ। ਇਹ ਸਾਰੀਆਂ ਕਾਰਵਾਈਆਂ ਮੁਕੰਮਲ ਹੋਣ ਉਪਰੰਤ ਪੰਜਾਬ ਸਰਕਾਰ ਦੇ ਬਾਗਬਾਨੀ ਮੰਤਰੀ ਵੱਲੋਂ 22-05-2023 ਨੂੰ ਜਾਰੀ ਪੱਤਰ ਰਾਹੀਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਹਦਾਇਤ ਕੀਤੀ ਹੈ ਕਿ ਸੰਸਥਾਨ ਦੀ ਸਥਾਪਨਾ ਲਈ ਪੰਚਾਇਤੀ ਜ਼ਮੀਨ ਦੀ ਭਾਲ ਕੀਤੀ ਜਾਵੇ। ਵਰਨਣਯੋਗ ਹੈ ਕਿ ਕੇਂਦਰੀ ਸਰਕਾਰ ਦਾ ਇਹ ਪ੍ਰੋਜੈਕਟ ਚੁਣੀ ਹੋਈ ਜ਼ਮੀਨ ਤੇ ਹੀ ਸਥਾਪਿਤ ਕੀਤਾ ਜਾਣਾ ਹੈ, ਨਾਂ ਕਿ ਅਫ਼ਸਰਸ਼ਾਹੀ ਵੱਲੋਂ ਚੁਣੀ ਹੋਈ ਜ਼ਮੀਨ ਤੇ ਅਤੇ ਪਿੰਡ ਛਿੱਡਣ ਵਿਖੇ ਅੰਮ੍ਰਿਤਸਰ-ਅਟਾਰੀ ਰੋਡ ਤੇ 31-07-2019 ਨੂੰ ਜਾਰੀ ਪੱਤਰ ਅਨੁਸਾਰ ਜ਼ਮੀਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਪੰਜਾਬ ਸਰਕਾਰ ਦੀ ਅਫ਼ਸਰਸ਼ਾਹੀ ਵੱਲੋਂ ਇੰਡੀਅਨ ਕਾਉਂਸਲ ਆਫ ਐਗਰੀਕਲਚਰ ਰੀਸਰਚ ਦੀ ਸਾਈਟ ਸਿਲੈਕਸ਼ਨ ਕਮੇਟੀ ਵੱਲੋਂ ਪ੍ਰਵਾਨਿਤ ਜ਼ਮੀਨ ਨੂੰ ਛੱਡ ਕੇ ਪੰਚਾਇਤੀ ਜ਼ਮੀਨ ਦੀ ਭਾਲ ਕਰਨਾ ਕੇਂਦਰੀ ਸਰਕਾਰ ਵੱਲੋਂ ਸਥਾਪਿਤ ਕੀਤੇ ਜਾਣ ਵਾਲੇ ਬਹੁ-ਕਰੋੜੀ ਅਤੇ ਕਿਸਾਨੀ ਵਿੱਚ ਕ੍ਰਾਂਤੀਕਾਰੀ ਵਿਕਾਸ ਲਿਆਉਣ ਵਾਲੇ ਪ੍ਰੋਜੈਕਟ ਨੂੰ ਰੋਲ ਦੇਣ ਦੀ ਨਾਪਾਕ ਸਾਜ਼ਿਸ਼ ਹੈ। ਹੋਰ ਖਾਸ ਤੱਥ ਹੈ ਕਿ ਕਿਸੇ ਵੀ ਪੰਚਾਇਤ ਦੀ ਇਤਨੀ ਜ਼ਮੀਨ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਪੰਚਾਇਤ ਆਪਣੀ ਅੱਧੀ ਜ਼ਮੀਨ ਹੀ ਕਿਸੇ ਪ੍ਰੋਜੈਕਟ ਲਈ ਦੇ ਸਕਦੀ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨਾਗ ਕਲ - ਜਹਾਂਗੀਰ, ਦਿਆਲ ਭੜੰਗ, ਧੌਲ ਕਲਾਂ, ਖਾਸਾ ਅਤੇ ਪਿੰਡ ਛਿੱਡਣ ਦੀ ਪੰਚਾਇਤ ਦੀ ਜ਼ਮੀਨ ਵੇਖਣ ਉਪਰੰਤ ਅਤੇ ਤਿੰਨ ਹੋਰ ਪ੍ਰਾਈਵੇਟ ਜ਼ਮੀਨਾਂ ਵੇਖਣ ਉਪਰੰਤ ਪਿੰਡ ਛਿੱਡਣ ਦੀ 30 ਏਕੜ ਜ਼ਮੀਨ ਜਿਸ ਦਾ ਜੀ.ਟੀ.ਤੇ ਤਿੰਨ ਏਕੜ ਮੱਥਾ ਲਗਦਾ ਹੈ,ਦੀ ਚੋਣ ਕੀਤੀ ਗਈ। ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾਇਰੈਕਟਰ ਬਾਗਬਾਨੀ ਪੰਜਾਬ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੇ ਡਾ. ਟੀ.ਜਾਨਕੀ ਰਾਮ, ਡਾ. ਏ. ਕੇ. ਵਸ਼ਿਸ਼ਟ, ਡਾ. ਟੀ. ਐਸ. ਪਾਂਡੇ, ਡਾ. ਰਣਬੀਰ ਸਿੰਘ ਪ੍ਰਿੰਸੀਪਲ ਸਾਇੰਸਦਾਨ ਸ਼ਾਮਲ ਸਨ।

29-JUNE-PAGE-4.qxd 6/28/2023 10:37 PM Page 1

ਨਵਾਂ ਜ਼ਮਾਨਾ

ਵੀਰਵਾਰ, 29 ਜੂਨ 2023

# ਫੌਜੀ ਕਾਰਵਾਈਆਂ

*ਲੰਘੇ ਸ਼ਨੀਵਾਰ ਮਨੀਪੁਰ ਦੇ ਇੰਫਾਲ ਪੂਰਬੀ ਜ਼ਿਲ੍ਹੇ ਦੇ ਇਕ ਪਿੰਡ ’ਚ ਮਹਿਲਾਵਾਂ ਦੀ ਅਗਵਾਈ ਵਾਲੀ ਭੀੜ ਨਾਲ ਟਾਕਰਾ ਹੋਣ ਤੋਂ ਬਾਅਦ ਫੌਜ ਨੇ ਸ਼ਾਂਤੀ ਬਹਾਲੀ ਲਈ ਆਪਣੇ ਅਪ੍ਰੇਸ਼ਨ ਦੌਰਾਨ ਪਾਬੰਦੀਸ਼ੁਦਾ ਬਾਗੀ ਗਰੁੱਪ ਕਾਂਗਲੇਈ ਯਾਵੋਲ ਕੰਨਾ ਲੁਪ ਦੇ ਫੜੇ 12 ਬਾਗੀ ਲੋਕਾਂ ਨੂੰ ਵਾਪਸ ਕਰ ਦਿੱਤਾ। ਇਨ੍ਹਾਂ ਵਿਚ ਇਕ 2015 ਵਿਚ 18 ਜਵਾਨਾਂ ਦੀ ਹੱਤਿਆ ਦਾ ਮਾਸਟਰ ਮਾਈਂਡ ਵੀ ਸੀ। ਫੌਜ ਨੇ ਬਾਅਦ ਵਿਚ ਕਿਹਾ ਕਿ ਇਹ ਸਿਆਣਾ ਫੈਸਲਾ ਕਿਸੇ ਵੱਡੇ ਜਾਨੀ ਨੁਕਸਾਨ ਨੂੰ ਟਾਲਣ ਕਰਕੇ ਕੀਤਾ ਗਿਆ। ਉਸੇ ਦਿਨ ਕੁਝ ਘੰਟੇ ਪਹਿਲਾਂ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਇਕ ਮੇਜਰ ਦੀ ਅਗਵਾਈ ਵਿਚ ਫੌਜੀਆਂ ਨੇ ਕਥਿਤ ਤੌਰ ’ਤੇ ਦੋ ਮਸਜਿਦਾਂ ਵਿਚ ਵੜ ਕੇ ਨਮਾਜ਼ੀਆਂ ਨੂੰ ਜੈ ਸ੍ਰੀ ਰਾਮ ਕਹਿਣ ਲਈ ਮਜਬੂਰ ਕੀਤਾ। ਕਸ਼ਮੀਰ ਦੀ ਘਟਨਾ ਬਾਰੇ ਫੌਜ ਨੇ ਅਜੇ ਤੱਕ ਖਾਮੋਸ਼ੀ ਧਾਰੀ ਹੋਈ ਹੈ, ਹਾਲਾਂਕਿ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਮੇਜਰ ਨੂੰ ਉਸ ਖੇਤਰ ਵਿੱਚੋਂ ਹਟਾ ਦਿੱਤਾ ਗਿਆ ਹੈ। ਇਕ ਰਿਟਾਇਰਡ ਬ੍ਰਿਗੇਡੀਅਰ ਨੇ ਹੈਰਾਨੀ ਪ੍ਰਗਟਾਉਂਦਿਆਂ ਸਵਾਲ ਕੀਤਾ ਹੈ ਕਿ ਜੇ ਕਸ਼ਮੀਰ ਵਿਚ ਮਿਲੀਟੈਂਟਾਂ ਨੂੰ ਛੁਡਾਉਣ ਲਈ ਲੋਕਾਂ ਨੇ ਫੌਜ ਨੂੰ ਘੇਰਿਆ ਹੁੰਦਾ ਤਾਂ ਕੀ ਭਾਣਾ ਵਰਤਦਾ? ਕਸ਼ਮੀਰ ਵਿਚ ਤਾਂ ਫੌਜ ਮਾਰੇ ਗਏ ਮਿਲੀਟੈਂਟਾਂ ਦੀਆਂ ਲਾਸ਼ਾਂ ਦਫਨਾਉਣ ਲਈ ਉਨ੍ਹਾਂ ਦੇ ਪਰਵਾਰਾਂ ਨੂੰ ਨਹੀਂ ਸੌਂਪਦੀ। ਫੌਜ ਉਥੇ ਪ੍ਰੋਟੈੱਸਟ ਕਰਨ ਵਾਲਿਆਂ ਨਾਲ ਹਮੇਸ਼ਾ ਸਖਤੀ ਹੀ ਵਰਤਦੀ ਹੈ। ਰਿਟਾਇਰਡ ਬ੍ਰਿਗੇਡੀਅਰ ਮੁਤਾਬਕ ਮਨੀਪੁਰ ਵਾਲੀ ਘਟਨਾ ਪ੍ਰਤੀ ਫੌਜ ਦਾ ਜੋ ਰਵੱਈਆ ਦੇਖਣ ਨੂੰ ਆਇਆ, ਕਸ਼ਮੀਰ ਵਿਚ ਨਜ਼ਰ ਨਹੀਂ ਸੀ ਆਉਣਾ। ਮਨੀਪੁਰ ਵਿਚ ਪਿਛਲੇ 50 ਦਿਨਾਂ ਤੋਂ ਘੱਟੋ-ਘੱਟ 130 ਲੋਕ ਮਾਰੇ ਜਾ ਚੁੱਕੇ ਹਨ ਤੇ 60 ਹਜ਼ਾਰ ਬੇਘਰ ਹੋ ਚੁੱਕੇ ਹਨ, ਅਮਨ-ਕਾਨੂੰਨ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕਾ ਹੈ ਤੇ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪ ਹੈ। ਉਹ ਦੇਸ਼-ਭਰ ਵਿਚ ਘੁੰਮਦਾ ਰਿਹਾ ਹੈ, ਅਮਰੀਕਾ ਤੇ ਮਿਸਰ ਦਾ ਦੌਰਾ ਕਰਕੇ ਆ ਗਿਆ ਤੇ ਮੰਗਲਵਾਰ ਭੋਪਾਲ ’ਚ ਪੰਜ ਵੰਦੇ ਭਾਰਤ ਟਰੇਨਾਂ ਨੂੰ ਹਰੀ ਝੰਡੀ ਵੀ ਦਿਖਾ ਦਿੱਤੀ, ਪਰ ਮਨੀਪੁਰ ਬਾਰੇ ਇਕ ਸ਼ਬਦ ਨਹੀਂ ਬੋਲਿਆ।*

*ਮੋਦੀ ਰਾਜ ਦੌਰਾਨ ਕੁਝ ਵੱਡੇ ਫੌਜੀ ਅਫਸਰਾਂ ਦੇ ਰੰਗ-ਢੰਗ ਬਾਰੇ ਰਿਟਾਇਰਡ ਅਫਸਰ ਸਵਾਲ ਉਠਾਉਂਦੇ ਆਏ ਹਨ। ਉਹ ਸਮਝਦੇ ਹਨ ਕਿ ਕੁਝ ਅਫਸਰ ਇਸ ਤਰ੍ਹਾਂ ਵਿਚਰਦੇ ਹਨ ਕਿ ਜਿਵੇਂ ਉਹ ਇਕ ਪਾਰਟੀ ਦਾ ਪੱਖ ਪੂਰ ਰਹੇ ਹੋਣ। ਰਿਟਾਇਰਡ ਕਰਨਲ ਅਸ਼ੋਕ ਕੁਮਾਰ ਸਿੰਘ ਨੇ ਟਵੀਟ ਕੀਤਾ ਹੈ—ਜਿਹੜੇ ਮੇਜਰ ਨੇ ਮੁਸਲਮਾਨਾਂ ਤੋਂ ਜੈ ਸ੍ਰੀ ਰਾਮ ਦੇ ਨਾਅਰੇ ਲੁਆਏ, ਉਸ ਦਾ ਕੋਰਟ ਮਾਰਸ਼ਲ ਹੋਣਾ ਚਾਹੀਦਾ ਹੈ ਤੇ ਉਸ ਨੂੰ ਟਰਮੀਨੇਟ ਕੀਤਾ ਜਾਣਾ ਚਾਹੀਦਾ ਹੈ। ਦੇਸ਼ ਵਾਸੀ ਆਪਣੀ ਫੌਜ ’ਤੇ ਮਾਣ ਕਰਦੇ ਹਨ। ਮਨੀਪੁਰ ਵਾਂਗ ਕਸ਼ਮੀਰ ਵੀ ਦੇਸ਼ ਦਾ ਹਿੱਸਾ ਹੈ। ਫੌਜ ਸਾਰੇ ਦੇਸ਼ ਦੀ ਹੈ, ਇਸ ਕਰਕੇ ਉਸ ਨੂੰ ਅਜਿਹੀ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ, ਜਿਸ ਨਾਲ ਲੋਕਾਂ ਵਿਚ ਸੰਸੇ ਪੈਦਾ ਹੋਣ। ਜੇ ਉਸ ਨੇ ਮਨੀਪੁਰ ਦੇ ਲੋਕਾਂ ਨੂੰ ਆਪਣੇ ਸਮਝ ਕੇ ਕੋਈ ਸਖਤ ਕਾਰਵਾਈ ਕਰਨ ਤੋਂ ਗੁਰੇਜ਼ ਕੀਤਾ ਹੈ ਤਾਂ ਕਸ਼ਮੀਰ ਦੇ ਲੋਕਾਂ ਪ੍ਰਤੀ ਵੀ ਉਸੇ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ।*

# ਪੰਜਾਬ ’ਚ ਨਸ਼ਾ ਇੱਕ ਵੱਡੀ ਸਮੱਸਿਆ

**ਡਾ. ਮਨਦੀਪ ਸਿੰਘ ਜੰਜੂਆ**

ਪੰਜਾਬੀ ਸੱਭਿਆਚਾਰ ਦੇ ਨਿਖੜਵੇਂ ਪਛਾਣ ਚਿੰਨਾਂ ਦੀ ਗੱਲ ਹੁੰਦੀ ਹੈ ਤਾਂ ਉਸ ਵਿੱਚ ਪੰਜਾਬੀ ਗੱਭਰੂਆਂ ਅਤੇ ਮੁਟਿਆਰਾਂ ਦਾ ਵਿਸ਼ੇਸ਼ ਜ਼ਿਕਰ ਹੁੰਦਾ, ਜੋ ਆਪਣੇ ਸੁਡੌਲ ਸਰੀਰਾਂ, ਮਿਹਨਤੀ ਸੁਭਾਅ, ਅਲਬੇਲੇ ਨੱਚਣ-ਕੁੱਦਣ ਦੇ ਸ਼ੌਕਾਂ, ਕੁਰਬਾਨੀਆਂ ਦੇ ਜਜ਼ਬੇ, ਦੇਸ਼ ਪਿਆਰ ਅਤੇ ਅਪਣੱਤ ਨਾਲ ਲਬਰੇਜ਼ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ, ਪਰ ਹੁਣ ਕੁਝ ਬਦਲਦਾ ਵੀ ਨਜ਼ਰ ਆ ਰਿਹਾ ਹੈ। ਪੰਜਾਬ ਨੂੰ ਸਮੇਂ ਦੀਆਂ ਮਾਰਾਂ ਪੈਂਦੀਆਂ ਰਹੀਆਂ ਹਨ ਪਰ ਪੰਜਾਬੀ ਸੰਘਰਸ਼ਮਈ ਜੀਵਨ ਜਿਉਣਾ ਜਾਣਦੇ ਹਨ, ਅਤੇ ਫਿਰ ਤੋਂ ਖੜੇ ਹੋ ਜਾਂਦੇ ਰਹੇ ਹਨ। ਅੱਜ ਪੰਜਾਬ ਅੱਗੇ ਕਾਫ਼ੀ ਚੁਣੌਤੀਆਂ ਹਨ, ਜਿਨ੍ਹਾਂ ਵਿੱਚ ਪ੍ਰਮੁੱਖ ਹੈ ਨੌਜਵਾਨ ਵਰਗ ਨੂੰ ਘੁਣ ਵਾਂਗ ਖਾ ਰਿਹਾ ਨਸ਼ਾ। ਨਸ਼ਾ ਕਰਨ ਵਾਲੇ ਨੌਜਵਾਨ ਮੁੰਡੇ-ਕੁੜੀਆਂ ਦੀ ਸ਼ਕਤੀ ਅਤੇ ਸਮਰੱਥਾ ਖ਼ਤਮ ਹੋ ਰਹੀ ਹੈ। ਸਿੰਥੈਟਿਕ ਨਸ਼ੇ ਖਾਸ ਤੌਰ ਉੱਤੇ ਸਮੈਕ, ਚਿੱਟਾ, ਨਸ਼ੇ ਦੀਆਂ ਗੋਲੀਆਂ ਅਤੇ ਟੀਕੇ ਪਿਛਲੇ ਕਾਫ਼ੀ ਸਮੇਂ ਤੋਂ ਅਜਿਹਾ ਕਹਿਰ ਢਾਹ ਰਹੇ ਨੇ, ਜਿਸ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਜਵਾਨੀ ਮੌਤ ਦੇ ਮੂੰਹ ਜਾ ਪਈ ਹੈ। ਪਹਿਲੀਆਂ ਸਰਕਾਰਾਂ ਸਮੇਂ ਨਸ਼ੇ ਦੀ ਵੱਡੀ ਮਾਤਰਾਂ ਵਿੱਚ ਵਰਤੋਂ ਹੋਈ ਹੈ, ਜੋ ਹੁਣ ਤੱਕ ਆਮ ਆਦਮੀ ਪਾਰਟੀ ਦੀ ਸਰਕਾਰੀ ਲਈ ਵੀ ਚੁਣੌਤੀ ਬਣਿਆ ਹੋਇਆ ਹੈ। ਇਹ ਠੀਕ ਹੈ ਕਿ ਸਾਡਾ ਬਾਰਡਰ ਪਾਕਿਸਤਾਨ ਨਾਲ ਲੱਗਦਾ ਹੈ, ਜ਼ਿਆਦਾ ਨਸ਼ਾ ਉਧਰੋਂ ਆਉਂਦਾ ਹੈ, ਪਰ ਇਹ ਕਹਿ ਕੇ ਅਸੀਂ ਪੱਲਾ ਨਹੀਂ ਛੁਡਾ ਸਕਦੇ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਪਹਿਲੇ ਸਮੇਂ ਪੰਜਾਬ ਵਿੱਚ ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਦੀ ਗੰਢਤੁੱਪ ਤੋਂ ਬਗੈਰ ਏਨੀ ਜ਼ਿਆਦਾ ਮਾਤਰਾ ਵਿੱਚ ਨਸ਼ੇ ਦੀ ਪਹੁੰਚ ਨਹੀਂ ਹੋ ਸਕਦੀ ਸੀ। ਜਦੋਂ ਧਿਆਨ ਦੇਣ ਦੀ ਲੋੜ ਸੀ, ਉਦੋਂ ਲਾਪਰਵਾਹੀ ਵਰਤੀ ਗਈ। ਮੈਡੀਕਲ ਸਟੋਰਾਂ ਤੋਂ ਵੀ ਨਸ਼ਾ ਖ਼ੂਬ ਵਿਕਿਆ, ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਰਿਹਾ। ਰਾਜਨੀਤਕ ਪਾਰਟੀਆਂ ਆਪਣੀਆਂ ਰੈਲੀਆਂ ਵਿੱਚ ਆਪ ਹੀ ਨਸ਼ਾ ਮੁਹੱਈਆ ਕਰਵਾਉਂਦੀਆਂ ਰਹੀਆਂ। ਗੱਭਰੂਆਂ ਨੂੰ ਆਪਣੇ ਹਿੱਤਾਂ ਲਈ ਵਰਤਣ ਲਈ ਗੈਂਗਸਟਰ ਬਣਾ ਛੱਡਿਆ। ਨਸ਼ੇ ਦੀ ਹਨੇਰੀ ਨੇ ਬਹੁਤ ਸਾਰੇ ਪਰਵਾਰਾਂ ਦੇ ਚਿਰਾਗ ਬੁਝਾ ਦਿੱਤੇ ਅਤੇ ਮਾਵਾਂ ਵਿਰਲਾਪ ਕਰਨ ਲਾ ਦਿੱਤੀਆਂ। ਸਮੇਂ ਦੀਆਂ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਵਿੱਚ ਅਸਫਲ ਰਹੀਆਂ। ਖੇਤੀ ਲਾਹੇਵੰਦ ਧੰਦਾ ਨਾ ਰਿਹਾ। ਉਦਯੋਗ ਬਹੁਤੇ ਪੰਜਾਬ ਵਿੱਚ ਸਥਾਪਤ ਹੋਏ ਨਹੀਂ। ਸੂਚਨਾ ਤਕਨਾਲੋਜੀ ਦੇ ਸਮੇਂ ਵਿੱਚ ਸੰਚਾਰ ਦੇ ਸਾਧਨਾਂ ਦੇ ਬਣਾਉਟੀ ਫੁਕਰੇਪੰਥੀ ਦ੍ਰਿਸ਼ਾਂ, ਪੰਜਾਬੀ ਗੀਤਾਂ ਅਤੇ ਪੱਛਮੀ ਪ੍ਰਭਾਵ ਨੇ ਜਵਾਨੀ ਦੀ ਸੋਚ ਅਤੇ ਵਿਹਾਰ ਬਦਲ ਕੇ ਰੱਖ ਦਿੱਤਾ। ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦੀਆਂ ਖ਼ਬਰਾ ਆਉਣ ਲੱਗੀਆਂ। ਕਿਸੇ ਦੀ ਰੂੜੀਆਂ ਵਿੱਚੋਂ ਲਾਸ਼ ਮਿਲੀ ਤੇ ਕਿਸੇ ਦੀ ਬਾਥਰੂਮ ਵਿੱਚੋਂ। ਨਸ਼ੇ ਦੇ ਆਦੀ ਹੋ ਚੁੱਕੇ ਨੌਜਵਾਨ ਆਪਣੇ ਸਰੀਰ ਨੂੰ ਹੀ ਨਹੀਂ ਆਪਣੇ ਘਰ ਨੂੰ ਵੀ ਉਜਾੜ ਰਹੇ ਹਨ। ਜ਼ਮੀਨਾਂ ਵਿਕੀਆਂ, ਘਰਾਂ ਦਾ ਸਮਾਨ ਗਾਇਬ ਕੀਤਾ, ਇੱਥੋਂ ਤੱਕ ਨਸ਼ੇ ਦੀ ਲੱਤ ਨੇ ਘਰ ਦੀਆਂ ਤਾਕੀਆਂ ਅਤੇ ਟੂਟੀਆਂ ਵੀ ਵੇਚ ਦਿੱਤੀਆਂ। ਨਸ਼ੇ ਲਈ ਪੈਸੇ ਮੰਗਦਿਆਂ ਆਪਣੇ ਮਾਪਿਆਂ ਦਾ ਕਤਲ ਤੱਕ ਕਰ ਦਿੱਤਾ। ਇਹ ਤਾਂ ਮੇਰਾ ਪੰਜਾਬ ਨਹੀਂ ਸੀ। ਅੱਜ ਵੀ ਚੜ੍ਹਦੀ ਉਮਰ ਦੇ ਮੁੰਡੇ ਸਮੈਕ, ਚਿੱਟਾ ਤੇ ਟੀਕੇ ਲਗਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ੇ ਨੂੰ ਬੰਦ ਕਰਨ ਲਈ ਆਖਿਆ ਹੈ ਅਤੇ ਇਹ ਬੰਦ ਵੀ ਹੋਣਾ ਚਾਹੀਦਾ ਹੈ। ਸਰਕਾਰ ਨੂੰ ਇਸ ਗੰਭੀਰ ਸਮੱਸਿਆ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ, ਕਿਉਂਕਿ ਨਸ਼ੇ ਦੇ ਕੇਸ ਫਿਰ ਕਿਉਂ ਵਧ ਰਹੇ ਹਨ? ਨਸ਼ਾ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ ਵਧਾਉਣ ਜਾਂ ਸਰਕਾਰੀ ਹਸਪਤਾਲਾਂ ਵਿੱਚ ਇਹਨਾਂ ਦਾ ਸਹੀ ਇਲਾਜ ਵੱਧ ਤੋਂ ਵੱਧ ਹੋਣਾ ਚਾਹੀਦਾ ਹੈ। ਨੌਜਵਾਨਾਂ ਨੂੰ ਸਹੀ ਸਮੇਂ ’ਤੇ ਸਹੀ ਕੰਮ ਦਿਓ। ਕੰਮ ਕੋਈ ਵੀ ਮਾੜਾ ਨਹੀਂ ਹੁੰਦਾ। ਵਿਦੇਸ਼ਾਂ ਵੱਲ ਜਾਣਾ ਕੋਈ ਹੱਲ ਨਹੀਂ। ਪੰਜਾਬੀ ਸੱਭਿਆਚਾਰ ਉੱਤੇ ਸਾਰਾ ਸੰਸਾਰ ਮਾਣ ਕਰਦਾ ਹੈ, ਫਿਰ ਅਸੀਂ ਕਿਉਂ ਨਸ਼ੇ ਦੀ ਦਲਦਲ ਵਿੱਚ ਖੁਭੀ ਜਾ ਰਹੇ ਹਾਂ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਲਈ ਕਾਊਂਸਲਿੰਗ ਅਤੇ ਲੈਕਚਰ ਹੋਣ। ਨਸ਼ੇ ਜਿਹੀ ਗੰਭੀਰ ਸਮੱਸਿਆ ਦੇ ਖਾਤਮੇ ਲਈ ਪ੍ਰਸ਼ਾਸ਼ਨ ਆਪਣੀ ਜ਼ਿੰਮੇਵਾਰੀ ਨੂੰ ਕਬੂਲ ਕੇ ਨਸ਼ੇ ਦੇ ਸਪਲਾਇਰਾਂ ਨੂੰ ਆਪਣੀ ਗ੍ਰਿਫਤ ਵਿੱਚ ਲਵੇ। ਅਜੇ ਵੀ ਸਮਾਂ ਹੈ ਅਸੀਂ ਪੰਜਾਬ ਰੂਪੀ ਗੁਲਾਬ ਦੇ ਫੁੱਲ ਨੂੰ ਮੁਰਝਾਉਣ ਤੋਂ ਬਚਾ ਸਕਦੇ ਹਾਂ।

**# ਸੰਪਰਕ : 99146-00690**

# ਮਜ਼ਦੂਰ ਤੋਂ ਵੱਧ ਤੋਂ ਵੱਧ ਕੰਮ ਲੈਣ ਦੀ ਹੁੰਦੀ ਸਰਮਾਏਦਾਰ ਦੀ ਇੱਛਾ



ਪਵਨ ਕੁਮਾਰ ਕੌਸ਼ਲ

ਜਿਵੇਂ-ਜਿਵੇਂ ਪੂੰਜੀਵਾਦੀ ਢੰਗ ਨਾਲ ਉਤਪਾਦਨ ਅਧੀਨ ਆਰਥਿਕ ਵਿਕਾਸ ਅੱਗੇ ਵਧਦਾ ਜਾਂਦਾ ਹੈ, ਕਾਮਿਆਂ ਦੀ ਦਸ਼ਾ ਓਨੀ ਹੀ ਵਿਗੜਦੀ ਜਾਂਦੀ ਹੈ। ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਅਧੀਨ ਕਾਮਿਆਂ ਦੀ ਦਸ਼ਾ ਸਭ ਤੋਂ ਭੈੜੀ ਹੁੰਦੀ ਹੈ। ਸਰਮਾਏਦਾਰ ਦੇ ਮੁਨਾਫੇ ਵਿੱਚ ਵਾਧਾ ਮਜ਼ਦੂਰ ਦੀ ਉਜਰਤ ਦੇ ਉਲਟ ਅਨੁਪਾਤੀ ਹੁੰਦਾ ਹੈ, ਅਰਥਾਤ ਜਿੰਨਾ ਸਰਮਾਏਦਾਰ ਦੇ ਮੁਨਾਫੇ ਵਿੱਚ ਵਾਧਾ ਹੋਵੇਗਾ, ਓਨੀ ਹੀ ਮਜ਼ਦੂਰ ਦੀ ਅਸਲ ਉਜਰਤ ਵਿੱਚ ਕਮੀਂ ਆਏਗੀ। ਇਹ ਸਰਮਾਏ ਦੇ ਇਕੱਤਰੀਕਰਨ ਦੇ ਅਨੁਕੂਲ ਕਾਮੇ ਦੀ ਕੰਗਾਲੀ ਦਾ ਇਕੱਤਰੀਕਰਨ ਸਥਾਪਤ ਕਰਦਾ ਹੈ।” ਇਸ ਲਈ ਇੱਕ ਸਿਰੇ ਉਤੇ ਦੌਲਤ ਦਾ ਇੱਕਤਰੀਕਰਨ ਨਾਲ ਹੀ ਦੂਜੇ ਸਿਰੇ ਉਤੇ ਗੁਰਬਤ, ਮੁਸ਼ੱਕਤ ਦੀ ਪੀੜਾ,ਗੁਲਾਮੀ, ਵਹਿਸ਼ੀਪੁਣਾ, ਜਹਾਲਤ, ਦਿਮਾਗੀ ਗਿਰਾਵਟ ਦਾ ਇਕੱਤਰੀਕਰਨ ਹੁੰਦਾ ਹੈ, ਭਾਵ ਉਸ ਜਮਾਤ ਵਾਲੇ ਪਾਸੇ ਜਿਹੜੀ ਸਰਮਾਏ ਦੇ ਰੂਪ ਵਿੱਚ ਆਪਣੀ ਵਸਤ ਨੂੰ ਪੈਦਾ ਕਰਦੀ ਹੈ”। ਉਪਰੰਤ ਸਰਮਾਏ ਵੱਲੋਂ ਕਿਰਤ ਸ਼ਕਤੀ ਦੀ ਖਪਤ ਏਨੀ ਤੇਜ਼ ਹੁੰਦੀ ਹੈ ਕਿ ਕਾਮਾ, ਆਪਣੀ ਜ਼ਿੰਦਗੀ ਦੇ ਅੱਧ ਵਿੱਚ ਹੀ ਤਕਰੀਬਨ ਪੂਰੀ ਤਰ੍ਹਾਂ ਆਪਣੀ ਜ਼ਿੰਦਗੀ ਗੁਜ਼ਾਰ ਚੁੱਕਾ ਹੁੰਦਾ ਹੈ।

ਪੂੰਜੀਵਾਦੀ ਆਧਾਰ ’ਤੇ ਸਨਅਤੀ ਵਿਕਾਸ ਨੇ ਕਿਰਤੀ ਸਮੂਹ ਅੰਦਰ ਗਰੀਬੀ ਅਤੇ ਦੁਰਦਸ਼ਾ, ਸਮਾਜਿਕ ਹੋਂਦ ਲਈ ਦੁਸ਼ਵਾਰੀਆਂ ਪੈਦਾ ਕਰ ਦਿਤੀਆਂ ਹਨ। ਪੂੰਜੀਪਤੀਆਂ ਦੇ ਹੱਥਾਂ ਵਿੱਚ ਦੌਲਤ ਦੇ ਇਕੱਤਰੀਕਰਨ ਦਾ ਪ੍ਰਮੁੱਖ ਸਰੋਤ ਕਾਮਿਆਂ ਦੀ ‘ਵਾਫਰ ਕਦਰ’ ਦੇ ਰੂਪ ਵਿੱਚ ਜਿਹੜੀ ਪੂੰਜੀਵਾਦੀ ਪੈਦਾਵਾਰ ਅਤੇ ਇਸ ਪ੍ਰਬੰਧ ਅਧੀਨ ਕਾਮਿਆਂ ਦੇ ਸ਼ੋਸ਼ਣ ਕਾਰਨ ਨਾ-ਅਦਾ ਕੀਤੀ ਉਜਰਤ ਦਾ ਦੱਬ ਲੈਣਾ ਹੈ। ਪੂੰਜੀ ਵਾਦੀ ਸੰਕਟ ਅਧੀਨ ਕਾਮਿਆਂ ਦੇ ਸੋਸ਼ਣ ਵਿੱਚ ਅੱਤ ਦਰਜੇ ਦਾ ਵਾਧਾ ਹੁੰਦਾ ਹੈ, ਅਤਿ-ਅਮੀਰ ਅਤੇ ਕੰਗਾਲੀ ਵਿੱਚ ਪਾੜਾ ਪਹਿਲਾਂ ਨਾਲੋਂ ਕਿਤੇ ਵਧਦਾ ਜਾਂਦਾ ਹੈ। ਪੂੰਜੀਵਾਦੀ ਦੇਸ਼ਾਂ ਅੰਦਰ ਉਜਰਤਾਂ ਦੇ ਲਗਾਤਾਰ ਡਿਗਦੇ ਜਾਣ ਦਾ ਅਤੇ ਉਸੇ ਅਨੁਪਾਤ ਨਾਲ ਮੁਨਾਫੇ ਦੇ ਹਿਸੇ ਦੇ ਵਧਦੇ ਜਾਣ ਦਾ ਰੁਝਾਨ ਹੁੰਦਾ ਹੈ। ਕਾਮਿਆਂ ਨੂੰ ਸਮਾਜਕ ਤੌਰ ’ਤੇ ਪ੍ਰਵਾਨਤ ਔਸਤਨ ਘੱਟੋ-ਘੱਟ ਉਜਰਤਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਨਾਲ ਉਹ ਅਗਲੇ ਦਿਨ ਕੰਮ ’ਤੇ ਜਾਣ ਲਈ ਕਿਰਤ ਸ਼ਕਤੀ ਪੈਦਾ ਕਰ ਸਕਣ।

ਭਾਰਤ ਦੀਆਂ ਬਹੁਤ ਸਾਰੀਆਂ ਗੈਰ-ਜਥੇਬੰਦ ਖੇਤਰ ਦੀਆਂ ਫੈਕਟਰੀਆਂ ਅੰਦਰ ਕਾਮਿਆਂ ਨੂੰ ਏਨੀਆਂ ਘੱਟ ਉਜਰਤਾਂ ਦਿੱਤੀਆਂ ਜਾਂਦੀਆ ਹਨ ਕਿ ਉਹ ਆਪਣੀ ਸਾਰੇ ਮਹੀਨੇ ਦੀਆਂ ਉਜਰਤਾਂ ਨਾਲ ਅਜਿਹੀ ਇੱਕ ਵੀ ਵਸਤ ਨਹੀਂ ਖਰੀਦ ਸਕਦੇ, ਜਿਹੜੀ ਵੀ ਉਹ ਪੈਦਾ ਕਰਦੇ ਹਨ। ਕਾਮੇ ਖਾਸ ਕਰਕੇ ਬਹੁਤੀਆਂ ਇਸਤਰੀਆਂ ਜਿਹੜੀਆਂ ਅਸੰਭਵ ਟੀਚੇ ਪੂਰੇ ਕਰਨ ਤੋਂ ਅਸਮਰਥ ਹੁੰਦੀਆਂ ਹਨ, ਲਈ ਭੈੜੇ ਸ਼ਬਦ ਵਰਤੇ ਜਾਂਦੇ ਹਨ। ਬਹੁਤੇ ਕਾਮੇ ਜਿਹੜੇ ਆਪਣੇ ਪਰਵਾਰ ਦੇ ਪਾਲਣ-ਪੋਸ਼ਣ ਨਿਗੂਣੀ ਜਿਹੀ ਉਜਰਤ ਉਤੇ ਲੰਮੇ ਤੇ ਘੰਟਿਆਂਬੱਧੀ ਕੰਮ ਕਰਦੇ ਹਨ, ਮਾਲਕਾਂ ਵਲੋਂ ਉਨ੍ਹਾਂ ਨੂੰ ਵਾਧੂ ਸਮੇਂ/ਓਵਰ ਟਾਇਮ ਦੀ ਉਜਰਤ ਨਾ ਦੇ ਕੇ ਉਨ੍ਹਾਂ ਨਾਲ ਧੋਖਾ ਕੀਤਾ ਜਾਂਦਾ ਹੈ।

ਕਾਮਿਆਂ ਦੀਆਂ ਘੱਟ ਉਜਰਤਾਂ, ਮਿਥੇ ਘੰਟਿਆਂ ਤੋਂ ਵਾਧੂ ਲਏ ਕੰਮ ਦੀ ਅਦਾਇਗੀ ਨਾ ਕਰਨਾ ਕਾਮਿਆਂ ਦੇ ਕਰਜ਼ੇ ਦੇ ਜਾਲ ਵਿੱਚ ਫਸਣ ਦੇ ਮੁੱਖ ਕਾਰਨ ਹਨ। ਟੀਚੇ ਏਨੇ ਉਚੇ ਹੁੰਦੇ ਹਨ ਕਿ ਪੂਰੇ ਨਹੀਂ ਕੀਤੇ ਜਾ ਸਕਦੇ। ਟੀਚੇ ਪੂਰੇ ਕਰਨ ਲਈ ਏਥੋਂ ਤੱਕ ਕਿ ਉਨ੍ਹਾਂ ਨੂੰ ਕੰਮ ਦੌਰਾਨ ਕੁਝ ਮਿੰਟਾਂ ਦੀ ਛੁੱਟੀ ਵੀ ਨਹੀਂ ਦਿੱਤੀ ਜਾਂਦੀ। ਕਾਮੇਂ ਗੈਰ-ਮਨੁੱਖੀ ਹਾਲਤਾਂ ਤੋਂ ਲਗਾਤਾਰ ਪੀੜਤ ਰਹਿੰਦੇ ਹਨ ਅਤੇ ਨਿਗੁਣੀਆਂ ਉਜਰਤਾਂ ’ਤੇ ਜਿਉਂਦੇ ਰਹਿਣ ਲਈ ਮਜ਼ਬੂਰ ਹੁੰਦੇ ਹਨ।

ਸੂਤੀ ਟੈਕਸਟਾਈਲ ਉਦਯੋਗ ਭਾਰਤੀ ਟੈਕਸਟਾਈਲ ਉਦਯੋਗ ਦਾ ਸਭ ਤੋਂ ਵੱਡਾ ਹਿੱਸਾ ਹੈ, ਜੋ ਕੁੱਲ ਉਤਪਾਦਨ ਦਾ 70% ਤੋਂ ਵੱਧ ਹੈ। ਭਾਰਤ ਦਾ ਕੱਪੜਾ ਉਦਯੋਗ ਵੀ ਅਰਥਚਾਰੇ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਜੋ ਸਿੱਧੇ ਅਤੇ ਅਸਿੱਧੇ ਰੂਪ ਵਿੱਚ 4.5 ਕਰੋੜ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਦਾ ਹੈ ਅਤੇ ਹੋਰ 6 ਕਰੋੜ ਲੋਕ ਸਹਾਇਕ ਖੇਤਰਾਂ ਵਿੱਚ ਔਰਤਾਂ ਅਤੇ ਪੇਂਡੂ ਆਬਾਦੀ ਸਮੇਤ। ਭਾਰਤੀ ਟੈਕਸਟਾਈਲ ਉਦਯੋਗ ਸਥਾਨਕ ਅਤੇ ਵਿਸ਼ਵ ਪੱਧਰ ’ਤੇ ਇੱਕ ਮਹੱਤਵਪੂਰਨ ਉਦਯੋਗ ਹੈ।

ਸਰਕਾਰੀ ਅੰਕੜਿਆ ਮੁਤਾਬਕ ‘ਨੈਸ਼ਨਲ ਟੈਕਸਟਾਇਲ’ ਸਨਅਤ ਕੋਈ 55 ਖਰਬ ਡਾਲਰ ਦੀ ਹੈ। ਇਸ ਸਨਅਤ ਅੰਦਰ ਕੰਮ ਕਰਦੇ ਕਾਮਿਆਂ ਨੂੰ ਅੱਤ ਕਠਿਨ ਹਾਲਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਥੇ ਸਨਅਤ ਦਾ ਕਈ ਗੁਣਾਂ ਪਸਾਰ ਹੋ ਰਿਹਾ ਹੈ, ਉਥੇ ਕਾਮਿਆਂ ਦੀ ਹਾਲਤ ’ਚ ਸੁਧਾਰ ਹੋਣ ਦੀ ਥਾਂ ਲਗਾਤਾਰ ਵਿਗੜ ਰਹੀ ਹੈ।

ਕਿਵੇਂ ਗਾਰਮੈਂਟ ਸਨਅਤ ਦੇ ਕਾਮਿਆਂ ਜਿਨ੍ਹਾਂ ਵਿੱਚ 67% ਤੋਂ ਉਪਰ ਇਸਤਰੀ ਕਾਮੇਂ ਹਨ, ਨੂੰ ਦੋ ਵਕਤ ਦੀ ਰੋਟੀ ਲਈ ਅੱਤ ਕਠਨ ਹਾਲਤਾਂ ਅੰਦਰ ਮਜਬੂਰਨ ਵਾਧੂ ਕੰਮ/ਓਵਰ ਟਾਇਮ ਕਰਨਾ ਪੈਂਦਾਂ ਹੈ, ਕੋਈ ਰੁਜ਼ਗਾਰ ਦੀ ਸੁਰਖਿਆ ਨਹੀਂ, ਕੋਈ ਓਵਰ ਟਾਈਮ ਦੀ ਅਦਾਇਗੀ ਨਹੀਂ ਹੁੰਦੀ ਅਤੇ ਨਾਂ ਹੀ ਕੋਈ ਯੂਨੀਅਨ ਬਨਾਉਣ ਦਿੱਤੀ ਜਾਂਦੀ ਹੈ। ਕਿਰਤ ਕਨੂੰਨਾਂ ਦੀ ਅਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਜਾਂਦੀ ਹੈ।

ਉਦਾਰੀਕਰਨ ਦੀਆ ਨੀਤੀਆਂ ਭਾਰਤ ਅੰਦਰ 1991 ਤੋਂ ਬੜੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋਈਆਂ, ਆਰਥਕ ਉਦਾਰੀਕਰਨ ਦੇ ਲਾਭਾਂ ਦਾ ਫਾਇਦਾ ਕਾਮਿਆਂ ਨੂੰ ਪਹੁੰਚਾਉਣ ਦੀ ਥਾਂ ਇਨ੍ਹਾਂ ਨਾ ਹੀ ਬੇਰੁਜ਼ਗਾਰੀ ਦਾ ਅਤੇ ਨਾ ਹੀ ਦੂਸਰੀਆਂ ਸਮਾਜਿਕ ਬੁਰਾਈਆਂ ਦਾ ਕੋਈ ਹੱਲ ਕੀਤਾ ਹੈ। ਭਾਰਤੀ ਮਾਰਕਿਟ/ਮੰਡੀ ਦੇ ਉਦਾਰੀਕਰਨ ਨੇ ਰਵਾਇਤੀ ਹੈਂਡਲੂਮ/ਖੱਡੀ ਨੂੰ ਬੰਦ ਹੋਣ ਲਈ ਮਜਬੂਰ ਕਰ ਦਿੱਤਾ ਹੈ। ਸਿੱਟੇ ਵਜੋਂ 25 ਲੱਖ ਤੋਂ ਉਪਰ ਕਾਮੇ ਆਪਣੇ ਰੋਜ਼ਗਾਰ ਤੋਂ ਹੱਥ ਧੋ ਬੈਠੇ ਹਨ। ਕਾਗਜ਼ਾਂ ਵਿੱਚ ਕੰਮ ਦਿਨ ਭਾਵੇਂ ਅੱਠ ਘੰਟਿਆਂ ਦਾ ਹੈ, ਪ੍ਰੰਤੂ ਕਾਮਿਆਂ ਤੋਂ ਬਿਨਾਂ ਓਵਰ ਟਾਇਮ ਦਿੱਤਿਆਂ 10 ਤੋਂ 12 ਘੰਟੇ ਕੰਮ ਲਿਆ ਜਾਂਦਾ ਹੈ। ਪ੍ਰਾਜੈਕਟ ਪੂਰੇ ਕਰਨ ਦੇ ਦਬਾਅ ਕਾਰਨ ਕਾਮਿਆਂ ਨੂੰ ਹਫਤਾਵਾਰੀ ਛੁੱਟੀਆਂ ਵਾਲੇ ਦਿਨਾਂ ਵਿੱਚ ਵੀ ਕੰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਕਾਮੇਂ ਲਗਾਤਾਰ ਮਾਨਸਕਿ ਤਨਾਓ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ, ਜਦੋਂ ਕਿ ਨੌਜਵਾਨ ਇਸਤਰੀ ਕਾਮਿਆਂ ਨੂੰ ਦੇਰ ਰਾਤ ਸ਼ਿਫਟਾਂ ਮਗਰੋਂ ਘਰ ਜਾਣਾ ਇੱਕ ਡਰਾਉਣਾ ਸਪਨਾ ਬਣ ਗਿਆ ਹੈ। ਇਸ ਸਮੇਂ ਦੌਰਾਨ ਅਣ-ਗਿਣਤ ਬਲਾਤਕਾਰ ਅਤੇ ਕਤਲ ਦੀਆਂ ਵਾਰਦਾਤਾਂ ਨੇ ਉਨ੍ਹਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ।

ਸਾਮਰਾਜੀ ਵਿਸ਼ਵੀਕਰਨ ਦੀਆਂ ਇਨ੍ਹਾਂ ਨੀਤੀਆਂ ਅਧੀਨ ਸਿੱਧੇ ਵਿਦੇਸ਼ੀ ਨਿਵੇਸ਼ (ਐੱਫ.ਡੀ.ਆਈ) ਨੇ ਭਾਰਤੀ ਲੋਕਾਂ ਦੇ ਰੁਜ਼ਗਾਰ ਦੇ ਮੌਕਿਆਂ ਅਤੇ ਦੇਸ਼ ਦੀ ਆਰਥਕਤਾ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਸਨਅਤ, ਸੇਵਾਵਾਂ, ਰੀਅਲ ਅਸਟੇਟ (ਮਕਾਨ ਉਸਾਰੀ), ਟੈਲੀਕਾਮ, ਐੱਲ.ਆਈ.ਸੀ, ਪ੍ਰਚੂਨ ਖੇਤਰ ਆਦਿ ਵਿੱਚ ਵਿਦੇਸ਼ੀ ਸਿੱਧੇ ਨਿਵੇਸ਼ ਨੇ ਕਰੋੜਾਂ ਲੋਕਾਂ ਨੂੰ ਰੋਜ਼ਗਾਰ ਤੋਂ ਵਾਂਝੇ ਕਰ ਦਿੱਤਾ ਹੈ, ਘਰੇਲੂ ਸਨਅਤ ਬੰਦ ਹੋ ਰਹੀ ਹੈ, ਉਤਪਾਦਨ ਘਟਦਾ ਜਾ ਰਿਹਾ ਹੈ, ਬਰਾਮਦ ਘਟ ਗਈ ਹੈ ਅਤੇ ਦੇਸ਼ ਦੀ ਦਰਆਮਦ ਉੱਪਰ ਨਿਰਭਰਤਾ ਵਧਦੀ ਜਾ ਰਹੀ ਹੈ, ਵਿਦੇਸ਼ੀ ਕਰੰਸੀ ਦੇ ਭੰਡਾਰ ’ਚ ਲਗਾਤਾਰ ਕਮੀਂ ਆ ਰਹੀ ਹੈ। ਸਿੱਟੇ ਵਜੋਂ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਨਿਵਾਣਾਂ ਛੋਹ ਰਹੀ ਹੈ। ਮਹਿਗੰਾਈ, ਰੁਪਏ ਦੀ ਡਿਗਦੀ ਕੀਮਤ ਅਤੇ ਸਿੱਕੇ ਦੇ ਫੈਲਾਅ ਕਾਰਨ ਦੇਸ਼ ਦੀ ਆਰਥਕਤਾ ਡਾਂਵਾਡੋਲ ਹੁੰਦੀ ਜਾ ਰਹੀ ਹੈ।

ਹੋਰ ਜ਼ਿਆਦਾ ਮੁਨਾਫਾ ਕਮਾਉਣ ਦੀ ਹਵਸ ਕਾਰਨ ਸਰਮਾਏਦਾਰ ਬਾਲ ਮਜ਼ਦੂਰਾਂ ਅਤੇ ਬੰਧੂਆ ਮਜ਼ਦੂਰਾਂ ਨੂੰ ਕੰਮ ’ਤੇ ਲਗਾਉਂਦਾ ਹੈ। ਬੰਧੂਆ ਮਜ਼ਦੂਰੀ ਭੱਠਾ ਸਨਅਤ ਅੰਦਰ ਵਿਆਪਕ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। ਭੱਠਾ ਸਨਅਤ ਅੰਦਰ ਮੁੱਖ ਤੌਰ ’ਤੇ ਸਮਾਜ ਦਾ ਪੇਂਡੂ ਗਰੀਬ ਅਤੇ ਕਮਜ਼ੋਰ ਵਰਗ ਹੁੰਦਾ ਹੈ। ਭਾਰਤ ਵਿੱਚ ਤਕਰੀਬਨ ਪੰਜਾਹ ਹਜ਼ਾਰ ਇਟਾਂ ਦੇ ਭੱਠੇ ਹਨ, ਹਰੇਕ ਭੱਠੇ ਉੱਪਰ ਔਸਤਨ 100 ਮਜ਼ਦੂਰ ਕੰਮ ਕਰਦੇ ਹਨ। ਕੁੱਲ ਮਿਲਾ ਕੇ ਇਨ੍ਹਾਂ ਬੰਧੂਆ ਮਜ਼ਦੂਰਾਂ ਸਮੇਤ ਕੋਈ 50 ਲੱਖ ਮਜ਼ਦੂਰ ਕੰਮ ਕਰਦੇ ਹਨ। ਬੰਧੂਆ ਮਜ਼ਦੂਰ ਆਪਣੇ ਬੱਚਿਆਂ ਅਤੇ ਪਤਨੀਆਂ ਸਮੇਤ ਇਨ੍ਹਾਂ ਭੱਠਿਆਂ ਉੱਪਰ ਕੰਮ ਕਰਦੇ ਹਨ। ਇਹ ਬੱਚੇ ਸਿਖਿਆ, ਸਿਹਤ ਅਤੇ ਹੋਰ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ।

ਬੰਧੂਆ ਮਜ਼ਦੂਰ ਮੁਕਤੀ ਮੋਰਚਾ ਨਾਂਅ ਦੀ ਇੱਕ ਜਥੇਬੰਦੀ ਅਨੁਸਾਰ 6.5 ਕਰੋੜ ਬਾਲ ਬਧੂੰਆ ਮਜ਼ਦੂਰ ਅਤੇ 30 ਕਰੋੜ ਬਾਲਗ ਬੰਧੂਆਂ ਮਜ਼ਦੂਰ ਹਨ। ਯੂਨੀਸੈਫ (ਯੂਨਾਈਟਿਡ ਨੇਸ਼ਨਜ਼ ਇੰਟਰਨੈਸ਼ਨਲ ਚਿਲਡਰਨ ਐਜੂਕੇਸ਼ਨ ਫੰਡ) ਦੀ 2009 ਦੀ ਇੱਕ ਰਿਪੋਰਟ ਅਨੁਸਾਰ 6 ਤੋਂ 14 ਸਾਲ ਦੀ ਉਮਰ ਦੇ 2 ਕਰੋੜ 80 ਲੱਖ ਬੱਚੇ ਮਜ਼ਦੂਰੀ ਕਰਦੇ ਹਨ।

ਪੂੰਜੀਪਤੀ ਦਾ ਧਰਮ ਕੇਵਲ ਤੇ ਕੇਵਲ ਕਿਸੇ ਵੀ ਕੀਮਤ ਉਤੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ। ਮਾਰਕਸ ਨੇ ਆਪਣੀ ਮਹਾਨ ਕਿਰਤ ‘ਕੈਪੀਟਲ’ ’ਚ ਲਿਖਿਆ ਹੈ, ‘ਜਿਸ ਤਰ੍ਹਾਂ ਪਹਿਲਾਂ ਕਿਹਾ ਜਾਂਦਾ ਸੀ ਕਿ ਕੁਦਰਤ ਖਲਾਅ ਨਾਲ ਘਿਰਣਾ ਕਰਦੀ ਹੈ, ਉਸੇ ਤਰ੍ਹਾਂ ਸਰਮਾਇਆ ਇਸ ਗੱਲ ਨੂੰ ਬਹੁਤ ਨਾ ਪਸੰਦ ਕਰਦਾ ਹੈ। ਜੇ ਮੁਨਾਫਾ ਨਾ ਹੋਵੇ ਜਾਂ ਬਹੁਤ ਘੱਟ ਹੋਵੇ। ਯੋਗ ਮੁਨਾਫਾ ਹੋਵੇ ਤਾਂ ਸਰਮਾਇਆ ਬਹੁਤ ਹਿੰਮਤ ਵਿਖਾਉਂਦਾ ਹੈ। ਜੇ ਤਕਰੀਬਨ 10% ਮੁਨਾਫਾ ਮਿਲੇ ਤਾਂ ਸਰਮਾਇਆ ਕਿਸੇ ਵੀ ਥਾਂ ’ਤੇ ਲਗਾਉਣ ਲਈ ਤਿਆਰ ਹੁੰਦਾ ਹੈ। ਜੇ 20% ਮੁਨਾਫਾ ਯਕੀਨੀ ਹੋਵੇ ਤਾਂ ਸਰਮਾਏ/ਪੂੰਜੀ ਵਿੱਚ ਉਤਸੁਕਤਾ ਵਿਖਾਈ ਦੇਣ ਲੱਗ ਪੈਂਦੀਂ ਹੈ। 50% ਦੀ ਆਸ ਹੋਵੇ ਤਾਂ ਸਰਮਾਇਆ ਸਪੱਸ਼ਟ ਹੀ ਦਲੇਰ ਬਣ ਜਾਂਦਾ ਹੈ। 100% ਦਾ ਮੁਨਾਫਾ ਯਕੀਨੀ ਹੋਵੇ ਤਾਂ ਇਹ ਮਨੁੱਖਤਾ ਦੇ ਸਾਰੇ ਕਾਨੂੰਨਾਂ ਨੂੰ ਪੈਰਾਂ ਥੱਲੇ ਰੋਲਣ ਨੂੰ ਤਿਆਰ ਹੋ ਜਾਂਦਾ ਹੈ ਅਤੇ ਜੇਕਰ 300% ਮੁਨਾਫੇ ਦੀ ਉਮੀਦ ਹੋ ਜਾਵੇ ਤਾਂ ਅਜਿਹਾ ਕੋਈ ਵੀ ਅਪਰਾਧ ਨਹੀਂ, ਜਿਸ ਨੂੰ ਕਰਨ ਵਿੱਚ ਸਰਮਾਏ ਨੂੰ ਸੰਕੋਚ ਹੋਵੇਗਾ ਅਤੇ ਕੋਈ ਵੀ ਖਤਰਾ ਅਜਿਹਾ ਨਹੀਂ ਜਿਸ ਦਾ ਸਾਹਮਣਾ ਕਰਨ ਲਈ ਉਹ ਤਿਆਰ ਨਹੀਂ ਹੋਵੇਗਾ।

ਭਾਜਪਾ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਕਾਮਿਆਂ ਵੱਲੋਂ ਅਨੇਕਾਂ ਕੁਰਬਾਨੀਆਂ ਅਤੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਕੋਡਾਂ ਵਿੱਚ ਬਦਲ ਰਹੀ ਹੈ, ਜਿਸ ਅਧੀਨ ਕਾਮਿਆਂ ਤੋਂ ਯੂਨੀਅਨ ਬਣਾਉਣ, ਅਦਾਲਤ ਜਾਣ, ਨੌਕਰੀ ਨੂੰ ਨਿਯਮਤ ਆਦਿ ਕਰਨ ਦੇ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਮਨੁੱਖਤਾ ਦਾ ਭਲਾ ਇਸ ਲੁੱਟ-ਖਸੁੱਟ ’ਤੇ ਅਧਾਰਤ ਪੂੰਜੀਵਾਦੀ ਪ੍ਰਬੰਧ ਨੂੰ ਇੱਕ ਲੋਕ ਜਮਹੂਰੀ ਇਨਕਲਾਬ ਰਾਹੀਂ ਚਲਦਾ ਕਰਕੇ ਇੱਕ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਕਰਕੇ ਹੀ ਹੋ ਸਕਦਾ ਹੈ।

***# ਸੰਪਰਕ : 98550-04500***

# ਅਵਤਾਰ ਟੱਲੇਵਾਲੀਆ, ਜੋ ਫੁੱਲ ਬਣਿਆ ਹੋਵੇਗਾ ਜਾਂ ਤਾਰਾ!

**ਗੁਰਬਚਨ ਸਿੰਘ ਭੁੱਲਰ**

29 ਜੂਨ 1941 ਨੂੰ ਜਨਮੇ ਅਵਤਾਰ ਟੱਲੇਵਾਲੀਆ ਨੂੰ ਗੁਜ਼ਰਿਆਂ ਬਵੰਜਵਾਂ ਸਾਲ ਲੱਗਿਆ ਹੋਇਆ ਹੈ। 14 ਅਗਸਤ 1971 ਨੂੰ ਵਿਛੋੜੇ ਵੇਲੇ ਉਹਦੀ ਉਮਰ ਕੁੱਲ 30 ਸਾਲ 1 ਮਹੀਨਾ ਤੇ 17 ਦਿਨ ਸੀ। ਉਹਦੇ ਨਾਲ ਹੀ ਉਹ ਬਹੁਤ ਕੁਛ ਖੁਸ ਗਿਆ ਜੋ ਉਹ, ਖਾਸ ਕਰ ਕੇ ਸਾਹਿਤਕ ਖੇਤਰ ਵਿਚ ਸਮਾਜ ਨੂੰ ਦੇ ਸਕਦਾ ਸੀ। ਇਸ ਕਹਾਵਤ ਵਿਚ ਬਹੁਤ ਦਮ ਹੈ ਕਿ ਸਾਹਿਤਕਾਰ ਚਲਿਆ ਜਾਂਦਾ ਹੈ, ਪਰ ਉਹਦਾ ਸਾਹਿਤ ਆਪ ਵੀ ਜਿਉਂਦਾ ਰਹਿੰਦਾ ਹੈ ਤੇ ਉਸ ਨੂੰ ਵੀ ਜਿਉਂਦਾ ਰੱਖਦਾ ਹੈ। ਅੱਜ ਜੇ ਅਸੀਂ ਉਸ ਨੂੰ ਚੇਤੇ ਕਰ ਰਹੇ ਹਾਂ, ਇਹ ਸਾਨੂੰ ਹਾਸਲ ਉਹਦੀਆਂ ਰਚਨਾਵਾਂ ਸਦਕਾ ਹੀ ਹੈ। ਉਮਰ ਦੇ ਹਿਸਾਬ ਉਹ ਮੈਥੋਂ ਚਾਰ ਸਾਲ ਛੋਟਾ ਸੀ, ਪਰ ਸਾਹਿਤ ਦੇ ਪੱਖੋਂ ਅਸੀਂ ਹਾਣੀ ਸੀ। ਜਦੋਂ ਸਾਡੀ ਪੀੜ੍ਹੀ ਨੇ ਹੱਥਾਂ ਵਿਚ ਕਲਮਾਂ ਫੜੀਆਂ, ਦੇਸ਼ ਵਿਚ ਨਵੀਂ-ਨਵੀਂ ਆਜ਼ਾਦੀ ਦਾ ਉਤਸਾਹ ਸੀ, ਜੋ ਆਸ ਬੰਨ੍ਹਾਉਂਦਾ ਸੀ ਕਿ ਹੋਰ ਨਹੀਂ ਤਾਂ ਘੱਟੋ-ਘੱਟ ਲੋਕਾਂ ਦੇ ਕੁੱਲੀ, ਗੁੱਲੀ, ਜੁੱਲੀ ਦੇ ਮਸਲੇ ਤਾਂ ਹੱਲ ਹੋ ਹੀ ਜਾਣਗੇ।

ਇਸੇ ਤਰ੍ਹਾਂ ਹੀ ਸਾਹਿਤਕ ਜਾਗਰਤੀ ਤੇ ਉਭਾਰ ਦਾ ਮਾਹੌਲ ਬਣਿਆ ਹੋਇਆ ਸੀ। ਗਿਆਨੀ ਹੀਰਾ ਸਿੰਘ ਦਰਦ ਤੇ ਉਹਨਾ ਦੇ ਸਾਥੀਆਂ-ਸਹਾਇਕਾਂ ਦੀ ਹਿੰਮਤ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਹੋਂਦ ਵਿਚ ਆ ਚੁੱਕੀ ਸੀ ਅਤੇ ਅੱਗੋਂ ਉਹਦੀ ਛਤਰ-ਛਾਇਆ ਹੇਠ ਸ਼ਹਿਰ-ਸ਼ਹਿਰ, ਨਗਰ-ਨਗਰ ਸਾਹਿਤ ਸਭਾਵਾਂ ਬਣਨ ਲੱਗੀਆਂ ਸਨ। ਸਾਹਿਤਕ ਮਾਹੌਲ ਏਨਾ ਉਤਸ਼ਾਹੀ ਸੀ ਕਿ ਅਸੀਂ ਆਪਣੇ ਨੇੜਲੀ ਸਾਹਿਤ ਸਭਾ ਦੇ ਮੈਂਬਰ ਹੀ ਨਾ ਬਣਦੇ, ਸਗੋਂ ਨੇੜੇ-ਤੇੜੇ ਦੀਆਂ ਹੋਰ ਸਭਾਵਾਂ ਵਿਚ ਵੀ ਜਾ ਸ਼ਾਮਲ ਹੁੰਦੇ। ਜਦੋਂ ਕਿਸੇ ਸਭਾ ਦਾ ਕੋਈ ਖਾਸ ਸਮਾਗਮ ਹੁੰਦਾ, ਓਦੋਂ ਤਾਂ ਸਾਡੀ ਮਾਰ ਦੂਰ-ਦੂਰ ਤੱਕ ਹੁੰਦੀ। ਇਉਂ ਜਦੋਂ ਮੈਂ ਸਾਹਿਤ ਸਭਾ ਬਰਨਾਲਾ ਨਾਲ ਜੁੜਿਆ, ਅਵਤਾਰ ਤਾਂ ਬਰਨਾਲਾ ਉਹਦੇ ਪਿੰਡ ਟੱਲੇਵਾਲ ਦਾ ਸੰਪਰਕ ਸ਼ਹਿਰ ਹੋਣ ਸਦਕਾ ਉਹਦਾ ਮੈਂਬਰ ਪਹਿਲਾਂ ਹੀ ਸੀ। ਉਹਦੇ ਦੋਸਤੀ-ਪਾਲਕ ਰਲੌਂਟੇ ਸੁਭਾਅ ਸਦਕਾ ਕੁਛ ਹੀ ਮਿਲਣੀਆਂ ਵਿਚ ਉਹ ਮੇਰੇ ਲਈ ਟੱਲੇਵਾਲੀਏ ਤੋਂ ਅਵਤਾਰ ਹੋ ਗਿਆ। ਉਹ ਬਾਹਰੋਂ-ਅੰਦਰੋਂ ਇਕੋ ਜਿੰਨਾ ਸੋਹਣਾ ਸੀ। ਜਚਦਾ ਕੱਦ-ਕਾਠ, ਨਰੋਆ ਜੁੱਸਾ, ਗੋਰਾ ਰੰਗ, ਦੂਰੋਂ ਦੇਖਦਿਆਂ ਹੀ ਮੁਸਕਰਾਉਣ ਲਈ ਕਾਹਲੇ ਬੁੱਲ੍ਹ। ਉਹ ਬਰਨਾਲਾ ਸਭਾ ਦੇ ਚੰਗਾ ਲਿਖਣ ਵਾਲੇ ਲੇਖਕਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਸੀ। ਸਾਰੇ ਉਹਨੂੰ ਲਾਡਲਿਆਂ ਵਾਂਗ ਰੱਖਦੇ। ਉਹ ਜ਼ਮਾਨਾ ਵੀ ਹੁਣ ਵਾਂਗ ਲੇਖਕਾਂ ਦੇ ਇਕ-ਦੂਜੇ ਨਾਲ ਈਰਖਾ ਕਰਨ ਦਾ ਨਹੀਂ ਸੀ। ਦਿਲ ਵਿਚ ਦੋਸਤਾਂ ਦਾ ਪਿਆਰ ਤੇ ਆਦਰ ਹੁੰਦਾ ਤੇ ਦੋਸਤੀਆਂ ਦਾ ਮਾਣ ਹੁੰਦਾ। ਦੂਜੇ ਦੀ ਚੰਗੀ ਰਚਨਾ ਈਰਖਾ ਦੀ ਥਾਂ ਰਸ਼ਕ ਜਗਾਉਂਦੀ।

ਅੱਜ ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਉਹਨੇ ਅੱਠਵੀਂ ਵਿਚ ਪੜ੍ਹਦਿਆ ਦੋ ਅਜਿਹੇ ਨਾਟਕ ਲਿਖੇ, ਜੋ ਕੱਚੇ ਤੇ ਬੇਤੁਕੇ ਨਹੀਂ ਸਨ। ਇਕ ਤਾਂ ਉਹਦੇ ਸਕੂਲ ਦੇ ਪੰਜਾਬੀ ਅਧਿਆਪਕ ਨੇ ਵਿਦਿਆਰਥੀਆਂ ਨੂੰ ਤਿਆਰ ਕਰਵਾ ਕੇ ਸਕੂਲ ਵਿਚ ਖਿਡਵਾਇਆ, ਦੂਜਾ ਪਿੰਡ ਦੇ ਹੀ ਇਕ ਸਾਹਿਤਕ ਚੇਟਕ ਤੇ ਸੂਝ ਵਾਲੇ ਕਵੀਸ਼ਰ ਨੇ ਪਿੰਡ ਦੀ ਵੱਡੀ ਸੱਥ ਵਿਚ ਪੇਸ਼ ਕੀਤਾ। ਫੇਰ ਉਹ ਨਾਟਕ ਛੱਡ ਕੇ ਕਵਿਤਾ ਲਿਖਣ ਲੱਗ ਗਿਆ। ਕਵਿਤਾ ਉਹਦੇ ਜਜ਼ਬਿਆਂ ਦੇ ਮੇਚ ਦੀ ਸਿੱਧ ਹੋਈ ਤੇ ਉਹਨੂੰ ਰਾਸ ਆ ਗਈ। ਕਵੀ ਵਜੋਂ ਉਹਨੇ ਏਨੀ ਕੁ ਕਮਾਈ ਕਰ ਲਈ ਕਿ ਸਾਹਿਤਕ ਖੇਤਰ ਵਿਚ ਉਹ ਇਕ ਜਾਣਿਆ-ਪਛਾਣਿਆ ਨਾਂਅ ਬਣ ਗਿਆ। ਉਹ ਹੋਰ ਅਖ਼ਬਾਰਾਂ-ਰਸਾਲਿਆਂ ਤੋਂ ਇਲਾਵਾ ‘ਪ੍ਰੀਤਲੜੀ’, ‘ਪੰਜ ਦਰਿਆ’, ‘ਆਰਸੀ’, ‘ਚੇਤਨਾ’ ਤੇ ‘ਕਵਿਤਾ’ ਜਿਹੇ ਉਸ ਸਮੇਂ ਦੇ ਸਿਖਰੀ ਰਸਾਲਿਆਂ ਵਿਚ ਛਪਦਾ ਰਿਹਾ। ਉਹ ਕਵਿਤਾਵਾਂ, ਗੀਤ ਤੇ ਗ਼ਜ਼ਲਾਂ ਲਿਖਣ ਵਾਲਾ ਕਵੀ ਤਾਂ ਬਣਿਆ ਹੀ, ਲੋਕ ਗੀਤਾਂ ਬਾਰੇ ਉਹਦੇ ਲੇਖ ਚੰਗੀ ਵਾਰਤਿਕ ਹੁੰਦੇ ਸਨ। ਉਹਨੇ ਕੁਛ ਕਹਾਣੀਆਂ ਵੀ ਲਿਖੀਆਂ, ਜੋ ਗਲਪ ਦੇ ਮਿਆਰਾਂ ਉੱਤੇ ਖਰੀਆਂ ਉੱਤਰਦੀਆਂ ਸਨ। ਉਹਦੀ ਰਚਨਾ ਵਿਚ ਕੇਂਦਰੀ ਸਥਾਨ ਪਰ ਕਵਿਤਾ ਨੇ ਹੀ ਮੱਲੀ ਰੱਖਿਆ ਅਤੇ ਉਹਦੀ ਪਛਾਣ ਕਵੀ ਵਜੋਂ ਹੀ ਬਣੀ।

ਉਸ ਜ਼ਮਾਨੇ ਦੇ ਪੜ੍ਹੇ ਹੋਏ ਅਸੀਂ ਉਰਦੂ ਤਾਂ ਜਾਣਦੇ ਹੀ ਸੀ। ਪੰਜਾਬ ਦੇ ਜੰਮੇ-ਪਲ਼ੇ ਤੇ ਉਰਦੂ ਗਲਪ ਦਾ ਸਿਖਰ ਬਣੇ ਹੋਏ ਸਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ ਤੇ ਰਾਜਿੰਦਰ ਸਿੰਘ ਬੇਦੀ ਸਾਡੀਆਂ ਪੀੜ੍ਹੀਆਂ ਲਈ ਮੋਹਰੀ ਪੰਜਾਬੀ ਗਲਪਕਾਰਾਂ ਜਿੰਨੇ ਹੀ ਆਪਣੇ ਸਨ। ਅਵਤਾਰ ਵੀ ਉਹਨਾਂ ਦਾ ਸ਼ੌਕੀ ਪਾਠਕ ਸੀ। ਉਹਨਾਂ ਦੇ ਕੁਛ ਨਾਵਲਾਂ-ਕਹਾਣੀਆਂ ਨੂੰ ਉਹਨੇ ਪੰਜਾਬੀ ਵਿਚ ਅਨੁਵਾਦਿਆ ਵੀ, ਜਿਨ੍ਹਾਂ ਵਿਚੋਂ ਕ੍ਰਿਸ਼ਨ ਚੰਦਰ ਦਾ ਨਾਵਲ ‘ਇਕ ਗਧੇ ਦੀ ਆਤਮਕਥਾ’ ਖਾਸ ਮਹੱਤਵ ਰੱਖਦਾ ਹੈ। ਹਫ਼ਤਾਵਾਰੀ ਕਿਸ਼ਤਾਂ ਵਿਚ ਛਪੇ ਇਸ ਅਨੁਵਾਦ ਨੇ ਵੀ ਲੇਖਕ ਵਜੋਂ ਉਹਦੀ ਜਾਣ-ਪਛਾਣ ਦਾ ਘੇਰਾ ਖਾਸਾ ਮੋਕਲਾ ਕਰ ਦਿੱਤਾ। ਉਹਨੂੰ ਰਸਾਲਾ ਕੱਢਣ ਦਾ ਬਹੁਤ ਸ਼ੌਕ ਸੀ। ਕਰਨਾਲ ਤੋਂ ਉਹਦੇ ਮਿੱਤਰ ਹਰਭਜਨ ਸਿੰਘ ਕੋਮਲ ਨੇ ਕੁਛ ਸਾਥੀਆਂ ਨਾਲ ਮਿਲ ਕੇ ਤਿਮਾਹੀ ‘ਪ੍ਰਤੀਕ’ ਕੱਢਿਆ ਹੋਇਆ ਸੀ, ਜਿਸ ਦਾ ਸ਼ੁਮਾਰ ਚੰਗੇ ਰਸਾਲਿਆਂ ਵਿਚ ਹੋਣ ਲੱਗਿਆ ਸੀ। ਕੁਛ ਸਾਲਾਂ ਮਗਰੋਂ ਪ੍ਰਬੰਧਕ ਤੇ ਮਾਇਕ ਕਾਰਨਾਂ ਕਰਕੇ ਕੰਮ ਢਿੱਲਾ ਪੈਣ ਲੱਗ ਪਿਆ। 1969 ਵਿਚ ਅਵਤਾਰ ‘ਪ੍ਰਤੀਕ’ ਨੂੰ ਬਰਨਾਲੇ ਲੈ ਆਇਆ।

ਉਸ ਦੌਰ ਵਿਚ ਅਸੀਂ ਨਵੇਂ-ਨਵੇਂ ਉੱਭਰੇ ਕਵੀ ਜੋ ਕਵਿਤਾਵਾਂ ਲਿਖਦੇ ਸੀ, ਉਹਨਾਂ ਵਿਚ ਦੋ ਗੱਲਾਂ ਸਾਂਝੀਆਂ ਹੁੰਦੀਆਂ ਸਨ। ਇਕ ਇਹ ਭਰੋਸਾ ਸੀ ਕਿ ਭਾਰੀ ਕੁਰਬਾਨੀਆਂ ਲੈ ਕੇ, ਜਿਨ੍ਹਾਂ ਵਿਚ ਪੰਜਾਬੀਆਂ ਦਾ ਆਪਣੀ ਗਿਣਤੀ ਦੇ ਹਿਸਾਬ ਨਾਲੋਂ ਬਹੁਤ ਵੱਡਾ ਹਿੱਸਾ ਸੀ, ਆਈ ਆਜ਼ਾਦੀ ਦੇ ਚਾਨਣ ਵਿਚ ਨਿਓਟਿਆਂ-ਨਿਆਸਰਿਆਂ ਨੂੰ ਓਟ-ਆਸਰਾ ਮਿਲ ਜਾਵੇਗਾ। ਚੰਗੇ ਸਮੇਂ ਦੀ ਆਸ ਅਜੇ ਧੁੰਦਲੀ ਨਹੀਂ ਸੀ ਪੈਣ ਲੱਗੀ। ਦੂਜਾ ਵਿਸ਼ਾ ਤਾਂ ਹਰ ਕਵੀ ਲਈ ਸਦੀਵੀ ਹੈ ਹੀ, ਇਸ਼ਕ ਦਾ ਵਿਸ਼ਾ, ਜਿਸ ਨਾਲ ਵਸਲ-ਬਿਰਹਾ, ਖ਼ੁਸ਼ੀਆਂ-ਗ਼ਮੀਆਂ, ਪ੍ਰਾਪਤੀਆਂ-ਤੋਟਾਂ, ਬੜਾ ਕੁਛ ਜੁੜਿਆ ਹੋਇਆ ਹੁੰਦਾ ਹੈ। ਆਲੋਚਕਾਂ ਨੇ ਇਹਨਾਂ ਦੋਵਾਂ ਵਿਸ਼ਿਆਂ ਨੂੰ ਸਮੋ ਲੈਣ ਵਾਲੀ ਕਵਿਤਾ ਦਾ ਨਾਮਕਰਨ ‘ਮੋਹਨ ਸਿੰਘ-ਅੰਮ੍ਰਿਤਾ ਕਾਵਿਧਾਰਾ’ ਕੀਤਾ ਹੋਇਆ ਸੀ।



ਗੁਰਪ੍ਰੀਤ ਵੱਲੋਂ ਸਿਰਜਿਆ ਅਵਤਾਰ ਟੱਲੇਵਾਲੀਆ ਦਾ ਚਿੱਤਰ

ਅਵਤਾਰ ਕਿਰਤੀਆਂ-ਕਿਸਾਨਾਂ ਦੀ ਹਾਲਤ ਸੁਧਰਨ ਦੀ ਇਸੇ ਆਸ ਬਾਰੇ ਬਣਿਆ ਹੋਇਆ ਆਪਣਾ ਵਿਸ਼ਵਾਸ ਬਿਆਨਦਾ ਹੈ: ਹੁਣ ਮਿਹਨਤ ਦਾ ਮੁੱਲ ਪਵੇਗਾ, ਹੁਣ ਕਿਰਤੀ ਮਜਬੂਰ ਨਾ ਰਹਿਣਾ, ਊਚ-ਨੀਚ ਦਾ ਭੇਦ ਨਾ ਰਹਿਣਾ, ਆਉਣਾ ਸਾਂਝ-ਸੂਰ। ਰਾਤ ਦੇ ਮੁੱਕਣ ਤੇ ਪ੍ਰਭਾਤ ਦੇ ਆਉਣ ਦੀ ਨਿਸ਼ਾਨੀ, ਪਹੁ ਫੁਟਦੀ ਦਿਖਾਈ ਦਿੰਦੀ ਸੀ: ਟੁੱਟੂ ਨਾ ਇਹ ਆਸ ਮੇਰੀ, ਮੁੱਕੂ ਨਾ ਮੇਰਾ ਰਾਹ ਕਿਤੇ/ ਤੁਰਦਾ ਹੀ ਤੁਰਦਾ ਮੈਂ ਰਹਾਂ, ਮੁੱਕੂ ਨਾ ਮੇਰਾ ਸਾਹ ਕਿਤੇ/ ਮੈਨੂੰ ਤਾਂ ਹੁਣ ਜਾਪਦੈ, ਆ ਰਹੀ ਪ੍ਰਭਾਤ ਹੈ/ ਰੀਝਾਂ ਨੇ ਹੈ ਉਘੜਨਾ, ਮੁੱਕਣ ਵਾਲੀ ਰਾਤ ਹੈ! ਅੱਗੇਵਧੂ ਸਾਹਿਤ ਅਤੇ ਕਿਰਤੀਆਂ-ਕਿਸਾਨਾਂ ਲਈ ਚੰਗੇਰੀ ਜ਼ਿੰਦਗੀ ਵਿਚ ਉਹਦਾ ਵਿਸ਼ਵਾਸ ਏਨਾ ਅਡੋਲ ਸੀ ਕਿ ਉਹ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਉਹਦਾ ਚਾਅ ਤੇ ਉਤਸਾਹ ਨਾਲ ਗੁਲਾਬੀ ਹੋਇਆ ਉਸ ਸਮੇਂ ਦਾ ਚਿਹਰਾ ਅੱਜ ਵੀ ਮੇਰੇ ਸਾਹਮਣੇ ਹੈ, ਜਦੋਂ ਉਹਨੇ ਨਵਾਂ ਲਿਆਂਦਾ ਪਾਰਟੀ ਕਾਰਡ ਮੈਨੂੰ ਦਿਖਾਇਆ ਸੀ।

ਇਸ਼ਕ ਦਾ ਦਸਤੂਰ ਤਾਂ ਵਸਲ ਨਾਲੋਂ ਬਿਰਹਾ ਦਾ ਪੱਲਾ ਭਾਰੀ ਰਹਿਣਾ ਹੈ। ਬਿਰਹਾ ਦੇ ਮਾਰਿਆਂ ਨੂੰ ਪ੍ਰੇਮਿਕਾ ਤੱਕ ਸੁਨੇਹਾ ਭੇਜਣ ਦਾ ਵਸੀਲਾ ਪੁਰਾਣੇ ਸਮਿਆਂ ਤੋਂ ਹੀ ਮੇਘ ਰਿਹਾ ਹੈ। ਸਤਾਰਾਂ-ਅਠਾਰਾਂ ਸਦੀਆਂ ਪਹਿਲਾਂ ਕਵੀ ਕਾਲੀਦਾਸ ਨੇ ਵੀ ਮੇਘ ਨੂੰ ਹੀ ਦੂਤ ਬਣਾਇਆ ਸੀ, ਹੁਣ ਅਵਤਾਰ ਵੀ ਇਹੋ ਆਸਰਾ ਤਕਾਉਂਦਾ ਹੈ: ਚੜ੍ਹ-ਚੜ੍ਹ ਆਵਣ ਮੇਘਲੇ, ਬਰਸ-ਬਰਸ ਟੁਰ ਜਾਣ/ ਜਿੰਦ ਸਾਡੀ ਦੀ ਔੜੀ ਧਰਤੀ, ਬੂੰਦ ਨਾ ਕਦੀ ਵਰ੍ਹਾਣ। ਨਾ ਸਾਵਣ ਇਹ ਪੋਹੇ ਸਾਨੂੰ, ਨਾ ਇਹ ਸੰਦਲੀ ਪੌਣ/ ਹੋਰ ਅਸਾਂ ਤੋਂ ਸਹਿ ਨਾ ਹੋਵੇ, ਤਰਸਦਿਆਂ ਤਰਸਾਣ/ ਜਾਹ ਵੇ ਮੇਘਾ ਦੇਈਂ ਸੰਦੇਸਾ, ਓਸ ਬੇਦਰਦੀ ਤਾਂਈਂ/ ਮਸਾਂ-ਮਸਾਂ ਇਹ ਦਿਨ ਨੇ ਆਏ, ਇਹ ਵੀ ਨਾ ਲੰਘ ਜਾਣ!

ਸਾਹਿਤ ਸਭਾ ਬਰਨਾਲਾ ਉਹਨੀਂ ਦਿਨੀਂ ਸਾਲਾਨਾ ਸਮਾਗਮ ਦੇ ਜਲੌਅ ਦੇ ਪੱਖੋਂ ਦੂਰ-ਦੂਰ ਤੱਕ ਮਸ਼ਹੂਰ ਸੀ। ਅਵਤਾਰ ਦੀਆਂ ਸਾਹਿਤਕ ਦੋਸਤੀਆਂ ਦਾ ਕਲਾਵਾ ਏਨਾ ਮੋਕਲਾ ਸੀ ਕਿ 1963 ਦੇ ਸਮਾਗਮ ਦੇ ਕਵੀ-ਦਰਬਾਰ ਵਿਚ ਸ਼ਾਮਲ ਹੋਣ ਵਾਸਤੇ ਸ਼ਿਵ ਕੁਮਾਰ ਇਕ ਹਫ਼ਤਾ ਪਹਿਲਾਂ ਹੀ ਉਹਦੇ ਕੋਲ ਆ ਟਿਕਿਆ। ਅੱਗੇ ਚੱਲ ਕੇ ਮਸ਼ਹੂਰ ਹੋਈ ਕਵਿਤਾ ‘ਭੱਠੀ ਵਾਲੀਏ’ ਸ਼ਿਵ ਨੇ ਟੱਲੇਵਾਲ ਹੀ ਲਿਖੀ। ਅਵਤਾਰ ਦੇ ਘਰ ਦੇ ਨੇੜੇ ਹੀ ਇਕ ਘਰ ਮਹਿਰਿਆਂ ਦਾ ਸੀ। ਉਹਨਾਂ ਦੇ ਵਿਹੜੇ ਵਿਚ ਭੱਠੀ ਸੀ, ਜੋ ਬਾਹਰ ਵੱਲ ਘਰ ਬੇਕੰਧਾ ਹੋਣ ਕਾਰਨ ਬਾਹਰੋਂ ਹੀ ਦਿਸਦੀ ਸੀ। ਇਕ ਦਿਨ ਸ਼ਿਵ ਕਹਿੰਦਾ, ਪਿਛਲੇ ਪਹਿਰ ਭੱਠੀ ਚੜ੍ਹੀ ਤੋਂ ਦਾਣੇ ਭੁਨਾਵਾਂਗੇ। ਨੇੜੇ ਹੀ ਵਿਹਲੀ ਥਾਂ ਵਿਚ ਲੋਕਾਂ ਦੇ ਰੱਖੇ ਹੋਏ ਖੁੰਢ ਪਏ ਸਨ। ਮਿੱਤਰ-ਮੰਡਲੀ ਉਹਨਾਂ ਖੁੰਢਾਂ ਉੱਤੇ ਬੈਠ ਕੇ ਪਰਨੇ ਦੇ ਲੜੋਂ ਮੱਕੀ ਤੇ ਛੋਲਿਆਂ ਦੇ ਖ਼ੁਸ਼ਬੂਆਂ ਛੱਡਦੇ ਸੱਜਰੇ ਭੁੰਨਾਏ ਦਾਣੇ ਚੱਬਣ ਲੱਗ ਪਈ। ਦਾਣਿਆਂ ਦਾ ਪਹਿਲਾ ਫੱਕਾ ਅੰਦਰ ਗਿਆ ਤਾਂ ਸ਼ਿਵ ਦੀ ਹੇਕ ਬਾਹਰ ਨਿੱਕਲੀ, ‘ਭੱਠੀ ਵਾਲੀਏ, ਭੱਠੀ ਵਾਲੀਏ ਚੰਬੇ ਦੀਏ ਡਾਲੀਏ, ਨੀ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ!’ ਮਗਰੋਂ ਸ਼ਿਵ ਕੁਮਾਰ ਨੇ ਇਕ ਗੀਤ ਵਿਚ ਲਿਖਿਆ ਸੀ: ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ! ਅਵਤਾਰ ਵੀ ਜਾਂ ਤਾਂ ਕਲਪਿਤ ਸੁਰਗ ਦੇ ਬਗੀਚੇ ਵਿਚ ਫੁੱਲ ਬਣ ਕੇ ਟਹਿਕਿਆ-ਮਹਿਕਿਆ ਹੋਵੇਗਾ ਜਾਂ ਅੰਬਰ ਦੇ ਚਾਨਣ ਵਿਚ ਕੁਛ ਹੋਰ ਵਾਧਾ ਕਰਨ ਵਾਸਤੇ ਤਾਰਾ ਬਣ ਕੇ ਲਿਸ਼ਕਿਆ ਹੋਵੇਗਾ!

ਕੁਛ ਸਮਾਂ ਪਹਿਲਾਂ ਕੈਨੇਡਾ ਵਸੇ ਲੇਖਕ ਅਜਾਇਬ ਟੱਲੇਵਾਲੀਆ ਦੇ ਮਨ ਵਿਚ ਅਵਤਾਰ ਦੀਆਂ ਰਚਨਾਵਾਂ ਪੁਸਤਕ ਦੀ ਸ਼ਕਲ ਵਿਚ ਸਾਂਭਣ ਦਾ ਵਿਚਾਰ ਆਇਆ। ਮੁਸ਼ਕਲ ਇਹ ਸੀ ਕਿ ਉਹਦੇ ਜਿਉਂਦੇ-ਜੀਅ ਉਹਦੀ ਕੋਈ ਪੁਸਤਕ ਨਹੀਂ ਸੀ ਛਪੀ। ਉਹਦੀਆਂ ਰਚਨਾਵਾਂ ਵਾਲੇ ਅਖ਼ਬਾਰ-ਰਸਾਲੇ ਸਮੇਂ ਦੀ ਧੂੜ ਵਿਚ ਗੁੰਮ-ਗੁਆਚ ਗਏ। ਅਜਾਇਬ ਨੇ ਅਵਤਾਰ ਨੂੰ ਜਾਣਨ ਵਾਲੇ, ਖਾਸ ਕਰ ਕੇ ਬਰਨਾਲਾ ਸਾਹਿਤ ਸਭਾ ਨਾਲ ਜੁੜੇ ਰਹੇ ਤੇ ਹੁਣ ਦੂਰ-ਦੂਰ ਖਿੰਡੇ ਹੋਏ ਲੇਖਕਾਂ ਨਾਲ ਸੰਪਰਕ ਬਣਾਇਆ। 50-60 ਸਾਲ ਪੁਰਾਣੇ ਰਸਾਲੇ ਲੱਭ ਕੇ ਉਹਨਾਂ ਵਿਚੋਂ ਉਹਦੀਆਂ ਰਚਨਾਵਾਂ ਭਾਲਣੀਆਂ ਤੂੜੀ ਦੇ ਢੇਰ ਵਿਚੋਂ ਸੂਈਆਂ ਭਾਲਣ ਵਰਗਾ ਕੰਮ ਸੀ। ਅਵਤਾਰ ਦੀਆਂ ਆਪਣੀਆਂ ਰਚਨਾਵਾਂ ਤੋਂ ਇਲਾਵਾ ਉਹਨੇ ਕੁਛ ਦੋਸਤਾਂ ਤੋਂ ਉਹਦੇ ਸ਼ਬਦ-ਚਿੱਤਰ ਵੀ ਲਿਖਵਾ ਲਏ। ਆਖ਼ਰ ਉਹਦੀ ਹਿੰਮਤ ਦਾ ਫਲ ‘ਸਪਤਰਿਸ਼ੀ’ ਦੀ ਪ੍ਰਕਾਸ਼ਤ ਪੁਸਤਕ ‘ਵਿਦਾਅ ਹੋਇਆ ਕਿਸ ਰੁੱਤੇ!’ ਦੇ ਰੂਪ ਵਿਚ ਸਾਹਮਣੇ ਆ ਗਿਆ। ਪਿੰਡ ਵਾਲਿਆਂ ਵੱਲੋਂ ਉਹਦੀ ਯਾਦ ਵਿਚ ਖੋਲ੍ਹੀ ਹੋਈ ‘ਅਵਤਾਰ ਟੱਲੇਵਾਲੀਆ ਦਿਹਾਤੀ ਪਬਲਿਕ ਲਾਇਬ੍ਰੇਰੀ’ ਦੇ ਅੱਜ 29 ਜੂਨ ਨੂੰ ਗੋਲਡਨ ਜੁਬਲੀ ਸਮਾਗਮ ਸਮੇਂ ਇਹ ਪੁਸਤਕ ਪਾਠਕ-ਅਰਪਨ ਕੀਤੀ ਜਾਵੇਗੀ। ਅਵਤਾਰ ਦੀ ਸੁਪਤਨੀ ਬੀਬੀ ਜਸਵੰਤ ਕੌਰ ਦਾ ਆਦਰ-ਮਾਣ ਕੀਤਾ ਜਾਵੇਗਾ ਅਤੇ ਚਿੱਤਰਕਾਰ ਗੁਰਪ੍ਰੀਤ ਦਾ ਸਿਰਜਿਆ ਹੋਇਆ ਅਵਤਾਰ ਦਾ ਚਿੱਤਰ ਸਥਾਪਤ ਕੀਤਾ ਜਾਵੇਗਾ। ਧਨੌਲੇ ਵਾਲਿਆਂ ਦਾ ਜਥਾ ਕਵੀਸ਼ਰੀ ਪੇਸ਼ ਕਰੇਗਾ।

***# ਸੰਪਰਕ: 80763-63058***

# ਪਾਠਕ-ਸੱਥ

## ਸਮਾਜ ’ਚ ਵਧ ਰਿਹਾ ਭ੍ਰਿਸ਼ਟਾਚਾਰ

ਰਿਸ਼ਵਤ ਅਤੇ ਭ੍ਰਿਸ਼ਟਾਚਾਰ ਨੇ ਦੇਸ਼ ਦੇ ਸਿਸਟਮ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਹਰ ਰੋਜ਼ ਨਵਾਂ ਘਪਲਾ ਸਾਹਮਣੇ ਆ ਜਾਂਦਾ ਹੈ। ਹਰ ਵਿਭਾਗ ਵਿੱਚ ਕੁਝ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਵੀ ਹਨ, ਪਰ ਉਹ ਆਟੇ ਵਿੱਚ ਲੂਣ ਦੇ ਬਰਾਬਰ ਹਨ। ਅਸਲ ਜਦੋਂ ਅਤੇ ਜਿਹੜੇ ਵਿਭਾਗ ਵਿੱਚ ਕੰਮ ਪੈਂਦਾ ਹੈ, ਉਸ ਬਾਰੇ ਅਸਲੀਅਤ ਉਦੋਂ ਹੀ ਸਮਝ ਆਉਂਦੀ ਹੈ। ਸੱਚੀਂ ਨਾਨੀ ਯਾਦ ਕਰਵਾ ਦਿੰਦੇ ਹਨ। ਲੋਕ ਇਕ ਥਾਂ ਤੋਂ ਤੰਗ ਆ ਕੇ ਉਸ ਦੀ ਸ਼ਿਕਾਇਤ ਕਰਦੇ ਹਨ ਤਾਂ ਦੋ ਥਾਂਵਾਂ ’ਤੇ ਬੰਦਾ ਫਸ ਜਾਂਦਾ ਹੈ। ਅਸਲ ਵਿੱਚ ਵਧੇਰੇ ਕਰਕੇ ਮਾਨਸਿਕਤਾ ਲੋਕਾਂ ਨੂੰ ਖੱਜਲ ਕਰਨ ਅਤੇ ਫੇਰ ਪੈਸੇ ਲੈ ਕੇ ਕੰਮ ਕਰਨ ਦੀ ਬਣ ਚੁੱਕੀ ਹੈ। ਹਕੀਕਤ ਇਹ ਹੈ ਕਿ ਰਿਸ਼ਵਤ ਲੈਣ ਵਾਲਿਆਂ ਨੂੰ ਤਨਖਾਹਾਂ ਨਾਲ ਘਰ ਚਲਾਉਣ ਦੀ ਆਦਤ ਹੀ ਨਹੀਂ। ਇੱਥੇ ਇਹ ਗੱਲ ਵੀ ਸੱਚ ਹੈ ਕਿ ਕੋਈ ਇਕੱਲਾ ਇਹ ਕੰਮ ਨਹੀਂ ਕਰਦਾ, ਇਹ ਚੇਨ ਬਣੀ ਹੋਈ ਹੁੰਦੀ ਹੈ। ਉੱਪਰੋਂ ਹੇਠਾਂ ਨੂੰ ਜਦੋਂ ਵਗਾਰ ਪਾਈ ਜਾਂਦੀ ਹੈ ਤਾਂ ਅਸਿੱਧੇ ਤੌਰ ’ਤੇ ਇਹ ਰਿਸ਼ਵਤ ਹੀ ਹੈ। ਸੋਚਣ ਵਾਲੀ ਗੱਲ ਹੈ ਕਿ ਵਗਾਰ ਕਿੱਥੋਂ ਤੇ ਕਿਵੇਂ ਤੁਰਦੀ ਹੈ ਅਤੇ ਕਿਹਦੇ ਸਿਰ ’ਤੇ ਪੈਂਦੀ ਹੈ। ਜਿਹੜਾ ਬੰਦਾ ਦੂਜੇ ਲਈ ਜੁਗਾੜ ਕਰੇਗਾ, ਉਹ ਆਪਣਾ ਹਿੱਸਾ ਤਾਂ ਰੱਖੇਗਾ ਹੀ। ਜਿਵੇਂ ਦੇ ਹਾਲਾਤ ਹੁਣ ਬਣੇ ਹੋਏ ਹਨ, ਲੱਗਦਾ ਹੈ ਲੋਕਾਂ ਨੂੰ ਹੀ ਇਕੱਠੇ ਹੋਣਾ ਪਵੇਗਾ। ਜੇਕਰ ਇਹ ਹੀ ਚਲਦਾ ਰਿਹਾ ਤਾਂ ਕਦੋਂ ਕਿਹੜੀ ਜਾਇਦਾਦ ਗਾਇਬ ਹੋ ਜਾਏ, ਸਮਝ ਹੀ ਨਹੀਂ ਆਉਣਾ। ਜਿਹੜੇ ਬੰਦੇ ਦਾ ਹੱਥ ਸਰਕਾਰੇ ਦਰਬਾਰੇ ਪੈਂਦਾ ਹੈ, ਕਿਸੇ ਚੰਗੇ ਅਹੁਦੇ ’ਤੇ ਬੈਠਾ ਹੈ, ਵਧੇਰੇ ਕਰਕੇ ਲੋਕਾਂ ਨੂੰ ਖੱਜਲ ਕਰਨ ਅਤੇ ਲੁੱਟਣ ਵਿੱਚ ਕੋਈ ਕਸਰ ਨਹੀਂ ਛੱਡਦਾ। ਇਨਸਾਨੀਅਤ ਨਾਂਅ ਦੀ ਕੋਈ ਚੀਜ਼ ਨਹੀਂ ਰਹੀ। ਮਰੀਆਂ ਜ਼ਮੀਰਾਂ ਵਾਲਿਆਂ ਦੀ ਗਿਣਤੀ ਵੱਧ ਹੈ, ਜਿਹੜੇ ਇਮਾਨਦਾਰ ਹਨ, ਉਨ੍ਹਾਂ ਨੂੰ ਮੂਰਖ ਅਤੇ ਬੇਵਕੂਫ ਸਮਝਦੇ ਹਨ, ਜਿਹੜਾ ਗਲਤ ਤਰੀਕੇ ਨਾਲ ਪੈਸਾ ਇਕੱਠਾ ਕਰਦੇ ਹਨ।

**-ਪ੍ਰਭਜੋਤ ਕੌਰ ਢਿੱਲੋਂ ਮੁਹਾਲੀ, 98150-30221**

29-JUNE-PAGE-5.qxd 6/28/2023 10:30 PM Page 1



# ਨਹਿਰੀ ਪਾਣੀ ਦੇਣ ਦੇ ਦਾਅਵਿਆਂ ਦੀ ਨਿਕਲੀ ਫੂਕ, ਖਾਲਾਂ ਤੇ ਰਜਵਾਹਿਆਂ ਦੀ ਨਹੀਂ ਹੋਈ ਸਫਾਈ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਿੰਡ ਡਰੌਲੀ ਦੇ ਕਿਸਾਨਾਂ ਨੇ ਖੇਤਾਂ ਵਿਚੋਂ ਲੰਘਦੇ ਨਹਿਰੀ ਪਾਣੀ ਦੇ ਖਾਲ ਦੀ ਸਫਾਈ ਆਪ ਕਰਕੇ ਸਰਕਾਰ ਨੂੰ ਨਹਿਰੀ ਪਾਣੀ ਛੱਡਣ ਦੀ ਵਾਰ-ਵਾਰ ਅਪੀਲ ਕੀਤੀ ਹੈ ਪਰ ਉਨ੍ਹਾਂ ਨੂੰ ਜ਼ਮੀਨਾਂ ਤੱਕ ਪੁੱਜਦਾ ਨਜ਼ਰ ਨਹੀ ਆ ਰਿਹਾ। ਉਨ੍ਹਾਂ ਨੂੰ ਮਜਬੂਰੀ ਵੱਸ ਧਰਤੀ ਹੇਠੋਂ ਪਾਣੀ ਕੱਢਣਾ ਪੈ ਰਿਹਾ ਹੈ। ਦੂਜੇ ਪਾਸੇ ਸਰਕਾਰ ਵੱਲੋਂ ਨਹਿਰੀ ਖਾਲਾਂ ਅਤੇ ਰਜਵਾਹਿਆਂ ਦੀ ਸਫਾਈ ਕਰਵਾ ਕੇ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪਿੰਡ ਡਰੌਲੀ ਦੇ ਕਿਸਾਨ ਅਰਵਿੰਦਰ ਸਿੰਘ ਮੱਲ੍ਹੀ, ਮਨਜੀਤ ਸਿੰਘ, ਦਿਦਾਰ ਸਿੰਘ, ਪਰਲਾਦ ਸਿੰਘ, ਅਕਾਸ਼ਦੀਪ ਸਿੰਘ, ਸ਼ਮਸ਼ੇਰ ਸਿੰਘ, ਸਲੀਮ ਖਾਨ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਉਹ ਆਪਣੇ ਖੇਤਾਂ ਨੂੰ ਆਉਣ ਵਾਲੇ ਨਹਿਰੀ ਖਾਲ ਦੀ ਆਪ ਸਫਾਈ ਕਰਕੇ ਪਾਣੀ ਆਪਣੇ ਖੇਤਾਂ ਤੱਕ ਲੈ ਕੇ ਆਉਂਦੇ ਸਨ। ਜਦੋਂਕਿ ਸਰਕਾਰ ਤੇ ਨਹਿਰੀ ਵਿਭਾਗ ਨਹਿਰੀ ਖਾਲਿਆਂ ਤੇ ਰਜਵਾਹਿਆਂ ਦੀ ਸਫਾਈ ਕਰਕੇ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਉਣ ਦੇ ਦਾਅਵੇ ਕਰ ਰਹੇ ਹਨ ਪਰ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਹੋ ਰਿਹਾ ਜਦੋਂਕਿ ਝੋਨੇ ਦੀ ਫਸਲ ਲੱਗਣੀ ਸ਼ੁਰੂ ਹੋ ਗਈ ਹੈ ਪਰ ਅਜੇ ਤੱਕ ਪਾਣੀ ਖੇਤਾਂ ਤੱਕ ਨਹੀ ਪਹੁੰਚਿਆ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਝੋਨੇ ਦੀ ਪਨੀਰੀ ਬੀਜਣ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਦਾਅਵਾ ਕੀਤਾ ਸੀ ਜਦੋਂਕਿ ਖੇਤਾਂ ਵਿੱਚ ਝੋਨਾ ਲੱਗਣਾ ਸ਼ੁਰੂ ਹੋਣ ਤੱਕ ਸਾਕਾਰ ਨਹੀਂ ਹੋ ਪਾਇਆ, ਇਲਾਕੇ ਵਿੱਚ ਅਜੇ ਵੀ ਬਹੁਤ ਸਾਰੇ ਰਜਬਾਹੇ ਤੇ ਖਾਲ ਹਨ ਜਿਨ੍ਹਾਂ ਦੀ ਨਹਿਰੀ ਵਿਭਾਗ ਨੇ ਸਫਾਈ ਤੱਕ ਨਹੀ ਕਰਵਾਈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਕਰਮਗੜ੍ਹ ਰਜਵਾਹਾ ਨੰਬਰ 2 ਦਾ ਮੋਘਾ ਨੰਬਰ 49860 ਤੋਂ ਆਉਣ ਵਾਲੀ ਖਾਲ ਦੀ ਥੋੜ੍ਹੀ ਬਹੁਤ ਸਫਾਈ ਕਰਵਾ ਕੇ ਕੰਮ ਵਿਚਕਾਰ ਹੀ ਛੱਡ ਦਿੱਤਾ ਹੈ। ਜਿਸ ਤੋਂ ਬਾਅਦ ਉਨ੍ਹਾਂ ਨੂੰ ਖੁਦ ਸਫਾਈ ਦੇ ਨਾਲ-ਨਾਲ ਪੱਕੇ ਖਾਲ ਦੀ ਥੋੜ੍ਹੀ ਬਹੁਤ ਮੁਰੰਮਤ ਵੀ ਕਰਨੀ ਪਈ ਹੈ । ਖਾਲ ਵਿਚ ਝਾੜ ਫੂਸ ਜ਼ਿਆਦਾ ਹੋਣ ਅਤੇ ਝੋਨੇ ਦੀ ਲਵਾਈ ਹੋਣ ਕਰਕੇ ਲੇਬਰ ਬਹੁਤ ਮਹਿੰਗੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੂੰ ਕਈ ਵਾਰ ਕਿਹਾ ਹੈ ਕਿ ਅਜੇ ਤੱਕ ਖਾਲ ਦੀ ਸਫਾਈ ਨਹੀ ਹੋਈ। ਵਿਭਾਗ ਦੇ ਅਧਿਕਾਰੀ ਜਸ਼ਨ ਸਿੰਘ ਨੇ ਕਿਹਾ ਹੈ ਕਿ ਜਿਹੜੀਆਂ ਖਾਲਾਂ ਦੀ ਸਫਾਈ ਕਰਵਾਉਣ ਲਈ ਉਨ੍ਹਾਂ ਨੂੰ ਕਿਹਾ ਗਿਆ ਸੀ ਉਨ੍ਹਾਂ ਨੇ ਉਨ੍ਹਾਂ ਦੀ ਸਫਾਈ ਕਰਵਾ ਦਿੱਤੀ ਹੈ। ਜਿਹੜੇ ਖਾਲ ਦਾ ਕਿਸਾਨਾਂ ਵੱਲੋਂ ਜ਼ਿਕਰ ਕੀਤਾ ਗਿਆ ਹੈ, ਇਸ ਖਾਲ ਦੀ ਸ਼ੁਰੂ ਵਿਚ ਸਫਾਈ ਪੰਜ ਚਾਰ ਕਿੱਲਿਆਂ ਤੱਕ ਕਰਵਾ ਦਿੱਤੀ ਸੀ। ਉਨ੍ਹਾਂ ਕਿਹਾ ਹੈ ਕਿ ਅੱਗੇ ਦੀ ਸਫਾਈ ਵਾਸਤੇ ਛੇਤੀ ਐਸਟੀਮੇਟ ਪਾਸ ਹੋ ਜਾਣ 'ਤੇ ਖਾਲ ਦੀ ਸਫਾਈ ਕਰ ਦਿੱਤੀ ਜਾਵੇਗੀ।



ਡਰੌਲੀ ਦੇ ਕਿਸਾਨ ਖਾਲੇ ਵਿਚ ਉਗਿਆ ਝਾੜ-ਫੂਸ ਦਿਖਾਉਂਦੇ ਹੋਏ।

# ਪੀ ਏ ਯੂ ਪੈਨਸ਼ਨਰਜ਼ ਤੇ ਰਿਟਾਈਰੀਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨ ਦੀ ਕਟੌਤੀ ਦਾ ਵਿਰੋਧ

**ਲੁਧਿਆਣਾ (ਐਮ ਐਸ ਭਾਟੀਆ)**-ਪੀ ਏ ਯੂ ਪੈਨਸ਼ਨਰਜ ਅਤੇ ਰਿਟਾਇਰੀਜ਼ ਵੈਲਫੇਅਰ ਐਸੋਸੀਏਸ਼ਨ ਨੇ ਪੀ.ਏ.ਯੂ. ਵਿਖੇ ਐਗਜੈਕਟਿਵ ਕੌਂਸਲ ਦੀ ਮੀਟਿੰਗ ਕੀਤੀ ਜਿਸ ਦੀ ਪ੍ਰਧਾਨਗੀ ਡੀ ਪੀ ਮੌੜ ਨੇ ਕੀਤੀ। ਉਹਨਾ ਜਿੱਥੇ ਲੋਕਲ ਅਤੇ ਪੀ ਏ ਯੂ ਨਾਲ ਸੰਬੰਧਤ ਅਤੇ ਪੰਜਾਬ ਸਰਕਾਰ ਨਾਲ ਸੰਬੰਧਤ ਮਸਲਿਆਂ ਬਾਰੇ ਚਰਚਾ ਕੀਤੀ। ਪੈਨਸ਼ਨਰਜ ਨੇ ਇਸ ਗੱਲ 'ਤੇ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਜਾਹਰ ਕੀਤਾ ਕਿ ਸਰਕਾਰ ਪੇ ਕਮਿਸ਼ਨ ਦਾ 66 ਮਹੀਨੇ ਦਾ ਬਕਾਇਆ ਦੇਣ ਦੀ ਬਜਾਏ, ਮਹਿੰਗਾਈ ਭੱਤੇ ਦਾ ਬਕਾਇਆ, ਪੈਨਸ਼ਨਰਜ ਦਾ 2.44 ਦੀ ਥਾਂ 'ਤੇ 2.59 ਕਰਨ ਆਦਿ ਹੱਕੀ ਮੰਗਾਂ ਮੰਨਣ ਦੀ ਬਜਾਏ ਸਾਲਾਨਾ 2400 ਰੁਪੈ ਸਾਲਾਨਾ ਜਜੀਆ ਰੁਪੀ ਟੈਕਸ ਦੇ ਰੂਪ 'ਚ ਕੱਟਣ ਦਾ ਫੈਸਲਾ ਕੀਤਾ ਹੈ। ਇਹ ਵੀ ਜਿਕਰਯੋਗ ਹੈ ਕਿ ਇਸ ਤਰ੍ਹਾਂ ਦੀ ਕੋਈ ਵੀ ਕਟੌਤੀ ਪੈਨਸ਼ਨ ਵਿੱਚੋਂ ਕਰਨਾ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਗੈਰ ਕਨੂੰਨੀ ਹੈ। ਐਸੋਸੀਏਸ਼ਨ ਨੇ ਇਸ ਸੰਬੰਧੀ ਉਪ ਕੁਲਪਤੀ ਨੂੰ ਵੀ ਪੱਤਰ ਲਿਖ ਕੇ ਇਸ ਜਜੀਆ ਟੈਕਸ ਨੂੰ ਲਾਗੂ ਨਾ ਕਰਨ ਦੀ ਮੰਗ ਕਰਨ ਦਾ ਫੈਸਲਾ ਕੀਤਾ। ਐਸੋਸੀਏਸ਼ਨ ਨੇ ਪੰਜਾਬ ਸਰਕਾਰ ਦੇ ਮੁਲਾਜਮ ਅਤੇ ਪੈਨਸ਼ਨਰਜ ਦੇ ਸਾਂਝੇ ਫਰੰਟ ਵੱਲੋਂ ਉਪਰੋਕਤ ਮੰਗਾਂ ਲਈ ਜੋਰਦਾਰ ਸਮਰਥਨ ਕਰਨ ਦਾ ਫੈਸਲਾ ਕੀਤਾ।

ਇਹ ਵੀ ਫੈਸਲਾ ਹੋਇਆ ਕਿ 5 ਜੁਲਾਈ ਨੂੰ ਪੀ ਏ ਯੂ ਦੇ ਸਟੂਡੈਂਟ ਹੋਮ ਵਿਖੇ ਜਨਰਲ ਬਾਡੀ ਮੀਟਿੰਗ ਕਰਕੇ ਵੱਡੇ ਪੱਧਰ 'ਤੇ ਰੋਸ ਕਰਨ ਦਾ ਅਤੇ ਪਹਿਲੀ ਜੁਲਾਈ ਨੂੰ ਸਾਂਝੇ ਫਰੰਟ ਦੀ ਮੀਟਿੰਗ ਵਿੱਚ ਵੀ ਹੁੰਮ ਹੁਮਾ ਕੇ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਜਨਰਲ ਸਕੱਤਰ ਜੇ ਐਲ ਨਾਰੰਗ ਸਮੇਤ ਐਗਜੈਕਟਿਵ ਮੈਂਬਰ ਡਾ. ਗੁਲਜਾਰ ਸਿੰਘ ਪੰਧੇਰ, ਜੈ ਪਾਲ ਸਿੰਘ, ਸਤਨਾਮ ਸਿੰਘ, ਦਰਸ਼ਨ ਸਿੰਘ, ਹਰਿੰਦਰ ਸਿੰਘ ਅਵਿਨਾਸ਼ ਅਜੀਜ, ਦਾਨ ਸਿੰਘ, ਰਾਮਸਰਨ ਆਰੋੜਾ, ਹਰਿੰਦਰ ਸਿੰਘ, ਜੈਪਾਲ, ਰਾਜਪਾਲ ਵਰਮਾ ਜਨਰਲ ਸਕੱਤਰ (ਗਡਵਾਸੂ) ਅਤੇ ਪਾਲ ਰਾਮ ਸ਼ਾਮਲ ਹੋਏ।



# ਦੁਕਾਨਦਾਰਾਂ ਵੱਲੋਂ ਸੀਵਰੇਜ ਦੇ ਮਾੜੇ ਪ੍ਰਬੰਧਾਂ ਲਈ ਨਗਰ ਕੌਂਸਲ ਖਿਲਾਫ ਰੋਸ ਪ੍ਰਦਰਸ਼ਨ




**ਰਾਮਪੁਰਾ ਫੂਲ (ਦਰਸ਼ਨ ਜ਼ਿੰਦਲ)**

ਪਿਛਲੇ ਕਈ ਦਿਨਾਂ ਤੋਂ ਰਾਮਪੁਰਾ ਫੂਲ ਸ਼ਹਿਰ ਦੇ ਸੀਵਰੇਜ ਦੇ ਗੰਦੇ ਪਾਣੀ ਦੀ ਸਮੱਸਿਆ ਦਾ ਮਾਮਲਾ ਹਰ ਰੋਜ਼ ਨਵਾਂ ਮੋੜ ਲੈ ਰਿਹਾ। ਜਿੱਥੇ ਪਿਛਲੇ ਦਿਨਾਂ ਤੋਂ ਸ਼ਹਿਰ ਦੇ ਕੁਝ ਸਿਰ ਕੱਢ ਆਗੂਆਂ ਅਤੇ ਸਥਾਨਕ ਸ਼ਹਿਰ ਦੀ ਨਿਊ ਮਾਰਕੀਟ ਦੇ ਦੁਕਾਨਦਾਰਾਂ ਵੱਲੋਂ ਸੀਵਰੇਜ ਦੇ ਮਾੜੇ ਪ੍ਰਬੰਧਾਂ ਦੇ ਚੱਲਦਿਆ ਨਗਰ ਕੌਂਸਲ ਦੀ ਢਿੱਲੀ ਕਾਰਗੁਜਾਰੀ ਦੇ ਖਿਲਾਫ ਰੋਸ਼ ਕਰਕੇ ਧਰਨਾ ਦਿੱਤਾ ਗਿਆ ਸੀ। ਪਰ ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਸ਼ਹਿਰ ਦੇ ਸੀਵਰੇਜ ਦੇ ਗੰਦੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਦਿਨ ਰਾਤ ਇਕ ਕੀਤਾ ਹੋਇਆ ਹੈ। ਜਿਲ੍ਹੇ ਦੀ ਐਡੀਸ਼ਨਲ ਡਿਪਟੀ ਕਮਿਸ਼ਨਰ ਡਾ: ਮਨਦੀਪ ਕੌਰ ਵੱਲੋਂ ਸ਼ਹਿਰ ਦੀ ਨਿਊ ਮਾਰਕੀਟ ਦੇ ਹਾਲਾਤਾਂ ਦਾ ਜਾਇਜ਼ਾ ਲਿਆ ਅਤੇ ਉਥੇ ਸੀਵਰੇਜ ਦੇ ਟਰੀਟਮੈਂਟ ਪਲਾਂਟ ਦਾ ਦੌਰਾ ਵੀ ਕੀਤਾ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਸਮੱਸਿਆ ਦਾ ਹੱਲ ਜਲਦੀ ਹੋਵੇਗਾ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰੈਬੀ ਬਰਾੜ, ਸ਼ੇਰ ਬਹਾਦਰ ਸਿੰਘ ਧਾਲੀਵਾਲ, ਨਰੇਸ਼ ਕੁਮਾਰ , ਗੁਰਜੀਤ ਸਿੰਘ ਭੂੰਦੜ, ਬਾਵਾ ਇੰਦਰ , ਰਾਵਿੰਦਰ ਸਿੰਘ (ਨੀਕਾ), ਮਨੋਜ ਸਕੀਆ, ਨਿਰਮਲ ਸਿੰਘ, ਪਰਮਿੰਦਰ ਮਿੰਟੂ, ਅਮਨ ਬਾਹੀਆ, ਰਾਜੇਸ਼ ਕਾਲਾ, ਸਮੇਤ ਮਨੀ ਸਿੰਗਾਲਾ, ਗੁਰਪ੍ਰੀਤ ਸਿੰਘ , ਨਾਇਬ ਸਿੰਘ ਹੋਰ ਵੀ ਵਰਕਰ ਪਿਛਲੇ ਦੋ ਦਿਨਾਂ ਤੋਂ ਮੁੱਖ ਸੀਵਰੇਜ ਪਲਾਂਟ ਤੇ ਮੁਲਜ਼ਮਾਂ ਕੋਲ ਖੜ੍ਹ ਕੇ ਗੰਦੇ ਪਾਣੀ ਦਾ ਨਿਕਾਸ ਕਾਰਵਾ ਰਹੇ ਹਨ। ਇਸ ਦੀ ਜਾਣਕਾਰੀ ਦਿੰਦਿਆਂ ਆਪ ਆਗੂਆਂ ਨੇ ਦੱਸਿਆ ਕਿ ਹਲਕੇ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਸ਼ਹਿਰ ਦੀ ਇਸ ਸਮੱਸਿਆ ਲਈ ਲਗਾਤਾਰ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਪਿਛਲੇ ਦਿਨੀਂ 35 ਹਾਰਸ ਪਾਵਰ ਦੀ ਨਵੀਂ ਮੋਟਰ ਲਿਆਂਦੀ ਗਈ ਤਾਂ ਜੋ ਸੀਵਰੇਜ ਦਾ ਗੰਦਾ ਪਾਣੀ ਸ਼ਹਿਰ ਵਾਸੀਆਂ ਲਈ ਮੁਸ਼ਕਿਲ ਨਾ ਬਣੇ। ਉਨ੍ਹਾ ਦੱਸਿਆ ਕਿ ਟਰੀਟਮੈਂਟ ਪਲਾਂਟ ਤੇ ਦਿਨ ਰਾਤ ਵਿੱਚ 8 -8 ਘੰਟਿਆਂ ਦੀਆਂ ਤਿੰਨ ਤਿੰਨ ਸਿਫਟਾਂ ਬਣਾ ਕੇ ਪਾਣੀ ਦੇ ਨਿਕਾਸ ਦਾ ਕੰਮ ਤੇਜੀ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਜੇਕਰ ਇੱਕ ਦੋ ਦਿਨ ਭਾਰੀ ਬਰਸਾਤ ਨਹੀਂ ਹੁੰਦੀ ਤਾਂ ਸੀਵਰੇਜ ਦੀ ਸਮੱਸਿਆ ਦਾ ਹੱਲ ਜਲਦੀ ਹੋ ਜਾਵੇਗਾ।

## ਕਾਤਰਾਂ

### ਉਰਦੂ ਦੀ ਸਿਖਲਾਈ ਲਈ ਦਾਖਲਾ ਸ਼ੁਰੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਭਾਸ਼ਾ ਵਿਭਾਗ, ਪੰਜਾਬ ਵਲੋਂ ਹਰ ਜ਼ਿਲ੍ਹਾ ਸਦਰ ਮੁਕਾਮ 'ਤੇ ਉਰਦੂ ਭਾਸ਼ਾ ਦੀ ਸਿਖਲਾਈ ਦਿੱਤੀ ਜਾਂਦੀ ਹੈ। ਜਿਸ ਦੇ ਮੱਦੇਨਜ਼ਰ ਇਹ ਸੈਸ਼ਨ ਜੁਲਾਈ ਤੋਂ ਦਸੰਬਰ ਤੱਕ ਚੱਲੇਗਾ ਜੋ ਕਿ 3 ਜੁਲਾਈ 23 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਦੀਆਂ ਕਲਾਸਾਂ ਦਾ ਸਮਾਂ ਸ਼ਾਮ 05:15 ਤੋਂ 06:15 ਵਜੇ ਤੱਕ ਦਾ ਹੋਵੇਗਾ। ਜ਼ਿਲ੍ਹਾ ਭਾਸ਼ਾ ਅਫਸਰ ਕੀਰਤੀ ਕਿਰਪਾਲ ਨੇ ਦੱਸਿਆ ਕਿ ਇਹ ਕੋਰਸ ਛੇ ਮਹੀਨੇ ਦਾ ਹੁੰਦਾ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹੇ ਨਾਲ ਸੰਬੰਧਤ ਜਿਹੜੇ ਵਿਅਕਤੀ ਉਰਦੂ ਸਿੱਖਣ ਦੇ ਚਾਹਵਾਨ ਹੋਣ, ਉਹ 10 ਜੁਲਾਈ 2023 ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਪਹਿਲੀ ਮੰਜ਼ਲ 'ਤੇ ਸਥਿਤ ਜ਼ਿਲ੍ਹਾ ਭਾਸ਼ਾ ਦਫਤਰ ਦੇ ਕਮਰਾ ਨੰਬਰ 227-ਈ ਵਿਖੇ ਆਪਣਾ ਨਾਮ ਦਰਜ ਕਰਵਾ ਕੇ ਦਾਖਲਾ ਲੈ ਸਕਦੇ ਹਨ।

### ਪਿੰਡ ਵਾਸੀਆਂ ਵੱਲੋਂ ਟੈਂਕੀ ਦਾ ਉਦਘਾਟਨ

**ਸੰਗਰੂਰ (ਪ੍ਰਵੀਨ ਸਿੰਘ)**-ਨੇੜਲੇ ਪਿੰਡ ਫਤਿਹਗੜ੍ਹ ਛੰਨਾਂ ਵਿਖੇ ਸਮੂਹ ਪਿੰਡ ਵਾਸੀਆਂ ਵੱਲੋਂ ਪਿੰਡ ਦੇ ਛੱਪੜ 'ਤੇ ਪੀਣ ਵਾਲੀ ਟੈਂਕੀ ਦਾ ਪ੍ਰਬੰਧ ਕੀਤਾ ਗਿਆ। ਇਸ ਵਿੱਚ ਸਮੂਹ ਪਿੰਡ ਵਾਸੀਆਂ ਨੇ ਪੂਰਾ ਸਹਿਯੋਗ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਭੀਮ ਰਾਓ ਅੰਬੇਡਕਰ ਸੰਸਥਾ ਦੇ ਆਗੂ ਜਸਮੇਲ ਸਿੰਘ ਜੱਸੀ, ਸਾਬਕਾ ਜੀ ਓ ਜੀ ਕਰਨੈਲ ਸਿੰਘ ਵੀਰ, ਸਾਬਕਾ ਮੈਂਬਰ ਮਲਕੀਤ ਸਿੰਘ, ਨੰਬਰਦਾਰ ਦਲਵਿੰਦਰ ਸਿੰਘ, ਨਰੰਜਣ ਸਿੰਘ, ਸੁਰਜੀਤ ਸਿੰਘ, ਜਗਦੀਸ਼ ਸਿੰਘ, ਬਾਗਵਾਨ ਸਿੰਘ ਮਾਲੀ, ਸ਼ੇਰ ਸਿੰਘ, ਮਨਜੀਤ ਸਿੰਘ ਬੱਬੂ, ਪ੍ਰਕਾਸ਼ ਸਿੰਘ ਅਤੇ ਕਾਮਰੇਡ ਸੁਖਵਿੰਦਰ ਸਿੰਘ ਛੰਨਾਂ ਵੀ ਮੌਜੂਦ ਸਨ।

### ਅਹਿਮਦਗੜ੍ਹ 'ਚ ਗਿਆਰਸ ਮਹਾਂਉਤਸਵ ਅੱਜ

**ਅਹਿਮਦਗੜ੍ਹ (ਪਵਨ ਗੁਪਤਾ)**-ਸਥਾਨਕ ਖਾਟੂ ਸ਼ਿਆਮ ਸੇਵਾ ਮੰਡਲ ਰਜਿਸਟਰਡ ਮੰਡੀ ਅਹਿਮਦਗੜ੍ਹ ਵੱਲੋਂ 14ਵਾਂ ਗਿਆਰਸ ਉਤਸਵ 29 ਜੂਨ ਦਿਨ ਵੀਰਵਾਰ ਨੂੰ ਸਾਮ 7:30 ਵਜੇ ਤੋਂ ਪੁਰਾਣੀ ਤਹਿਸੀਲ ਚੌਕ ਵਾਰਡ ਨੰ: 11 ਵਿੱਚ ਮਨਾਇਆ ਜਾ ਰਿਹਾ ਹੈ। ਸੰਸਥਾ ਦੇ ਮੁਖੀ ਮੋਹਿਤ ਜਿੰਦਲ ਨੇ ਦੱਸਿਆ ਕਿ ਮਲੇਰਕੋਟਲਾ ਦੇ ਸਜਲ ਬਾਂਸਲ ਅਤੇ ਇੰਦਰਜੀਤ ਪਰਿਹਾਰ ਬਾਬਾ ਖਾਟੂ ਸ਼ਿਆਮ ਦਾ ਭਜਨ ਗਾਇਨ ਕਰਨਗੇ। ਇਸ ਮੌਕੇ ਲਲਿਤ ਜਿੰਦਲ, ਨਿਸ਼ਾਂਤ ਗੋਇਲ, ਰੋਬਿਨ ਗੁਪਤਾ, ਲੈਕਚਰਾਰ ਲਲਿਤ ਗੁਪਤਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

### ਬਾਲਿਆਂਵਾਲੀ 'ਚ ਵਿਸ਼ੇਸ਼ ਟੀਕਾਕਰਨ ਮੁਹਿੰਮ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਵਲ ਸਰਜਨ ਬਠਿੰਡਾ ਡਾ.ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ.ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ ਵਿੱਚ ਵਿਸ਼ੇਸ਼ ਟੀਕਾਕਰਨ ਮੁਹਿੰਮ ਚੱਲ ਰਹੀ ਹੈ। ਐਸ.ਐਮ.ਓ. ਡਾ.ਗੁਰਮੇਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਸ਼ਟਰੀ ਟੀਕਾਕਰਨ ਮੁਹਿੰਮ ਵਿੱਚੋਂ ਟੀਕੇ ਲਗਵਾਉਣ ਤੋਂ ਵਾਂਝੇ ਰਹੇ ਬੱਚਿਆਂ ਲਈ ਇਹ ਟੀਕਾਕਰਨ ਮੁਹਿੰਮ 26 ਜੂਨ ਤੋਂ 1 ਜੁਲਾਈ 2023 ਹਫਤੇ ਲਈ ਹੈ। ਉਹਨਾਂ ਦੱਸਿਆ ਕਿ ਇਹ ਲੜੀ ਤਹਿਤ ਖਾਸ ਕਰਕੇ ਪਹੁੰਚ ਤੋਂ ਬਾਹਰ ਵਾਲੇ ਬੱਚਿਆਂ ਦਾ ਟੀਕਾਕਰਨ ਲਈ ਸਿਹਤ ਵਿਭਾਗ ਵੱਲੋਂ ਟੀਮਾਂ ਦਾ ਗਠਨ ਕੀਤਾ ਗਿਆ ਹੈ। ਜਗਤਾਰ ਸਿੰਘ ਬਲਾਕ ਐਜੂਕੇਟਰ ਤੇ ਮਨਜੀਤ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਇਹ ਟੀਕਾਕਰਨ ਜਿੱਥੇ ਸਮੂਹ ਸਿਹਤ ਸੰਸਥਾਵਾਂ ਵਿੱਚ ਚੱਲ ਰਿਹਾ ਹੈ ਉੱਥੇ ਖਾਸ ਕਰਕੇ ਸਲੱਮ ਖੇਤਰ ਝੁੱਗੀਆਂ, ਝੌਂਪੜੀਆਂ, ਗੱਡੀਆਂ ਵਾਲੇ, ਭੱਠੇ ਅਤੇ ਪਥੇਰਾਂ ਆਦਿ 'ਤੇ ਪਹੁੰਚ ਕਰਕੇ ਬੱਚਿਆਂ ਦੇ ਟੀਕੇ ਲਗਾਏ ਜਾ ਰਹੇ ਹਨ।

# ਪੰਜਾਬ ਸਰਕਾਰ ਹਰ ਸਾਲ ਕਰਿਆ ਕਰੇਗੀ ਡਾਕਟਰਾਂ ਦੀ ਭਰਤੀ : ਡਾ: ਬਲਬੀਰ ਸਿੰਘ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਈ ਸਿਹਤ ਇਕ ਤਰਜੀਹੀ ਖੇਤਰ ਹੈ, ਇਸ ਲਈ ਸਰਕਾਰ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਮਾਹਰ ਡਾਕਟਰਾਂ ਦੀ ਹਰ ਸਾਲ ਭਰਤੀ ਕੀਤੀ ਜਾਇਆ ਕਰੇਗੀ ਤਾਂ ਜੋ ਸਰਕਾਰੀ ਹਸਪਤਾਲ ਬਿਹਤਰ ਤਰੀਕੇ ਨਾਲ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾ ਸਕਣ। ਇਹ ਗੱਲ ਬੁੱਧਵਾਰ ਨੂੰ ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਇੱਥੋਂ ਦੇ ਜ਼ਿਲ੍ਹਾ ਹਸਪਤਾਲ ਦੇ ਦੌਰੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ। ਉਹ ਰਾਜ ਦੇ ਹਸਪਤਾਲਾਂ ਵਿਚ ਉਪਲਬੱਧ ਸਹੂਲਤਾਂ ਦੇ ਜਾਇਜ਼ੇ ਲਈ ਆਰੰਭੀ ਆਪਣੀ ਰਾਜ ਵਿਆਪੀ ਮੁਹਿੰਮ ਦੇ ਹਿੱਸੇ ਵਜੋਂ ਇੱਥੇ ਪੁੱਜੇ ਸਨ। ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੀ ਹਾਜ਼ਰ ਸਨ। ਸਿਹਤ ਮੰਤਰੀ ਨੇ ਇਸ ਮੌਕੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ 550 ਹਾਊਸ ਸਰਜਨ ਡਾਕਟਰਾਂ ਦੀ ਭਰਤੀ ਕਰ ਲਈ ਗਈ ਹੈ ਅਤੇ ਆਉਣ ਵਾਲੇ ਕੁਝ ਦਿਨਾਂ ਵਿਚ ਹੀ ਇਹ ਜ਼ਿਲ੍ਹਿਆਂ ਵਿਚ ਤਾਇਨਾਤ ਕੀਤੇ ਜਾਣਗੇ। ਇਸ ਦੇ ਨਾਲ ਹੀ 2000 ਹੋਰ ਪੈਰਾਮੈਡੀਕਲ ਸਟਾਫ ਦੀ ਭਰਤੀ ਕੀਤੀ ਜਾਵੇਗੀ । ਉਨ੍ਹਾ ਕਿਹਾ ਕਿ ਅੱਗੇ ਤੋਂ ਵੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਵੇਂ ਹਰ ਸਾਲ ਕੁਝ ਡਾਕਟਰਾਂ ਦੀ ਸੇਵਾ ਮੁਕਤੀ ਹੁੰਦੀ ਹੈ ਜਾਂ ਕੁਝ ਉਚੇਰੀ ਪੜਾਈ ਲਈ ਚਲੇ ਜਾਂਦੇ ਹਨ ਤਾਂ ਇਸ ਲਈ ਹਰ ਸਾਲ ਨਾਲੋ ਨਾਲ ਨਵੇਂ ਡਾਕਟਰਾਂ ਦੀ ਭਰਤੀ ਕੀਤੀ ਜਾਇਆ ਕਰੇਗੀ ਤਾਂ ਜੋ ਲੋਕ ਨੂੰ ਮਿਆਰੀ ਸਿਹਤ ਸਹੂਲਤਾਂ ਮਿਲਦੀਆਂ ਰਹਿ ਸਕਣ। ਡਾ: ਬਲਬੀਰ ਸਿੰਘ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਅਧੀਨ ਆਉਂਦੇ ਆਯੂਸ ਵਿਭਾਗ ਨੂੰ ਵੀ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਇਸੇ ਲੜੀ ਤਹਿਤ ਰਾਜ ਸਰਕਾਰ ਸੀ ਐਮ ਦੀ ਯੋਗਸ਼ਾਲਾ ਪ੍ਰੋਗਰਾਮ ਵੀ ਸ਼ੁਰੂ ਕਰ ਚੁੱਕੀ ਹੈ। ਉਨ੍ਹਾ ਨੇ ਕਿਹਾ ਕਿ ਭਗਤ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ ਹੁਸ਼ਿਆਰਪੁਰ ਵਿਚ ਵੀ ਸੀ ਅਤੇ ਰਜਿਸਟਰਾਰ ਦੀ ਨਿਯੁਕਤੀ ਕਰਨ ਦੇ ਨਾਲ ਨਾਲ ਇਸ ਯੂਨੀਵਰਸਿਟੀ ਲਈ ਨਵਾਂ ਸਟਾਫ ਭਰਤੀ ਕੀਤਾ ਜਾਵੇਗਾ ਤਾਂ ਜੋ ਰਾਜ ਵਿਚ ਭਾਰਤੀ ਇਲਾਜ ਪ੍ਰਣਾਲੀਆਂ ਰਾਹੀਂ ਇਲਾਜ ਸਹੂਲਤਾਂ ਨੂੰ ਹੋਰ ਹੁਲਾਰਾ ਦਿੱਤਾ ਜਾ ਸਕੇ। ਸਿਹਤ ਮੰਤਰੀ ਨੇ ਆਪਣੇ ਦੌਰੇ ਦੇ ਮੰਤਵ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਉਪਲਬੱਧ ਸੰਸਥਾਨਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਦੀ ਬਿਹਤਰ ਵਰਤੋਂ ਕੀਤੀ ਜਾ ਸਕੇ ਅਤੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹਈਆ ਕਰਵਾਈਆਂ ਜਾ ਸਕਣ। ਉਨ੍ਹਾ ਕਿਹਾ ਕਿ ਪ੍ਰਾਇਮਰੀ ਪੱਧਰ ਦੀਆਂ ਸਿਹਤ ਸਹੂਲਤਾਂ ਲਈ ਰਾਜ ਸਰਕਾਰ ਨੇ 580 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਜਿੱਥੋਂ ਹੁਣ ਤੱਕ 31 ਲੱਖ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ ਅਤੇ ਇਨ੍ਹਾਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਹੀ ਇਲਾਜ ਸਹੂਲਤ ਮਿਲ ਰਹੀ ਹੈ। ਇਸ ਤੋਂ ਇਲਾਵਾ ਸੈਕੰਡਰੀ ਪੱਧਰ ਦੀਆਂ ਸਿਹਤ ਸੰਸਥਾਵਾਂ ਜਿਸ ਵਿਚ ਜ਼ਿਲ੍ਹਾ ਅਤੇ ਸਬ ਡਵੀਜ਼ਨ ਪੱਧਰ ਦੇ ਹਸਪਤਾਲ ਅਤੇ ਕਮਿਊਨਿਟੀ ਹੈਲਥ ਸੈਂਟਰ ਆਉਂਦੇ ਹਨ ਦੀਆਂ ਸੇਵਾਵਾਂ ਨੂੰ ਬਿਹਤਰ ਕਰਨ ਲਈ ਉਹ ਰਾਜ ਦੇ ਵੱਖ ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਸਥਾਨਕ ਪੱਧਰ ਦੀਆਂ ਕਮੀਆਂ ਅਤੇ ਉਪਲਬਧ ਸੰਸਥਾਨਾਂ ਦਾ ਅਧਿਐਨ ਕਰ ਰਹੇ ਹਨ ਤਾਂ ਜੋ ਇਨ੍ਹਾਂ ਨੂੰ ਸਰਕਾਰ ਦੇ ਪੱਧਰ 'ਤੇ ਪੂਰਾ ਕੀਤਾ ਜਾ ਸਕੇ। ਉਨ੍ਹਾ ਹਸਪਤਾਲ ਦੇ ਵੱਖ ਵੱਖ ਵਾਰਡਾਂ ਵਿਚ ਜਾ ਕੇ ਇਲਾਜ ਕਰਵਾ ਰਹੇ ਮਰੀਜ਼ਾਂ ਦਾ ਹਾਲ ਚਾਲ ਜਾਣਿਆ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਤੋਂ ਵਿਭਾਗ ਦੇ ਵੱਖ ਵੱਖ ਪ੍ਰੋਗਰਾਮਾਂ ਦੀ ਪ੍ਰਗਤੀ ਬਾਰੇ ਜਾਣਿਆ। ਇਸ ਮੌਕੇ ਉਨ੍ਹਾ ਸਿਵਲ ਹਸਪਤਾਲ ਕੈਂਪਸ ਵਿਚ ਹੀ ਬਣ ਰਹੇ 30 ਬਿਸਤਰਿਆਂ ਦੇ ਜੱਚਾ ਬੱਚਾ ਹਸਪਤਾਲ ਦੀ ਇਮਾਰਤ ਦੇ ਚੱਲ ਰਹੇ ਕੰਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ ਕਿ ਇਸ ਦੇ ਨਿਰਮਾਣ 'ਤੇ ਸਰਕਾਰ ਵੱਲੋਂ 8.28 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਮੌਕੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਐਮ ਡੀ ਪ੍ਰਦੀਪ ਅੱਗਰਵਾਲ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਇੱਥੇ ਪੁੱਜਣ 'ਤੇ ਸ੍ਰੀ ਮੁਕਤਸਰ ਸਾਹਿਬ ਦੇ ਐਮ ਐਲ ਏ ਜਗਦੀਪ ਸਿੰਘ ਕਾਕਾ ਬਰਾੜ, ਡਿਪਟੀ ਕਮਿਸ਼ਨਰ ਡਾ: ਰੂਹੀ ਦੁੱਗ, ਐਸ ਐਸ ਪੀ ਹਰਮਨਬੀਰ ਸਿੰਘ ਗਿੱਲ, ਸਿਵਲ ਸਰਜਨ ਡਾ: ਰੰਜੂ ਸਿੰਗਲਾ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਮਨਜਿੰਦਰ ਸਿੰਘ ਉੜਾਂਗ, ਸੁਰਜੀਤ ਸਿੰਘ ਸੰਧੂ ਚੇਅਰਮੈਨ ਮਾਰਕਿਟ ਕਮੇਟੀ, ਜਗਮੀਤ ਸਿੰਘ ਜੱਗਾ, ਕੁਲਵਿੰਦਰ ਸਿੰਘ ਕੰਡਾ, ਰਾਜੀਵ ਮਿੱਤਲ, ਜਗਦੇਵ ਸਿੰਘ ਬਾਮ, ਡਾ: ਵੰਦਨਾ ਬਾਂਸਲ ਡੀ ਐਮ ਸੀ, ਡਾ: ਪ੍ਰਭਜੋਤ ਕੌਰ ਐਸ ਐਮ ਓ ਆਦਿ ਵੀ ਹਾਜ਼ਰ ਸਨ।



# ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਵਫਦ ਨੇ ਡਾ. ਬਲਬੀਰ ਸਿੰਘ ਨਾਲ ਮੀਟਿੰਗ ਦੀ ਕੀਤੀ ਮੰਗ



**ਨਾਭਾ (ਵਰਿੰਦਰ ਵਰਮਾ)**

ਪੰਜਾਬ ਰਾਜ ਫਾਰਮੇਸੀ ਅਫਸਰ ਐਸੋਸੀਏਸ਼ਨ ਦਾ ਵਫਦ ਸਿਵਲ ਹਸਪਤਾਲ ਨਾਭਾ ਵਿਖੇ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਅਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਮਿਲਿਆ। ਸੂਬਾ ਪ੍ਰਧਾਨ ਨਰਿੰਦਰ ਮੋਹਨ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਕਲੀਨਿਕਾਂ ਪੀ ਐਚ ਸੀਜ ਵਿਖੇ ਕੰਮ ਕਰ ਰਹੇ ਫਾਰਮੇਸੀ ਅਫਸਰ ਨੂੰ ਸਿਰਫ ਕਰਨ ਜਾ ਰਹੀ ਹੈ। ਜਿਸ ਨਾਲ ਫਾਰਮੇਸੀ ਆਫਿਸਰਜ ਦੀਆਂ ਪੋਸਟਾਂ ਖਤਮ ਹੋ ਜਾਣਗੀਆਂ। ਕਿਉਂਕਿ ਸਾਲ 2006 ਵਿੱਚ ਕੈਪਟਨ ਸਰਕਾਰ ਨੇ ਪੇਂਡੂ ਡਿਸਪੈਂਸਰੀਆਂ ਵਿੱਚੋਂ 1186 ਡਿਸਪੈਂਸਰੀਆਂ ਦੇ ਸਟਾਫ ਦੀਆਂ ਪੋਸਟਾਂ ਖਤਮ ਕਰ ਦਿੱਤੀਆਂ ਗਈਆਂ ਸਨ। ਜਥੇਬੰਦੀ ਨੇ ਮੰਤਰੀ ਡਾਕਟਰ ਬਲਬੀਰ ਸਿੰਘ ਤੋਂ ਵਿਸਤਾਰ ਕਰਨ ਮੀਟਿੰਗ ਰਾਹੀਂ ਮੰਗਾਂ ਤੇ ਵਿਚਾਰ ਕਰਨ ਲਈ ਸਮੇਂ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਾਢੇ ਚਾਰ ਸੌ ਖਾਲੀ ਪੋਸਟਾਂ ਨੂੰ ਰੈਗੂਲਰ ਤੌਰ 'ਤੇ ਭਰਨ, ਅਮਰਨਾਥ ਯਾਤਰਾ 'ਤੇ ਡਿਊਟੀ ਕਰਨ ਵਾਲੇ ਫਾਰਮੇਸੀ ਅਫਸਰ ਨੂੰ ਆਉਂਦੀਆ ਮੁਸ਼ਕਲਾਂ ਨੂੰ ਹੱਲ ਕਰਨ, ਜੇਲ ਵਿਭਾਗ 'ਚ ਕੰਮ ਕਰਨ ਵਾਲੇ ਫਾਰਮੇਸੀ ਅਫਸਰ ਦੀ ਸਮੱਸਿਆ ਨੂੰ ਹੱਲ ਕਰਨ, ਨਵੇਂ ਭਰਤੀ ਹੋਏ ਫਾਰਮੇਸੀ ਆਫਿਸਰਜ ਤੇ ਕੇਂਦਰੀ ਪੇ ਕਮਿਸ਼ਨ ਪੂਰਨ ਰੂਪ 'ਚ ਲਾਗੂ ਕਰਨ ਅਤੇ ਜਿਲ੍ਹਾ ਪ੍ਰੀਸਦ ਆਰ ਬੀ ਐਸ ਕੇ, ਐਨ ਐਚ ਐਮ ਅਤੇ ਈ ਐਸ ਆਈ 'ਚ ਕੰਮ ਕਰਦੇ ਫਾਰਮੇਸੀ ਅਫਸਰ ਨੂੰ ਰੈਗੂਲਰ ਕੀਤਾ ਜਾਵੇ।

ਇਸ ਮੌਕੇ ਮਹੇਸ਼ ਕੁਮਾਰ ਸੀਨੀਅਰ ਫਾਰਮੇਸੀ ਅਫਸਰ, ਭਾਰਤ ਭੂਸਨ ਅਤੇ ਮੁਹੰਮਦ ਸਾਹਿਲ ਫਾਰਮੇਸੀ ਅਫਸਰ ਮੌਜੂਦ ਸਨ।

# ਬਿਜ਼ਨੈਸ ਸਟੱਡੀਜ਼ ਵਿਭਾਗ ਤਲਵੰਡੀ ਸਾਬੋ ਵਿਖੇ ਕਰਵਾਈ ਨੈਸ਼ਨਲ ਕਾਨਫਰੰਸ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਬਿਜਨੈਸ ਸਟੱਡੀਜ਼ ਵਿਭਾਗ ਵੱਲੋਂ ਪੰਜਾਬ ਕਾਮਰਸ ਐਂਡ ਮੈਨੇਜਮੈਂਟ ਐਸੋਸੀਏਸ਼ਨ ਦੇ ਸਹਿਯੋਗ ਨਾਲ ਰਾਸ਼ਟਰੀ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। 'ਟਿਕਾਊ ਭਵਿੱਖ ਲਈ ਵਪਾਰਕ ਤਬਦੀਲੀਆਂ: ਸਫਲਤਾ ਲਈ ਰੋਡਮੈਪ ਥੀਮ 'ਤੇ ਕੇਂਦਰਿਤ ਇਸ ਕਾਨਫਰੰਸ ਦਾ ਉਦੇਸ਼ ਸਿੱਖਿਆ ਸਾਸ਼ਤਰੀਆਂ, ਉਦਯੋਗਪਤੀਆਂ, ਖੋਜ-ਕਰਤਾ ਅਤੇ ਵਿਦਿਆਰਥੀਆਂ ਨੂੰ ਵਪਾਰਕ ਸੰਸਾਰ 'ਚ ਟਿਕਾਊ ਸਫਲਤਾ ਪ੍ਰਾਪਤ ਕਰਨ ਲਈ ਚੰਗੀਆਂ ਨੀਤੀਆਂ ਦੀ ਪੜਚੋਲ ਕਰਨ ਲਈ ਇੱਕ ਸਾਂਝਾ ਮੰਚ ਪ੍ਰਦਾਨ ਕਰਨਾ ਸੀ। ਮਾਨਯੋਗ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਨੇ ਵੀਡੀਓ ਕਾਨਫਰੰਸਿੰਗ ਰਹੀ ਇਸ ਕਾਨਫਰੰਸ ਦਾ ਉਦਘਾਟਨ ਕੀਤਾ। ਵਿਭਾਗ ਮੁਖੀ ਪ੍ਰੋ. ਆਨੰਦ ਬਾਂਸਲ ਵੱਲੋਂ ਸੁਆਗਤੀ ਭਾਸਣ ਨਾਲ ਕਾਨਫ਼ਰੰਸ ਦੀ ਕਾਰਵਾਈ ਸ਼ੁਰੂ ਕੀਤੀ। ਸੇਬੀ ਤੋਂ ਡਿਪਟੀ ਜਨਰਲ ਮੈਨੇਜਰ ਵੀਰ ਸਾਹਿਬ ਸਿੰਘ ਨੇ ਮੁੱਖ-ਬੁਲਾਰੇ ਵਜੋਂ ਸ਼ਮੂਲੀਅਤ ਕਰਦਿਆਂ ਆਪਣੇ ਕੁੰਜੀਵਤ ਭਾਸ਼ਣ ਰਾਹੀਂ ਹਾਜ਼ਰੀਨ ਨੂੰ ਉੱਭਰ ਰਹੇ ਰੁਝਾਨਾਂ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਕਰਨ ਅਤੇ ਟਿਕਾਊ ਵਪਾਰਕ ਮਾਡਲਾਂ ਨੂੰ ਅਪਣਾਉਣ ਲਈ ਉਤਸਾਹਿਤ ਕੀਤਾ। ਐਮ ਆਰ ਐੱਸ ਪੀ ਟੀ ਯੂ ਬਠਿੰਡਾ ਤੋਂ ਡਾ. ਪ੍ਰਿਤਪਾਲ ਭੁੱਲਰ ਨੇ ਵੱਖ-ਵੱਖ ਤਕਨੀਕੀ ਸੈਸ਼ਨ ਦੀ ਪ੍ਰਧਾਨਗੀ ਕੀਤੀ ਜਿਨ੍ਹਾਂ 'ਚ ਉੱਤਰੀ ਭਾਰਤ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨਾਲ ਸਬੰਧਿਤ ਵੱਖ-ਵੱਖ ਖੋਜਕਾਰਾਂ ਵੱਲੋਂ ਲਗਭਗ 100 ਖੋਜ ਪੇਪਰ ਪੇਸ਼ ਕੀਤੇ ਗਏ। ਸਮਾਪਤੀ ਸਮਾਰੋਹ ਦੌਰਾਨ ਸੈਂਟਰਲ ਯੂਨੀਵਰਸਿਟੀ ਪੰਜਾਬ ਤੋਂ ਡਾ. ਆਨੰਦ ਠਾਕੁਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਡਾ. ਅਮਨਦੀਪ ਕੌਰ ਅਤੇ ਡਾ. ਵਿਕਾਸਦੀਪ ਅਗਰਵਾਲ ਵੱਲੋਂ ਪ੍ਰਬੰਧਕੀ ਸਕੱਤਰ ਅਤੇ ਡਾ. ਹਰਪ੍ਰੀਤ ਸਿੰਘ ਕਾਨਫ਼ਰੰਸ ਸਕੱਤਰ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਰਹੀ। ਮੰਚ ਦਾ ਸੰਚਾਲਨ ਡਾ. ਨਰਿੰਦਰ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ, ਜੋ ਇਹਨੀ ਦਿਨੀ ਘਰੇਲੂ ਵਿਦੇਸ਼ੀ ਦੌਰੇ ਤੇ ਹਨ, ਨੇ ਆਪਣੇ ਸੰਦੇਸ਼ ਵਿੱਚ ਕਾਨਫ਼ਰੰਸ ਦੇ ਸਫਲ ਆਜੋਜਨ ਤੇ ਵਿਭਾਗ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੀ ਜਗ੍ਹਾ ਕਾਰਜਕਾਰੀ ਕੈਂਪਸ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਪ੍ਰੋ.ਆਨੰਦ ਬਾਂਸਲ ਵੱਲੋਂ ਕਾਨਫ਼ਰੰਸ ਨੂੰ ਮਿਲੇ ਭਰਵੇਂ ਹੁੰਗਾਰੇ ਤੇ ਆਪਣੀ ਖ਼ੁਸ਼ੀ ਜ਼ਾਹਿਰ ਕਰਦਿਆਂ ਪ੍ਰਬੰਧਕੀ ਕਮੇਟੀ, ਬੁਲਾਰਿਆਂ, ਭਾਗੀਦਾਰਾਂ, ਸਪਾਂਸਰਾਂ, ਸਟਾਫ ਅਤੇ ਵਿਭਾਗ ਦੇ ਰਿਸਰਚ ਸਕਾਲਰਾਂ ਦੀ ਸ਼ਲਾਘਾ ਕੀਤੀ।

ਇਸ ਕਾਨਫ਼ਰੰਸ ਦੌਰਾਨ ਕਰਵਾਈ ਪੈਨਲ ਚਰਚਾ 'ਚ ਡਾ. ਅਭੈ ਜੈਨ, ਰਾਮ ਕਾਲਜ ਆਫ ਕਾਮਰਸ, ਦਿੱਲੀ ਅਤੇ ਬੰਬੇ ਸਟਾਕ ਐਕਸਚੇਂਜ ਤੋਂ ਹਰਬਿੰਦਰ ਸਿੰਘ ਸੋਖੀ ਸਮੇਤ ਨਾਮਵਰ ਵਿਸ਼ੇਸ਼ਗਾਂ ਨੇ ਬਿਜ਼ਨਸ ਦੇ ਨਾਲ ਨਾਲ ਵਾਤਾਵਰਨ ਸੰਭਾਲ ਦੀ ਲੋੜ 'ਤੇ ਜੋਰ ਦਿੱਤਾ। ਪੰਜਾਬੀ ਯੂਨੀਵਰਸਿਟੀ ਤੋਂ ਡਾ. ਬੀ ਬੀ ਸਿੰਗਲਾ, ਸੈਂਟਰਲ ਯੂਨੀਵਰਸਿਟੀ ਪੰਜਾਬ ਤੋਂ ਡਾ. ਨਰੇਸ਼ ਸਿੰਗਲਾ ਅਤੇ

# ਬਲੌਜਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਲਈ ਆਰਟ 'ਚ ਮੁਹਾਰਤ ਲਈ ਆਨਲਾਇਨ ਕਲਾਸਾਂ

**ਜਗਰਾਉ (ਅਮਿਤ ਖੰਨਾ)**-ਬਲੌਜਮਜ ਕਾਨਵੈਂਟ ਸਕੂਲ ਦੇ ਵਿਦਿਆਰਥੀ ਆਪਣੇ ਫਾਈਨ ਆਰਟ ਵਿਸ਼ੇ ਵਿਚ ਹੋਰ ਨਿਖਾਰ ਲਿਆਉਣ ਲਈ ਅਤੇ ਇਸ ਵਿਸ਼ੇ ਵਿਚਲੀਆਂ ਆਪਣੀਆਂ ਕਮੀਆਂ ਨੂੰ ਦੂਰ ਕਰਨ ਲਈ ਆਪਣੇ ਅਧਿਆਪਕ ਮਨੀਸ਼ਾ, ਮਨਦੀਪ ਕੌਰ ਅਤੇ ਮਨਦੀਪ ਕੌਰ ਨਰਸਰੀ ਵਿੰਗ ਤੋਂ ਆਨ ਲਾਈਨ ਕਲਾਸਾਂ ਰਾਹੀਂ ਜਾਣਕਾਰੀ ਲਈ ਅਤੇ ਬਹੁਤ ਹੀ ਖੂਬਸੂਰਤ ਤਸਵੀਰਾਂ ਅਤੇ ਚਿੱਤਰ ਬਣਾਏ। ਬਹੁਤ ਸਾਰੇ ਅਜਿਹੇ ਬੱਚੇ ਵੀ ਸਨ ਜਿਨ੍ਹਾਂ ਅੰਦਰ ਏਸ ਵਿਸ਼ੇ ਪ੍ਰਤੀ ਕੋਈ ਲਗਾਓ ਨਹੀਂ ਸੀ, ਪਰ ਅਧਿਆਪਕਾਂ ਦੀ ਮਿਹਨਤ ਨੇ ਓਹਨਾਂ ਨੂੰ ਇਸ ਵਿਸੇ ਨਾਲ ਜੋੜ ਕੇ ਚੰਗੇ ਨਤੀਜੇ ਪ੍ਰਾਪਤ ਕੀਤੇ।



ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਵਿਦਿਆਰਥੀਆਂ ਨੂੰ ਸਿੱਖਿਆ ਦਿੰਦੇ ਹੋਏ ਕਿਹਾ ਕੇ ਵਿਸ਼ਾ ਚਾਹੇ ਕੋਈ ਵੀ ਹੋਵੇ ਸਾਨੂੰ ਉਸ ਪ੍ਰਤੀ ਲਗਨ ਤੇ ਮਿਹਨਤ ਕਰਨੀ ਜ਼ਰੂਰੀ ਹੁੰਦੀ ਹੈ। ਜਿਸ ਨਾਲ ਅਸੀਂ ਆਉਣ ਵਾਲੇ ਸਮੇਂ 'ਚ ਚੰਗੇ ਨਤੀਜੇ ਲੈ ਸਕਾਂਗੇ ਅਤੇ ਆਪਣਾ ਅਤੇ ਆਪਣੇ ਮਾਪਿਆ ਦਾ ਨਾਂਅ ਰੌਸ਼ਨ ਕਰਕੇ ਉੱਚ ਮੁਕਾਮ ਹਾਸਲ ਕਰ ਸਕਦੇ ਹਾਂ। ਇਸ ਮੌਕੇ ਸਕੂਲ ਦੇ ਚੇਅਰਮੈਨ ਨੂੰ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟਸ. ਮਨਪ੍ਰੀਤ ਸਿੰਘ ਬਰਾੜ ਸ. ਅਜਮੇਰ ਸਿੰਘ ਰੱਤੀਆਂ ਅਤੇ ਸ. ਸਤਵੀਰ ਸਿੰਘ ਸੇਖੋਂ ਨੇ ਵੀ ਬੱਚਿਆਂ ਦੀ ਸ਼ਲਾਘਾ ਕੀਤੀ।

# ਬਰਸਾਤੀ ਮੌਸਮ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਚੌਕਸ ਹੋਣਾ ਅਤਿ ਜ਼ਰੂਰੀ : ਡਾ. ਅਸ਼ਵਨੀ ਕੁਮਾਰ

**ਮਾਨਸਾ (ਆਤਮਾ ਸਿੰਘ ਪਮਾਰ)**

ਸਿਹਤ ਵਿਭਾਗ ਮਾਨਸਾ ਵੱਲੋਂ ਬਰਸਾਤੀ ਮੌਸਮ ਨੂੰ ਮੁੱਖ ਰੱਖਦੇ ਹੋਏ ਬਿਮਾਰੀਆਂ ਤੋਂ ਸਾਵਧਾਨ ਰਹਿਣ ਲਈ ਮੁਨਿਆਦੀ ਵਾਲੇ ਰਿਕਸ਼ੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਸਮੇਂ ਸਿਵਲ ਸਰਜਨ ਮਾਨਸਾ ਡਾ.ਅਸ਼ਵਨੀ ਕੁਮਾਰ ਨੇ ਦੱਸਿਆ ਕਿ ਬਰਸਾਤੀ ਮੌਸਮ ਨਾਲ ਹੋਣ ਵਾਲੀਆਂ ਬਿਮਾਰੀਆਂ ਡੇਂਗੂ, ਮਲੇਰੀਆ, ਚਿਕਨਗੁਨੀਆ ਤੋਂ ਬਚਣ ਲਈ ਸਾਨੂੰ ਆਪਣੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ, ਕਿਉਂਕਿ ਖੜ੍ਹੇ ਪਾਣੀ ਵਿਚ ਮੱਛਰ ਦਾ ਲਾਰਵਾ ਅਤੇ ਮੱਛਰ ਪੈਦਾ ਹੁੰਦਾ ਹੈ ਜਿਸ ਕਰਕੇ ਡੇਂਗੂ ਤੇ ਮਲੇਰੀਆ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਹ ਮੱਛਰ ਖੜ੍ਹੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ। ਲੋਕਾਂ ਨੂੰ ਅਪੀਲ ਕੀਤ ਕਿ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਨੂੰ ਖੜ੍ਹਾ ਨਾ ਹੋਣ ਦਿੱਤਾ ਜਾਵੇ । ਇਸੇ ਤਰ੍ਹਾਂ ਕੂਲਰ ਆਦਿ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਖਾਲੀ ਕਰਕੇ ਸਾਫ਼ ਕੀਤਾ ਜਾਵੇ ਤਾਂ ਜੋ ਮੱਛਰ ਪੈਦਾ ਹੀ ਨਾ ਹੋ ਸਕੇ। ਟਾਇਫਾਈਡ, ਹੈਜ਼ਾ, ਪੀਲੀਆ, ਦਸਤ, ਉਲਟੀਆਂ ਤੋਂ ਬਚਣ ਲਈ ਪਾਣੀ ਸਾਫ਼ ਸੁਥਰਾ ਕਲੋਰੀਨੇਟ ਕਰਕੇ ਜਾਂ ਉਬਾਲ ਕੇ ਜਾਂ ਫਿਲਟਰ ਵਾਲਾ ਹੀ ਪੀਣਾ ਚਾਹੀਦਾ ਹੈ, ਵਧੇਰੇ ਪੱਕੇ ਫ਼ਲ ਅਤੇ ਬੇਹਾ ਖਾਣਾ ਨਹੀਂ ਖਾਣਾ ਚਾਹੀਦਾ। ਉਨ੍ਹਾ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ ਘਰ ਜਾ ਕੇ ਸਰਵੇ ਕੀਤਾ ਜਾ ਰਿਹਾ ਹੈ ਅਤੇ ਲੋੜਵੰਦ ਥਾਵਾਂ 'ਤੇ ਲਾਰਵੀਸਾਈਡ ਬੀ.ਟੀ.ਆਈ ਆਦਿ ਸਭ ਦਾ ਸਪਰੇਅ ਕੀਤਾ ਜਾ ਰਿਹਾ ਹੈ। ਇਸ ਟੀਮ ਵਿਚ ਇਕ ਸਿਹਤ ਕਰਮਚਾਰੀ ਇੱਕ ਇੰਸੈਕਟ ਕੁਲੈਕਟਰ ਅਤੇ ਸਪਰੇਅ ਵਰਕਰ ਹੁੰਦੇ ਹਨ, ਜੋ ਲੋਕਾਂ ਨੂੰ ਘਰ ਘਰ ਜਾ ਕੇ ਜਾਣਕਾਰੀ ਦੇ ਪੈਂਫਲਟ ਵੀ ਵੰਡਦੇ ਹਨ। ਇਸ ਮੌਕੇ ਡਾ. ਅਰਸ਼ਦੀਪ ਸਿੰਘ ਮੈਡੀਕਲ ਅਫਸਰ, ਡਾ. ਸੰਤੋਸ਼ ਭਾਰਤੀ ਜ਼ਿਲ੍ਹਾ ਐਪੀਡਮੈਲੋਜਿਸਟ, ਵਿਜੇ ਕੁਮਾਰ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ, ਦਰਸ਼ਨ ਸਿੰਘ ਧਾਲੀਵਾਲ ਉਪ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ, ਗੁਰਜੰਟ ਸਿੰਘ ਸਹਾਇਕ ਮਲੇਰੀਆ ਅਫਸਰ, ਰਾਮ ਕੁਮਾਰ ਅਤੇ ਸੰਜੀਵ ਕੁਮਾਰ ਹੈਲਥ ਸੁਪਰਵਾਈਜ਼ਰ ਇਸ ਤੋਂ ਇਲਾਵਾ ਸੰਦੀਪ ਸਿੰਘ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।



ਸੀਵਰੇਜ ਦੇ ਗੰਦੇ ਪਾਣੀ ਦੇ ਨਿਕਾਸ ਲਈ ਤੇਜ਼ੀ ਨਾਲ ਚੱਲ ਕੰਮ ਬਾਰੇ ਜਾਣਕਾਰੀ ਦਿੰਦੇ ਹੋਏ ਆਪ ਦੇ ਆਗੂ

# ਕੈਂਬਰਿਜ ਕਾਨਵੈਂਟ ਸਕੂਲ ਦਾ ਬੱਚਿਆਂ ਦਾ ਸਕਾਊਟ ਤੇ ਗਾਇਡ ਦਾ ਕੈਂਪ ਰਵਾਨਾ




**ਕੋਟ ਈਸੇ ਖਾਂ (ਅਰੋੜਾ)**

ਕੈਮਬਰਿਜ ਕਾਨਵੈਂਟ ਸਕੂਲ ਬੱਚਿਆਂ ਦਾ ਪੜ੍ਹਾਈ ਦੇ ਨਾਲ ਨਾਲ ਹੋਰ ਵੀ ਗਤੀਵਿਧੀਆਂ ਵਿੱਚ ਵਿਸ਼ੇਸ਼ ਧਿਆਨ ਰੱਖਦਾ ਹੈ ਤਾ ਜੋ ਬੱਚਿਆ ਦਾ ਹਰ ਪੱਖ ਤੋਂ ਵਿਕਾਸ ਹੋ ਸਕੇ। ਜਿਸ ਨੂੰ ਮੁੱਖ ਰੱਖਦਿਆਂ ਬੱਚਿਆਂ ਦਾ ਸਕਾਊਟ ਅਤੇ ਗਾਈਡ ਕੈਂਪ ਮਾਊਂਟਆਬੂ (ਰਾਜਸਥਾਨ) ਲਈ ਰਵਾਨਾ ਹੋਇਆ ਇਹ ਕੈਂਪ ਪੰਜ ਦਿਨ ਦਾ ਹੋਵੇਗਾ, ਜਿਸ ਵਿਚ ਬੱਚੇ ਸਕਾਊਟ ਬਾਰੇ ਜਾਣਕਾਰੀ ਹਾਸਲ ਕਰਨਗੇ। ਇਸ ਕੈਂਪ ਵਿੱਚ ਸਕਾਊਟ ਦੇ ਸੰਬੰਧ ਵਿੱਚ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਜਿਵੇ ਕਿ ਟਰੈਕਿੰਗ, ਰਿਵਰਰਾਂਫਟਿਗ, ਹੋਰਸ ਰਾਇਡਿੰਗ, ਰੋਪਵੇ, ਸਾਈਡ ਸੀਨ, ਮਾਊਂਟਆਬੂ ਵਾਈਲਡ ਲਾਈਫ ਸੈਨਚੁਰੀ, ਸਨਸੈਟ ਪੁਆਇੰਟ, ਕੇਵਿੰਗ, ਨੱਕੀ ਲੇਕ, ਟੋਡ ਰੋਕ, ਵਾਟਰ ਫਾਲ ਆਦਿ। ਇਸ ਵਿੱਚ ਬੱਚੇ ਅਲੱਗ ਅਲੱਗ ਰਾਜਾਂ ਦੇ ਬੱਚਿਆ ਨਾਲ ਰਹਿ ਕੇ ਉਹਨਾ ਦੇ ਸੱਭਿਆਚਾਰ ਬਾਰੇ ਸਿੱਖਣਗੇ। ਬੱਚਿਆਂ ਅਤੇ ਮਾਪਿਆਂ 'ਚ ਵੀ ਇਸ ਕੈਂਪ ਸੰਬੰਧੀ ਉਤਸ਼ਾਹ ਦੇਖਣ ਨੂੰ ਮਿਲਿਆ।

ਇਸ ਕੈਂਪ ਦੌਰਾਨ ਬੱਚੇ ਵੱਖ-ਵੱਖ ਗਤੀਵਿਧੀਆਂ ਵਿਚ ਹਿੱਸਾ ਲੈਣਗੇ ਅਤੇ ਉਥੋਂ ਦੇ ਕਲਚਰ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨਗੇ। ਇਸ ਕੈਂਪ ਵਿਚ ਸਕੂਲ ਵੱਲੋ ਬੱਚਿਆ ਲਈ ਸਾਰੀਆਂ ਸਹੂਲਤਾ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਬੱਚਿਆ ਨੂੰ ਸਕੂਲ ਦੇ ਪ੍ਰਿੰਸੀਪਲ ਮੈਡਮ, ਸਕੂਲ ਦੀ ਮੈਨੇਜਮੈਂਟ ਅਤੇ ਸਮੂਹ ਸਟਾਫ ਵੱਲੋ ਹਰੀ ਝੰਡੀ ਦੇ ਕੇ ਰਵਾਨਗੀ ਦਿੱਤੀ ਗਈ।

# ਸਾਂਝੇ ਫਰੰਟ ਵੱਲੋਂ ਸਰਕਾਰ ਵੱਲੋਂ ਨਵੇਂ ਭਰਤੀ ਮੁਲਾਜ਼ਮਾਂ ਨਾਲ ਕੀਤੇ ਵਿਸ਼ਵਾਸਘਾਤ ਦੀ ਨਿਖੇਧੀ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਪੇ ਸਕੇਲ ਬਹਾਲੀ ਸਾਂਝਾ ਫਰੰਟ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਦੀ ਆਪ ਸਰਕਾਰ ਨੇ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜਮਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਹਨਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ 17 ਜੁਲਾਈ 2020 ਨੂੰ ਕਰੋਨਾ ਕਾਲ ਵਿੱਚ ਬਿਨਾਂ ਕਿਸੇ ਚਰਚਾ ਤੋਂ ਇਕ ਮੁਲਾਜਮ ਮਾਰੂ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਜਿਸ ਤਹਿਤ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜਮਾਂ ਨੂੰ ਕੇਂਦਰੀ ਪੇ ਸਕੇਲਾਂ ਦੀ ਤਰਜ 'ਤੇ ਤਨਖਾਹ ਮਿਲੇਗੀ। ਪਰ ਉਸ ਪੱਤਰ ਤਹਿਤ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜਮਾਂ ਨੂੰ ਨਾਂ ਹੀ ਪੰਜਾਬ ਦੇ ਪੇ ਸਕੇਲ ਅਨੁਸਾਰ ਤਨਖ਼ਾਹ ਮਿਲ ਰਹੀ ਹੈ ਤੇ ਨਾ ਹੀ ਕੇਂਦਰ ਦੇ ਪੇ ਸਕੇਲ ਅਨੁਸਾਰ। ਉਕਤ ਨੋਟੀਫਿਕੇਸ਼ਨ ਇਕ ਅਧੂਰਾ ਨੋਟੀਫਿਕੇਸ਼ਨ ਹੈ। ਜਿਸ ਤਹਿਤ ਮੁਲਾਜ਼ਮਾਂ ਨੂੰ ਕੇਂਦਰ ਦੇ ਅਨੁਸਾਰ ਬਣਦੇ ਪੇਅ ਲੈਵਲ ਤੋਂ ਵੀ 2 ਲੈਵਲ ਹੇਠਾਂ ਰੱਖਿਆ ਗਿਆ ਹੈ। ਜਦੋਂ ਕਾਂਗਰਸ ਦੀ ਸਰਕਾਰ ਸਮੇਂ ਇਹ ਲਾਗੂ ਹੋਇਆ ਸੀ। ਉਸ ਸਮੇਂ ਆਮ ਆਦਮੀ ਪਾਰਟੀ ਵਿਰੋਧੀ ਧਿਰ ਵਿੱਚ ਸੀ ਤੇ ਉਸ ਸਮੇਂ ਦੇ ਵਿਰੋਧੀ ਧਿਰ ਨੇਤਾ ਹਰਪਾਲ ਚੀਮਾ ਤੇ ਵਿਧਾਇਕ ਅਮਨ ਅਰੋੜਾ ਨੇ ਇਹਨਾਂ ਅਧੂਰੇ ਪੇ ਸਕੇਲਾਂ ਬਾਰੇ ਵੀਡੀਓ ਪਾ ਕੇ ਤੇ ਧਰਨਿਆਂ 'ਚ ਸ਼ਮੂਲੀਅਤ ਕਰਕੇ ਮੁਲਾਜ਼ਮ ਮਾਰੂ ਨੋਟੀਫਿਕੇਸ਼ਨ ਦੀ ਨਿਖੇਧੀ ਕੀਤੀ ਸੀ। ਆਗੂਆਂ ਨੇ ਦੱਸਿਆ ਕਿ ਅੱਜ ਮੁੱਖ ਮੰਤਰੀ ਦੇ ਡਿਪਟੀ ਪ੍ਰਿੰਸੀਪਲ ਸਕੱਤਰ ਨਾਲ ਮੀਟਿੰਗ ਹੋਈ ਹੈ। ਉਹਨਾਂ ਨੇ ਇਹ ਮੰਗਾਂ ਮੁੱਖ ਮੰਤਰੀ ਪੰਜਾਬ ਕੋਲ ਰੱਖਣ ਤੇ 17 ਜੁਲਾਈ ਨੂੰ ਵਿੱਤ ਮੰਤਰੀ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਹੈ। ਆਗੂਆਂ ਨੇ ਦੱਸਿਆ ਕਿ ਅਸੀਂ ਸਾਰੇ ਮੁਲਾਜਮ ਇਹਨਾਂ ਮੁਲਾਜਮ ਮਾਰੂ ਅਧੂਰੇ ਪੇ ਸਕੇਲਾਂ ਖਿਲਾਫ ਲਗਾਤਾਰ ਸੰਘਰਸ਼ ਕਰ ਰਹੇ ਹਾਂ। ਉਹਨਾਂ ਕਿਹਾ ਕਿ ਜੇਕਰ 17 ਜੁਲਾਈ ਨੂੰ ਮੀਟਿੰਗ ਨਹੀਂ ਹੁੰਦੀ ਜਾਂ ਫਿਰ ਮੀਟਿੰਗ ਵਿੱਚ ਹੱਲ ਨਹੀਂ ਨਿਕਲਦਾ ਤਾਂ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੂਬਾ ਕਨਵੀਨਰ ਜੁਝਾਰ ਸਿੰਘ, ਸਸਪਾਲ ਸਿੰਘ, ਜੱਗਾ ਬੋਹਾ, ਗੌਰਵ ਕੁਮਾਰ, ਸਲਿੰਦਰ ਕੰਬੋਜ, ਯੁੱਧਜੀਤ ਸਿੰਘ, ਹਰਜਿੰਦਰ ਸਿੰਘ, ਨਵਜੀਵਨ ਸਿੰਘ, ਜਰਨੈਲ ਸਿੰਘ, ਅਦਿੱਤਿਆ ਕਤਿਆਲ, ਰਾਜਵਿੰਦਰ ਸਿੰਘ, ਮਨਦੀਪ ਸਿੰਘ ਆਦਿ ਹਾਜ਼ਰ ਸਨ।



# ਮਲੇਰੀਆ ਤੋਂ ਬਚਾਅ ਬਾਰੇ ਕੀਤਾ ਜਾਗਰੂਕ

**ਮੱਖੂ (ਰਛਪਾਲ ਸਿੰਘ ਸੰਧੂ)**

ਸਿਵਲ ਸਰਜਨ ਫਿਰੋਜਪੁਰ ਅਤੇ ਪੀ ਐਚ ਸੀ ਕੱਸੋਆਣਾ ਦੇ ਐਸ ਐਮ ਓ ਡਾ. ਬਲਕਾਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਬ ਸੈਂਟਰ ਤਲਵੰਡੀ ਨਿਪਾਲਾਂ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮਲੇਰੀਆ ਜਾਗਰੂਕਤਾ ਕੈਂਪ ਦੌਰਾਨ ਹੈਲਥ ਵਰਕਰ ਤਰਸੇਮ ਪਾਲ ਸਿੰਘ ਨੇ ਲੋਕਾਂ ਨੂੰ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨੋਫਲਿਜ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਜਿਸ ਨਾਲ ਠੰਡ ਲੱਗ ਕੇ ਤੇਜ ਬੁਖਾਰ, ਉਲਟੀਆਂ, ਸਿਰ ਦਰਦ ਆਦਿ ਦੇ ਲੱਛਣ ਹੁੰਦੇ ਹਨ। ਮਲੇਰੀਆ ਬੁਖਾਰ ਤੋਂ ਬਚਣ ਲਈ ਰਾਤ ਨੂੰ ਸੌਣ ਲੱਗਿਆ ਮੱਛਰਦਾਨੀ ਦੀ ਵਰਤੋਂ, ਪੂਰੀ ਬਾਂਹ ਵਾਲੇ ਕਪੜੇ, ਮੱਛਰ ਭਜਾਓ ਦੀਆਂ ਕਰੀਮਾਂ ਅਤੇ ਘਰ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਮਲੇਰੀਆ ਬੁਖ਼ਾਰ ਹੋਣ ਦੇ ਲੱਛਣ 'ਤੇ ਇਸ ਦਾ ਟੈਸਟ ਨਜਦੀਕੀ ਸਰਕਾਰੀ ਹਸਪਤਾਲ ਵਿੱਚੋਂ ਕਰਵਾਓ। ਇਸ ਮੌਕੇ ਆਸ਼ਾ ਵਰਕਰ ਜ਼ੀਨਤ ਅਤੇ ਪਿੰਡ ਦੇ ਹੋਰ ਲੋਕ ਵੀ ਹਾਜ਼ਰ ਸਨ।



# ਜ਼ਮੀਨੀ ਘੋਲ ਜਹਾਂਗੀਰ ਤੋਂ ਸ਼ੁਰੂ ਹੋਵੇਗਾ : ਕਾਲਾਝਾੜ



**ਧੂਰੀ (ਸੁਖਦੇਵ ਧੂਰੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੀ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਪ੍ਰਧਾਨਗੀ ਹੇਠ ਪਿੰਡ ਲੱਡਾ ਵਿਖੇ ਹੋਈ। ਮੀਟਿੰਗ 'ਚ ਸੂਬਾਈ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਬਲਾਕ ਦੀ ਵੱਧਵੀਂ ਸਿੱਖਿਅਤ ਮੀਟਿੰਗ ਵਿੱਚ ਪਿੰਡ ਜਹਾਂਗੀਰ ਦੀ ਕਿਸਾਨ ਬੇਟੀ ਕਿਰਨਜੀਤ ਕੌਰ ਦਾ ਜੋ ਜ਼ਮੀਨੀ ਸੰਘਰਸ਼ ਪਿੰਡ ਦੇ ਹੀ ਕਿਸਾਨ ਨਾਲ ਚੱਲ ਰਿਹਾ ਹੈ, ਜੋ ਪੂਰੀ ਵਿਉਂਤਬੰਦੀ ਨਾਲ ਧਨਾਢ ਪਰਵਾਰ ਨੇ ਠੱਗੀ ਲਗਾ ਕੇ ਸਾਰੀ ਜ਼ਮੀਨ, ਕਿਰਨਜੀਤ ਕੌਰ ਦਾ ਘਰ ਅਤੇ ਪਲਾਟ ਹਥਿਆਉਣ ਦੀ ਕੋਸ਼ਿਸ਼ ਕੀਤੀ ਅਤੇ ਪੈਸੇ ਦੇ ਜੋਰ 'ਤੇ ਸਿਆਸੀ ਅਸਰ ਰਸੂਖ ਕਾਰਨ ਦਿਨੋ ਦਿਨ ਕਿਰਨਜੀਤ ਕੌਰ ਦੇ ਪਰਵਾਰ ਨਾਲ ਵਿਰੋਧੀ ਧਿਰ ਵੱਲੋਂ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਹਾਈਕੋਰਟ ਦੇ ਹੁਕਮਾਂ ਤਹਿਤ ਬਣਦੀ 12 ਲੱਖ ਰੁਪੈ ਦੀ ਰਕਮ ਵੀ ਜਮ੍ਹਾਂ ਕਰਵਾਈ ਜਾ ਚੁੱਕੀ ਹੈ ਅਤੇ ਲੋਅਰ ਕੋਰਟ ਦੀ ਜਾਅਲੀ ਰਜਿਸਟਰੀ 'ਤੇ ਮਾਣਯੋਗ ਹਾਈਕੋਰਟ ਵੱਲੋਂ ਸਟੇਅ ਵੀ ਕੀਤੀ ਹੋਈ ਹੈ, ਪਰ ਇਸ ਮਾਮਲੇ ਨੂੰ ਤਕਰੀਬਨ ਦੋ ਸਾਲ ਤੋਂ ਚੱਲਦੇ ਹੋ ਗਏ ਹਨ, ਪ੍ਰਸ਼ਾਸਨ ਨੇ ਗੰਭੀਰਤਾ ਨਾਲ ਨਹੀਂ ਲਿਆ। ਆਉਣ ਵਾਲੇ ਦਿਨਾਂ 'ਚ ਜੱਥੇਬੰਦੀ ਵੱਲੋਂ ਮਜਬੂਰੀ ਵੱਸ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸਦੀ ਜ਼ਿੰਮੇਵਾਰੀ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੀ ਹੋਵੇਗੀ। ਪਿੰਡ ਜਹਾਂਗੀਰ ਤੋਂ ਜਮੀਨਾਂ ਦੀ ਬਾਬਾ ਬੰਦਾ ਸਿੰਘ ਬਹਾਦਰ ਵਾਲੀ ਲੜਾਈ ਸ਼ੁਰੂ ਕੀਤੀ ਜਾਵੇਗੀ, ਜੋ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਹੋਵੇਗੀ। ]

ਇਸ ਮੌਕੇ ਬਲਾਕ ਆਗੂ ਦਰਸ਼ਨ ਸਿੰਘ ਕਿਲਾ ਹਕੀਮਾਂ, ਹਰਪਾਲ ਸਿੰਘ ਪੇਧਨੀ ਕਲਾਂ, ਰਾਮ ਸਿੰਘ ਕੱਕੜਵਾਲ, ਬਲਵਿੰਦਰ ਸਿੰਘ ਪੇਧਨੀ ਕਲਾਂ, ਗੁਰਦੇਵ ਸਿੰਘ ਲੱਡਾ, ਮਹਿੰਦਰ ਸਿੰਘ ਭਸੌੜ, ਜਰਨੈਲ ਸਿੰਘ ਸੁਲਤਾਨਪੁਰ, ਕਿਰਨਜੀਤ ਕੌਰ ਜਹਾਂਗੀਰ, ਹਰਮੇਲ ਸਿੰਘ ਲੱਡਾ, ਲਾਭ ਕੌਰ ਜਹਾਂਗੀਰ, ਗੁਰਮੀਤ ਕੌਰ ਭਸੌੜ ਅਤੇ ਬਲਾਕ ਪ੍ਰੈਸ ਸਕੱਤਰ ਮਨਜੀਤ ਸਿੰਘ ਜਹਾਂਗੀਰ ਵੀ ਹਾਜ਼ਰ ਸਨ।

29-JUNE-PAGE-7.qxd 6/28/2023 10:31 PM Page 1



# ਹਰਿੰਦਰ ਭੁੱਲਰ ਵੱਲੋਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ-ਪ੍ਰਸਾਰ ਲਈ ਦਿੱਤਾ ਜ਼ੋਰ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਹਰਿੰਦਰ ਸਿੰਘ ਭੁੱਲਰ ਨੇ ਸਮੂਹ ਅਧਿਆਪਕ ਵਰਗ ਨੂੰ ਸੱਦਾ ਦਿੱਤਾ ਕਿ ਉਹ ਪੰਜਾਬੀ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਹੋਰ ਸਾਰਥਿਕ ਉਪਰਾਲੇ ਕਰਨ ਤਾਂ ਕਿ ਭਵਿੱਖ 'ਚ ਵਿਦਿਆਰਥੀ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਹੋਰ ਯਤਨ ਕਰ ਸਕਨ। ਉਨ੍ਹਾਂ ਕਿਹਾ ਕਿ ਬੇਸ਼ੱਕ ਪੰਜਾਬੀ ਬੋਲੀ ਦਾ ਸੰਸਾਰ ਭਰ ਚ ਆਪਣਾ ਇਕ ਵੱਖਰਾ ਮੁਕਾਮ ਹੈ, ਫਿਰ ਵੀ ਸਮੇਂ-ਸਮੇਂ ਆ ਰਹੀਆਂ ਚਣੌਤੀਆਂ ਦੇ ਮੱਦੇਨਜ਼ਰ ਸਾਨੂੰ ਸਭਨਾਂ ਨੂੰ ਇਸ ਦੀ ਤਰੱਕੀ ਲਈ ਲਗਾਤਾਰ ਲੋੜੀਦੀਆਂ ਸਰਗਰਮੀਆਂ ਦੀ ਲੋੜ ਹੈ। ਭੁੱਲਰ ਨੇ ਇਸ ਗੱਲ ਦਾ ਪ੍ਰਗਟਾਵਾ ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਵੱਲੋਂ ਉਨ੍ਹਾਂ ਨੂੰ ਗੁਰਮੁਖੀ ਲਿਪੀ ਦੀ 41 ਅੱਖਰੀਂ ਫੱਟੀ ਭੇਟ ਕਰਨ ਅਤੇ ਨਵੇਂ ਸਾਈਜ਼ ਦੀ ਫੱਟੀ ਲਾਂਚ ਕਰਨ ਸਮੇਂ ਕੀਤਾ। ਜ਼ਿਲ੍ਹਾ ਸਿੱਖਿਆ ਅਫ਼ਸਰ ਹਰਿੰਦਰ ਸਿੰਘ ਭੁੱਲਰ ਨੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ, ਪ੍ਰਸਾਰ ਅਤੇ ਗੁਰਮੁਖੀ ਲਿਪੀ ਦੀਆਂ ਫੱਟੀਆਂ ਰਾਹੀਂ ਬੋਲੀ ਦਾ ਗੁਣ ਗਾਣ ਕਰਨ ਵਿੱਚ ਲੱਗੇ ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਦੀ ਪ੍ਰਸ਼ੰਸਾਂ ਕੀਤੀ। ਉਨ੍ਹਾਂ ਕਿਹਾ ਕਿ ਬੇਸ਼ੱਕ ਪੰਜਾਬ ਸਰਕਾਰ, ਸਿੱਖਿਆ ਵਿਭਾਗ, ਸਾਹਿਤਕ ਸੰਸਥਾਵਾਂ ਆਪਣੇ ਵੱਲੋਂ ਮਾਤ ਭਾਸ਼ਾ ਪੰਜਾਬੀ ਦੀ ਪ੍ਰਫੁੱਲਤਾ ਲਈ ਵੱਡੇ ਯਤਨ ਕਰ ਰਹੀਆਂ ਹਨ, ਪਰ ਇਸ ਦੇ ਬਾਵਜੂਦ ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਆਪਣੀ ਭਾਸ਼ਾ ਦੀ ਤਰੱਕੀ ਲਈ ਸਰਗਰਮੀ ਨਾਲ ਯਤਨ ਕਰਨੇ ਪੈਣਗੇ। ਇਸ ਮੌਕੇ ਪੰਜਾਬੀ ਅਧਿਆਪਕਾ ਗੁਰਪ੍ਰੀਤ ਕੌਰ ਚਹਿਲ ਨੇ ਕਿਹਾ ਕਿ ਹਰਪ੍ਰੀਤ ਸਿੰਘ ਬਹਿਣੀਵਾਲ ਨੇ ਬੀੜਾ ਚੁੱਕਿਆ ਹੈ ਕਿ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ, ਜਿਸ ਕਰਕੇ ਉਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਨਾਲ ਸਬੰਧਤ ਵੱਡੀਆਂ ਹਸਤੀਆਂ ਨੂੰ ਗੁਰਮੁਖੀ ਲਿਪੀ ਦੀਆਂ 41 ਅੱਖਰੀਂ ਫੱਟੀਆਂ ਭੇਟ ਕੀਤੀਆਂ ਜਾ ਰਹੀਆਂ ਹਨ। ਡੀ ਈ ਓ ਹਰਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਹਰਪ੍ਰੀਤ ਬਹਿਣੀਵਾਲ ਦੇ ਇਸ ਕਾਰਜ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਇਹ ਉੱਦਮ ਪੰਜਾਬੀ ਨੂੰ ਹੋਰ ਖੁਸ਼ਹਾਲੀ ਅਤੇ ਪ੍ਰਸਿੱਧੀ ਦੇਣ ਵਾਲਾ ਹੈ ਕਿਉਂਕਿ ਇਸ ਜ਼ੁਬਾਨ ਵਿੱਚ ਮਿਠਾਸ, ਭਾਈਚਾਰਾ ਅਤੇ ਅਪਣੱਤ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਫਿਲਮਾਂ ਵੀ ਅੱਜ ਇਸ ਕਰਕੇ ਨਾਮਣਾ ਖੱਟ ਰਹੀਆਂ ਹਨ ਕਿ ਇਹ ਭਾਸ਼ਾ ਆਸਾਨੀ ਨਾਲ ਸਾਡੇ ਦਿਲਾਂ ਅਤੇ ਦਿਮਾਗਾਂ ਵਿੱਚ ਉੱਤਰ ਜਾਂਦੀ ਹੈ। ਫਿਲਮਾਂ ਰਾਹੀਂ ਸਮਾਜਿਕ ਸੁਨੇਹੇ ਦਿੱਤੇ ਜਾਂਦੇ ਹਨ ਕਿ ਪੰਜਾਬੀ ਫਿਲਮਾਂ ਦਾ ਵੱਖਰਾ ਮੁਕਾਮ ਹੈ।

# ਭਾਜਪਾ ਰਾਜ 'ਚ ਫਿਰਕਾਪ੍ਰਸਤੀ, ਬੇਰੁਜ਼ਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਵਧਿਆ : ਵਰਿੰਦਰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਆਮ ਆਦਮੀ ਪਾਰਟੀ ਦੇ ਕੌਮੀ ਕੌਂਸਲ ਦੇ ਮੈਂਬਰ ਐਡਵੋਕੇਟ ਵਰਿੰਦਰ ਕੁਮਾਰ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ 9 ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਨੂੰ ਨੰਬਰ ਇਕ ਬਣਾਉਣ ਦਾ ਢੋਲ ਵਜਾਉਣ ਵਾਲੇ ਭਾਜਪਾਈਆਂ ਦੇ ਰਾਜ ਵਿਚ ਫਿਰਕਾਪ੍ਰਸਤੀ, ਬੇਰੁਜ਼ਗਾਰੀ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੇ ਸਾਰੇ ਰਿਕਾਡ ਤੋੜ ਦਿੱਤੇ ਹਨ। ਵਰਿੰਦਰ ਨੇ ਦੱਸਿਆ ਕਿ ਤਾਜ਼ਾ ਅੰਕੜਿਆਂ ਮੁਤਾਬਕ ਸੂਬੇ 'ਚ 1.82 ਲੱਖ ਅਸਾਮੀਆਂ ਖਾਲੀ ਹਨ ਤੇ ਖੱਟਰ ਸਰਕਾਰ ਨੇ ਅਪ੍ਰੈਲ 2023 ਨੂੰ 13000 ਨਵੀਆਂ ਅਸਾਮੀਆਂ ਖਤਮ ਕਰ ਦਿੱਤੀਆਂ ਹਨ ਅਤੇ ਸੂਬੇ ਵਿੱਚ ਜੋ 24.80 ਲੱਖ ਨੌਜਵਾਨ ਬੇਰੁਜ਼ਗਾਰ ਹਨ ਤੇ ਹਰ ਤਿੰਨ ਵਿੱਚੋਂ ਇੱਕ ਗ੍ਰੈਜੂਏਟ ਬੇਰੁਜ਼ਗਾਰ ਹੈ।ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਮੈਡੀਕਲ ਸਹੂਲਤਾਂ ਲਈ ਦਸ ਹਜ਼ਾਰ ਡਾਕਟਰਾਂ ਦੀ ਲੋੜ ਹੈ। ਇਸੇ ਤਰ੍ਹਾਂ ਸਿਵਲ ਸਰਜਨ ਦੀਆਂ 68 ਅਸਾਮੀਆਂ ਖਾਲੀ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਹਰਿਆਣਾ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਬੈਠਣ ਲਈ ਕੋਈ ਸ਼ਰਤ ਨਹੀਂ ਸੀ ਪਰ ਹੁਣ ਸਰਕਾਰ ਨੇ ਮਨਮਾਨੇ ਢੰਗ ਨਾਲ ਬਿਨੈਕਾਰਾਂ ਨੂੰ ਪ੍ਰੀਖਿਆਵਾਂ ਵਿੱਚ ਬੈਠਣ ਲਈ ਸ਼ਰਤਾਂ ਲਾ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਦੇਸ਼ ਦੇ ਲੋਕਾਂ ਵਿਚ ਧਾਰਮਿਕ ਵੰਡੀਆਂ ਪਾਉਣ ਤੋਂ ਬਿਨਾਂ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਤੋਂ ਅਸੀਂ ਸੂਬੇ ਭਰ ਦੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਮੰਗ ਪੱਤਰ ਦੇਵਾਂਗੇ। ਇਸ ਸਮੇਂ ਉਨ੍ਹਾਂ ਨਾਲ ਸ਼ਿਆਮ ਲਾਲ ਮਹਿਤਾ, ਹੰਸਰਾਜ ਸਾਮਾ ਅਤੇ ਜ਼ਿਲ੍ਹਾ ਮੀਡੀਆ ਇੰਚਾਰਜ ਅਨਿਲ ਚੰਦੇਲ ਸਮੇਤ ਬਹੁਤ ਸਾਰੇ ਆਪ ਵਰਕਰ ਵੀ ਮੌਜੂਦ ਸਨ।

# ਅਮਨ-ਕਾਨੂੰਨ ਦੀ ਵਿਗੜ ਰਹੀ ਸਥਿਤੀ ਚਿੰਤਾ ਦਾ ਵਿਸ਼ਾ : ਰਾਜਨ ਗਰਗ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਜ਼ਿਲ੍ਹਾ ਬਠਿੰਡਾ ਕਾਂਗਰਸ ਕਮੇਟੀ ਦੇ ਸ਼ਹਿਰੀ ਪ੍ਰਧਾਨ ਰਾਜਨ ਗਰਗ ਵੱਲੋਂ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਅਤੇ ਲਗਾਤਾਰ ਲੱਗ ਰਹੇ ਬਿਜਲੀ ਕੱਟਾਂ ਨੂੰ ਗੰਭੀਰ ਲੈਂਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਹਾਲਾਤ ਕਾਬੂ ਹੇਠ ਨਾ ਆਏ ਤਾਂ ਕਾਂਗਰਸ ਪਾਰਟੀ ਤਿੱਖੇ ਸੰਘਰਸ਼ ਲਈ ਮਜਬੂਰ ਹੋਵੇਗੀ ਅਤੇ ਅਫਸਰਾਂ ਦੇ ਘਰਾਂ, ਦਫਤਰਾਂ ਅਤੇ ਬਿਜਲੀ ਦਫਤਰਾਂ ਦਾ ਘਿਰਾਉ ਕੀਤਾ ਜਾਵੇਗਾ। ਪ੍ਰੈਸ ਬਿਆਨ ਜਾਰੀ ਕਰਦੇ ਹੋਏ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਰਾਜਨ ਗਰਗ ਨੇ ਕਿਹਾ ਕਿ ਰੋਜ਼ਾਨਾ ਲੁੱਟ-ਖੋਹ, ਚੋਰੀ, ਵਾਹਨ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪੁਲਸ ਦੀ ਕਾਰਗੁਜ਼ਾਰੀ ਕਿਤੇ ਨਜ਼ਰ ਨਹੀਂ ਆ ਰਹੀ। ਲੋਕ ਖੁਦ ਚੋਰਾਂ ਨੂੰ ਸਜ਼ਾ ਦੇਣ ਲਈ ਮਜਬੂਰ ਹੋ ਰਹੇ ਹਨ ਜਿਸ ਕਰਕੇ ਹਾਲਾਤ ਦਿਨ-ਬ-ਦਿਨ ਵਿਗੜਦੇ ਯਾਂ ਰਹੇ ਹਨ। ਇਸ ਦੇ ਨਾਲ ਕਾਰੋਬਾਰ ਵੀ ਪੂਰੀ ਤਰ੍ਹਾਂ ਠੱਪ ਹੋ ਰਿਹਾ ਹੈ, ਵਪਾਰੀ ਕਿਤੇ ਵੀ ਸੁਰੱਖਿਅਤ ਨਹੀਂ ਰਿਹਾ,ਵਪਾਰੀਆਂ ਅਤੇ ਆਮ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਇਸ ਪਾਸੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ। ਮੁੱਖ ਮੰਤਰੀ ਬਿਜਲੀ ਪੂਰੀ ਕਰਨ ਦੇ ਦਾਅਵੇ ਕਰਦੇ ਨਹੀਂ ਥੱਕਦੇ ਪਰ ਜ਼ਮੀਨੀ ਹਾਲਾਤ ਇਹ ਹਨ ਕਿ ਕਿਸਾਨਾਂ ਨੂੰ ਫਸਲ ਦੀ ਪੈਦਾਵਾਰ ਲਈ ਪੂਰੀ ਬਿਜਲੀ ਨਹੀਂ ਮਿਲ ਰਹੀ। ਮੰਡੀਆਂ , ਸ਼ਹਿਰਾਂ, ਪਿੰਡਾਂ ਵਿੱਚ ਲੰਬੇ ਕੱਟ ਲੱਗ ਰਹੇ ਹਨ।

ਉਨ੍ਹਾਂ ਕਿਹਾ ਕਿ ਇਕ ਪਾਸੇ ਸਰਕਾਰ ਲਗਾਤਾਰ ਬਿਜਲੀ ਦਰਾਂ ਤੇ ਪਟਰੋਲ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ ਪਰ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਹੂਲਤ ਨਹੀਂ ਮਿਲ ਰਹੀ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਹਾਲਾਤ ਕਾਬੂ ਹੇਠ ਨਾ ਆਏ ਤਾਂ ਆਉਣ ਵਾਲੇ ਦਿਨਾਂ ਵਿੱਚ ਕਾਂਗਰਸ ਪਾਰਟੀ ਸ਼ਹਿਰ ਵਾਸੀਆਂ ਅਤੇ ਆਮ ਲੋਕਾਂ ਨੂੰ ਨਾਲ ਲੈ ਕੇ ਸੜਕਾਂ 'ਤੇ ਆਉਣ ਲਈ ਮਜਬੂਰ ਹੋਵੇਗੀ। ਇਸ ਮੌਕੇ ਬਲਜਿੰਦਰ ਸਿੰਘ ਠੇਕੇਦਾਰ, ਹਰਵਿੰਦਰ ਸਿੰਘ ਲੱਡੂ, ਬਲਰਾਜ ਪੱਕਾ, ਰੁਪਿੰਦਰ ਬਿੰਦਰਾ ਜਨਰਲ ਸਕੱਤਰ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਯੁਵਕਾਂ ਦੀ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਮੁਫਤ ਤਿਆਰੀ ਸ਼ੁਰੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦਵਿੰਦਰ ਪਾਲ ਕੈਂਪ ਇੰਚਾਰਜ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ ਅਤੇ ਮੋਗਾ ਜ਼ਿਲ੍ਹੇ ਦੇ ਜੋ ਯੁਵਕ ਫੌਜ, ਸੀ.ਆਰ.ਪੀ.ਐਫ., ਬੀ.ਐਸ.ਐਫ., ਨੇਵੀ, ਏਅਰਫੋਰਸ (ਸੀ.ਏ.ਪੀ.ਐਫ) ਅਤੇ ਪੰਜਾਬ ਪੁਲਸ ਫੋਰਸ ਆਦਿ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਨ੍ਹਾਂ ਯੁਵਕਾਂ ਨੂੰ ਫਿਜ਼ੀਕਲ ਅਤੇ ਲਿਖਤੀ ਪੇਪਰ ਦੀ ਤਿਆਰੀ ਬਿਲਕੁੱਲ ਮੁਫਤ ਕਰਵਾਈ ਜਾਵੇਗੀ । ਯੁਵਕ ਸਵੇਰੇ 07.30 ਵਜੇ ਤੋਂ 11.00 ਵਜੇ ਤੱਕ ( ਸੋਮਵਾਰ ਤੋਂ ਸ਼ੁੱਕਰਵਾਰ ਤੱਕ ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ( ਫਿਰੋਜ਼ਪੁਰ ) ਵਿਖੇ ਆਉਣ ਸਮੇਂ ਆਨਲਾਈਨ ਰਿਜਸਟਰੇਸ਼ਨ ਦੀ ਇੱਕ ਕਾਪੀ, ਰਿਜ਼ਲਟ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਜੋ ਯੁਵਕ 10+2 ਪਾਸ ਹਨ ਉਹ 10+2 ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤੀ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ। ਯੁਵਕ ਦੀ ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ, ਪੈਰਾ ਮਿਲਟਰੀ ਫੋਰਸਾਂ/ਪੰਜਾਬ ਪੁਲਸ ਲਈ ਛਾਤੀ ਬਿਨਾਂ ਫੁਲਾ ਕੇ 80 ਸੈਂਟੀਮੀਟਰ ਤੇ ਫੁਲਾ ਕੇ 85 ਸੈਂਟੀਮੀਟਰ ਅਤੇ ਕੱਦ 5 ਫੁੱਟ 7 ਇੰਚ ਹੋਵੇ। ਯੁਵਕਾਂ ਨੂੰ ਸਰਕਾਰ ਵੱਲੋਂ ਪ੍ਰਤੀ ਯੁਵਕ 400/-ਰੁ: ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫਾ ਵੀ ਦਿੱਤਾ ਜਾਵੇਗਾ। ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁੱਲ ਮੁਫਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਅਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ।

## ਕਾਤਰਾਂ

### 420 ਨਸ਼ੇ ਦੀਆਂ ਗੋਲੀਆ ਸਣੇ 3 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 3 ਵਿਅਕਤੀਆਂ ਪਾਸੋਂ 420 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਣ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਸ.ਆਈ. ਰਵੀ ਪਾਲ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਪਿੰਡ ਚੱਕ ਕਾਠਗੜ੍ਹ ਉਰਫ ਦਰੋਗਾ ਤੋਂ ਪਹਿਲਾਂ ਆਉਂਦੇ ਚੌਕ 'ਤੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਪਿੰਡ ਦਰੋਗਾ ਵਾਲੀ ਤਰਫੋਂ ਆ ਰਹੇ ਇਕ ਮੋਟਰਸਾਈਕਲ, ਜਿਸ ਨੂੰ ਇਕ ਨੌਜਵਾਨ ਵਿਅਕਤੀ ਚਲਾ ਰਿਹਾ ਸੀ ਅਤੇ ਉਸ ਦੇ ਪਿੱਛੇ 2 ਹੋਰ ਵਿਅਕਤੀ ਬੈਠੇ ਹੋਏ ਸਨ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਅਤੇ ਮੋਟਰਸਾਈਕਲ ਚਾਲਕ ਨੇ ਮੋਟਰਸਾਈਕਲ ਦੇ ਹੈਂਡਲ ਨਾਲ ਟੰਗੇ ਕਾਲੇ ਰੰਗ ਦੇ ਲਿਫਾਫੇ ਨੂੰ ਖਿਚ ਕੇ ਸੜਕ 'ਤੇ ਸੁੱਟ ਦਿੱਤਾ ਅਤੇ ਪਿੱਛੇ ਬੈਠੇ ਨੌਜਵਾਨ ਨੇ ਵੀ ਇਕ ਪਾਰਦਰਸ਼ੀ ਲਿਫਾਫਾ ਸੜਕ 'ਤੇ ਸੁੱਟ ਦਿੱਤਾ ਅਤੇ ਮੋਟਰਸਾਈਕਲ ਪਿੱਛੇ ਨੂੰ ਭਜਾਉਣ ਲੱਗਾ ਤਾਂ ਪੁਲਸ ਨੇ ਇਨ੍ਹਾਂ ਵਿਅਕਤੀਆਂ ਨੂੰ ਕਾਬੂ ਕਰਕੇ ਸੁੱਟੇ ਲਿਫਾਫੇ ਨੂੰ ਚੈਕ ਕੀਤਾ ਤਾਂ ਉਸ ਵਿਚੋਂ 420 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਦੀ ਪੁੱਛਗਿੱਛ ਦੌਰਾਨ ਇਨ੍ਹਾਂ ਵਿਅਕਤੀਆਂ ਦੀ ਪਹਿਚਾਨ ਸੁਰਿੰਦਰ ਸਿੰਘ ਉਰਫ ਸ਼ਿੰਦਰ ਪੁੱਤਰ ਜੰਗੀਰ ਸਿੰਘ ਵਾਸੀ ਬਾਹਮਣੀਵਾਲਾ, ਸੰਦੀਪ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਚੱਕ ਮਹਾਲਮ ਅਤੇ ਸੁਖਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਸੋਨਾ ਸਿੰਘ ਵਾਸੀ ਕਾਠਗੜ੍ਹ ਦੇ ਰੂਪ ਵਿਚ ਹੋਈ ਹੈ। ਪੁਲਸ ਨੇ ਇਨ੍ਹਾਂ ਵਿਅਕਤੀਆਂ ਨੂੰ ਨਸ਼ੇ ਦੀਆਂ ਗੋਲੀਆਂ ਸਣੇ ਕਾਬੂ ਕਰਕੇ ਮੁਕੱਦਮਾ ਦਰਜ ਕੀਤਾ ਹੈ।

### ਬਲਜਿੰਦਰ ਮਾਨ ਟੀਮ ਨੇ ਫੁੱਲ, ਫਲਾਂ ਵਾਲੇ ਤੇ ਸਜਾਵਟੀ ਛਾਂਦਾਰ ਬੂਟੇ ਲਗਾਏ



**ਫਤਹਿਗੜ੍ਹ ਚੂੜੀਆਂ (ਪੱਤਰ ਪ੍ਰੇਰਕ)**-ਬਲਜਿੰਦਰ ਮਾਨ ਇੱਕ ਬੜੀ ਪਿਆਰੀ ਸ਼ਖਸੀਅਤ ਦਾ ਨਾਮ ਹੈ। ਉਹ ਵਾਤਾਵਰਨ ਨੂੰ ਹਰਿਆ ਭਰਿਆ ਵੇਖਣ ਦਾ ਚਾਹਵਾਨ ਹੈ। ਆਪਣੇ ਇਹਨਾਂ ਖਿਆਲਾਂ ਨੂੰ ਹਕੀਕੀ ਰੂਪ ਦੇਣ ਲਈ ਉਸ ਵੱਲੋਂ 'ਇਕ ਕਦਮ ਹਰਿਆਵਲ ਵੱਲ, ਨਾਮ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸ ਤਹਿਤ ਉਹ ਵੱਖ ਵੱਖ ਵਿੱਦਿਅਕ ਅਦਾਰਿਆਂ ਵਿੱਚ ਜਾ ਕੇ ਬੂਟੇ ਲਗਾ ਰਹੇ ਹਨ। ਆਪਣੀ ਇਸੇ ਮੁਹਿੰਮ ਨੂੰ ਅੱਗੇ ਤੋਰਦਿਆਂ ਉਹ ਆਪਣੇ ਵਿਦਿਆਰਥੀਆਂ ਦੀ ਟੀਮ ਨਾਲ ਪਿੰਡ ਮਾਨ ਸੈਂਡਵਾਲ ਦੀ ਸ਼ਬਦ ਸਾਂਝ ਲਾਇਬ੍ਰੇਰੀ ਵਿੱਚ ਉਚੇਚੇ ਤੌਰ 'ਤੇ ਪਹੁੰਚੇ। ਜਿੱਥੇ ਉਨ੍ਹਾਂ ਦੀ ਟੀਮ ਵੱਲੋਂ ਵੱਖ ਵੱਖ ਫੁੱਲਾਂ ਫਲਾਂ ਵਾਲੇ ਅਤੇ ਸਜਾਵਟੀ, ਛਾਂਦਾਰ ਬੂਟੇ ਲਗਾਏ ਗਏ। ਨਵੀਂ ਪੀੜ੍ਹੀ ਨੂੰ ਵੀ ਇਸ ਮਿਸ਼ਨ ਨਾਲ ਜੋੜਨ ਲਈ ਉਨ੍ਹਾਂ ਕੁਝ ਵਿਦਿਆਰਥੀਆਂ ਨਾਲ ਮਿਲ ਕੇ ਇਕ ਟੀਮ ਬਣਾਈ ਹੋਈ ਹੈ। ਆਰਟਿਸਟ ਬਲਜਿੰਦਰ ਮਾਨ ਦਾ ਇਹ ਸੋਹਣਾ ਯਤਨ ਵਾਕਈ ਸਲਾਹੁਣਯੋਗ ਹੈ। ਇੱਥੇ ਦੱਸ ਦੇਈਏ ਕੇ ਮਾਨ ਵਿਸ਼ਵ ਪੱਧਰ ਦੇ ਕਈ ਰਿਕਾਰਡ ਵੀ ਕਾਇਮ ਕਰ ਚੁੱਕੇ ਹਨ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਬਣਾਈਆਂ ਪੇਂਟਿੰਗਾਂ ਨੇ ਵੀ ਕਾਫੀ ਨਾਮਣਾ ਖੱਟਿਆ ਹੈ। ਉਨ੍ਹਾਂ ਦਾ ਆਖਣਾ ਹੈ ਕੇ ਪੰਜਾਬ ਵਿੱਚ ਰੁੱਖਾਂ ਦੀ ਕਟਾਈ ਵੱਡੇ ਪੱਧਰ ਤੇ ਹੋਈ ਹੈ। ਪਰ ਉਨ੍ਹਾਂ ਦੀ ਜਗ੍ਹਾ ਨਵੇਂ ਪੌਦੇ ਬਹੁਤ ਘੱਟ ਲਗਾਏ ਜਾ ਰਹੇ ਹਨ। ਇਸ ਲਈ ਸਾਡੇ ਸਭਨਾਂ ਦਾ ਫਰਜ਼ ਬਣਦਾ ਹੈ ਕੇ ਅਸੀਂ ਵੱਧ ਤੋਂ ਵੱਧ ਬੂਟੇ ਲਗਾਈਏ ਤਾਂ ਜੋ ਉਹ ਆਉਂਦੇ ਸਮੇਂ ਵਿੱਚ ਵੱਡੇ ਰੁੱਖ ਬਣ ਕੇ ਕੁਦਰਤ ਦਾ ਸੰਤੁਲਨ ਕਾਇਮ ਰੱਖ ਸਕਨ।

### ਸਬ-ਇੰਸਪੈਕਟਰ ਮਲਕੀਤ ਸਿੰਘ ਬਣੇ ਇੰਸਪੈਕਟਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਪੁਲਸ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਬ ਇੰਸਪੈਕਟਰ ਮਲਕੀਤ ਸਿੰਘ ਜਿਨ੍ਹਾਂ ਦੀ ਡਿਊਟੀ ਦਫਤਰ ਐਸ.ਐਸ.ਪੀ ਵਿਖੇ ਹੈ ਨੂੰ ਵਧੀਆ ਡਿਊਟੀ ਅਤੇ ਵਧੀਆ ਕਾਰਜਸ਼ੈਲੀ ਲਈ ਇੰਸਪੈਕਟਰ ਪਦਉਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਸਟਾਰ ਕੁਲਵੰਤ ਰਾਏ ਐਸ.ਪੀ. (ਐੱਚ) ਵੱਲੋਂ ਲਗਾ ਕੇ ਆਉਣ ਵਾਲੇ ਸਮੇਂ ਵਿੱਚ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਮੌਕੇ ਇੰਸਪੈਕਟਰ ਰਾਜਵੀਰ ਕੌਰ ਇੰਚਾਰਜ ਈ.ਓ.ਵਿੰਗ, ਐਸ.ਆਈ ਧਰਮਵੀਰ ਸਿੰਘ ਇੰਚਾਰਜ ਸਕਿਉਰਿਟੀ ਅਤੇ ਜਸਪਾਲ ਸਿੰਘ ਰੀਡਰ ਐਸ.ਪੀ.(ਐੱਚ) ਵੀ ਹਾਜ਼ਰ ਸਨ।

### ਸੰਘ ਦੀ ਕਨਵੈਨਸ਼ਨ ਦੌਰਾਨ ਮੁਲਾਜ਼ਮ ਘੋਲ ਹੋਰ ਤਿੱਖਾ ਕਰਨ ਦਾ ਐਲਾਨ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਰਵ ਕਰਮਚਾਰੀ ਸੰਘ ਹਰਿਆਣਾ ਦੇ ਸੂਬਾ ਪ੍ਰਧਾਨ ਧਰਮਵੀਰ ਫੋਗਟ ਨੇ ਕਿਹਾ ਕਿ ਸੰਘ ਵੱਲੋਂ ਸਿਰਸਾ ਦੇ ਪਟਵਾਰ ਭਵਨ ਵਿਖੇ ਕੀਤੀ ਅਹਿਮ ਕਨਵੈਨਸ਼ਨ ਵਿਚ 28 ਮਈ ਦੀ ਜੀਂਦ ਰੈਲੀ ਵਿੱਚ ਜੋ ਫੈਸਲੇ ਲਏ ਗਏ ਸਨ ਉਨ੍ਹਾਂ ਨੂੰ ਲਾਗੂ ਕਰਵਾਉਣ ਹਿਤ ਯੋਜਨਾਂ ਤਿਆਰ ਕੀਤੀ ਗਈ। ਸਰਵ ਕਰਮਚਾਰੀ ਸੰਘ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਪ੍ਰਿਥਵੀ ਸਿੰਘ ਚਾਹਰ ਨੇ ਦੱਸਿਆ ਕਿ ਇਸ ਕਨਵੈਨਸ਼ਨ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਸੋਹਣ ਸਿੰਘ ਰੰਧਾਵਾ ਨੇ ਕੀਤੀ ਤੇ ਸਟੇਜ ਦਾ ਸੰਚਾਲਨ ਜ਼ਿਲ੍ਹਾ ਸਕੱਤਰ ਰਮੇਸ਼ ਕੁਮਾਰ ਸੈਣੀ ਨੇ ਕੀਤਾ। ਸਰਵ ਕਰਮਚਾਰੀ ਸੰਘ ਹਰਿਆਣਾ ਦੇ ਸੂਬਾ ਪ੍ਰਧਾਨ ਧਰਮਵੀਰ ਫੋਗਟ ਨੇ ਦੱਸਿਆ ਕਿ 1 ਜੁਲਾਈ ਤੋਂ 15 ਅਗਸਤ ਤੱਕ ਸਮੂਹ ਵਿਧਾਇਕਾਂ, ਜ਼ਿਲ੍ਹਾ ਪ੍ਰੀਸ਼ਦ, ਨਗਰ ਨਿਗਮ ਅਤੇ ਨਗਰ ਪਾਲਿਕਾ ਦੇ ਚੁਣੇ ਹੋਏ ਆਗੂਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮੰਗ ਪੱਤਰ ਵਿਚ ਕੱਚੇ ਕਾਮੇ ਪੱਕੇ ਕਰਨਾਂ, ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ, ਖਾਲੀ ਅਸਾਮੀਆਂ 'ਤੇ ਪੱਕੀ ਭਰਤੀ, ਆਮ ਆਦਮੀ ਨੂੰ ਚੰਗੀਆਂ ਸਿਹਤ ਸੇਵਾਵਾਂ, ਰੋਡਵੇਜ਼ ਫਲੀਟ ਵਿੱਚ 10000 ਨਵੀਆਂ ਬੱਸਾਂ ਸ਼ਾਮਲ ਕਰਨਾ ਸਮੇਤ ਦੇਸ਼ ਵਿਚਲੀ ਏਕਤਾ ਅਖੰਡਤਾ ਨੂੰ ਕਾਇਮ ਰੱਖਣ ਜਹੀਆਂ ਮੁੱਖ ਮੰਗਾਂ ਸ਼ਾਮਲ ਸਨ। ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਸੇਵਾਮੁਕਤ ਮੁਲਾਜ਼ਮ ਆਗੂ ਮਹਿੰਦਰ ਸ਼ਰਮਾ, ਅਸ਼ੋਕ ਪਟਵਾਰੀ, ਕਿਸ਼ੋਰੀ ਲਾਲ ਮਹਿਤਾ, ਪ੍ਰੇਮ ਕੁਮਾਰ ਮਹਿਰਾ, ਐਸ.ਕੇ.ਐਸ ਦੇ ਸੀਨੀਅਰ ਉਪ ਪ੍ਰਧਾਨ ਮਦਨ ਲਾਲ ਖੋਥ, ਸਕੱਤਰ ਓਮ ਪ੍ਰਕਾਸ਼ ਤੇ ਰਮੇਸ਼ ਕੁਮਾਰ, ਕ੍ਰਿਸ਼ਨ ਕੁਮਾਰ ਕਾਯਤ, ਰਾਜਿੰਦਰ ਕੁਮਾਰ ਅਤੇ ਰਾਮਨਿਵਾਸ ਸਮੇਤ ਸੇਵਾ ਮੁਕਤ ਹੋਰ ਮੁਲਾਜ਼ਮ ਵੀ ਹਾਜ਼ਰ ਸਨ।

# 10 ਸਾਲਾਂ ਤੋਂ ਭਗੌੜੇ ਨੂੰ ਪੀ ਓ ਸਟਾਫ ਨੇ ਕੀਤਾ ਕਾਬੂ



**ਜਲਾਲਾਬਾਦ (ਜੀਤ ਕੁਮਾਰ)**-ਐਸ ਐਸ ਪੀ ਅਵਨੀਤ ਕੌਰ ਸਿੱਧੂ ਅਤੇ ਐਸ.ਪੀ. (ਡੀ) ਮਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਜਿਲ੍ਹਾ ਫਾਜ਼ਿਲਕਾ ਦੇ ਪੀ.ਓ. ਸਟਾਫ ਦੀ ਪੁਲਸ ਵੱਲੋਂ ਕਰੀਬ 10 ਸਾਲ ਪਹਿਲਾਂ ਘੋਸ਼ਿਤ ਇਕ ਭਗੌੜੇ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪੀ.ਓ.ਸਟਾਫ ਇੰਚਾਰਜ ਇੰਸਪੈਕਟਰ ਹਰਬੰਸ ਲਾਲ ਨੇ ਦੱਸਿਆ ਕਿ ਥਾਣਾ ਸਿਟੀ-2 ਅਬੋਹਰ ਵਿਖੇ ਮੁਕੱਦਮਾ ਨੰਬਰ 44 ਮਿਤੀ 22-05-2010 ਨੂੰ ਧਾਰਾ 18-61-85 ਐਨ.ਡੀ.ਪੀ.ਐਸ. ਐਕਟ ਤਹਿਤ ਕੁਲਵਿੰਦਰ ਸਿੰਘ ਉਰਫ ਗੋਰਾ ਪੁੱਤਰ ਚੇਤ ਸਿੰਘ ਵਾਸੀ ਪਿੰਡ ਜਟਾਣਾ ਟਿੱਬੀ ਥਾਣਾ ਝਨੀਰ ਜ਼ਿਲ੍ਹਾ ਮਾਨਸਾ ਹਾਲ ਅਬਾਦ ਪਿੰਡ ਕੋਟਲੀ ਖੁਰਦ ਥਾਣਾ ਮੌੜ ਜ਼ਿਲ੍ਹਾ ਬਠਿੰਡਾ ਦੇ ਖਿਲਾਫ ਦਰਜ ਹੋਇਆ ਸੀ। ਇਸ ਨਾਮਜ਼ਦ ਵਿਅਕਤੀ ਨੂੰ ਮਾਣਯੋਗ ਅਦਾਲਤ ਵੱਲੋਂ ਭਗੌੜਾ ਘੋਸ਼ਿਤ ਕੀਤਾ ਗਿਆ ਸੀ। ਅੱਜ ਪੀ.ਓ. ਸਟਾਫ ਦੀ ਪੁਲਸ ਵੱਲੋਂ ਇਸ ਭਗੌੜੇ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ ਅਤੇ ਅਗਲੀ ਕਾਰਵਾਈ ਲਈ ਥਾਣਾ ਸਿਟੀ-2 ਅਬੋਹਰ ਦੀ ਪੁਲਸ ਦੇ ਹਵਾਲੇ ਕੀਤਾ ਗਿਆ। ਇਸ ਮੌਕੇ ਪੀ.ਓ. ਸਟਾਫ ਦੇ ਇੰਚਾਰਜ ਇੰਸਪੈਕਟਰ ਹਰਬੰਸ ਲਾਲ, ਏ.ਐਸ.ਆਈ. ਰਤਨ ਲਾਲ, ਏ.ਐਸ.ਆਈ. ਸਵਾਰ ਸਿੰਘ, ਏ.ਐਸ.ਆਈ. ਰਮੇਸ ਕੁਮਾਰ, ਐਚ.ਸੀ. ਜਸਵਿੰਦਰ ਸਿੰਘ, ਐਚ.ਸੀ. ਜਰਨੈਲ ਸਿੰਘ, ਐਚਸੀ ਪ੍ਰੇਮ ਸਿੰਘ, ਸੁਨੀਤਾ ਰਾਣੀ ਮੌਜੂਦ ਸਨ।

# ਲਾਇਬ੍ਰੇਰੀ ਪ੍ਰਬੰਧਨ ਕਮੇਟੀ ਦੀ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਅੱਜ ਪਬਲਿਕ ਲਾਇਬ੍ਰੇਰੀ ਵਿੱਚ ਲਾਇਬ੍ਰੇਰੀ ਪ੍ਰਬੰਧਨ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸਰਬਸਮਤੀ ਨਾਲ ਯੋਗੇਸ਼ ਸਿੰਗਲਾ ਨੂੰ ਪ੍ਰਧਾਨ ਬਣਾਇਆ ਗਿਆ ਹੈ। ਕੈਲਾਸ਼ ਕੌਸ਼ਿਕ ਨੂੰ ਸੈਕਟਰੀ ਅਤੇ ਮੇਹਰ ਬਹਿਆ ਨੂੰ ਸੈਕਟਰੀ ਫਾਇਨਾਂਸ ਬਣਾਇਆ ਗਿਆ ਹੈ।

ਮੀਟਿੰਗ ਵਿੱਚ ਸ਼ਿਵ ਬਾਂਸਲ ਜੋ ਕਿ ਵੀਹ ਸਾਲਾਂ ਤੋਂ ਲਾਇਬ੍ਰੇਰੀ ਦੇ ਪ੍ਰਧਾਨ ਸਨ, ਨੇ ਆਪਣੀਆਂ ਵਧੀਆ ਸੇਵਾਵਾਂ ਦਿੱਤੀਆ ਸਨ, ਹੁਣ ਆਪਣੀ ਸਿਹਤ ਦਾ ਹਵਾਲਾ ਦਿੰਦੇ ਹੋਏ ਇਹ ਜ਼ਿੰਮੇਵਾਰੀ ਕਿਸੇ ਹੋਰ ਨੂੰ ਦੇਣ ਲਈ ਕਿਹਾ। ਸੋ ਇਹ ਸੇਵਾਵਾ ਹੁਣ ਯੋਗੇਸ਼ ਸਿੰਗਲਾ ਨੂੰ ਪ੍ਰਧਾਨ ਬਣਾ ਕੇ ਉਨ੍ਹਾਂ ਨੂੰ ਦਿੱਤੀਆਂ ਗਈਆਂ ਹਨ। ਇਸ ਮੌਕੇ ਮੀਟਿੰਗ ਵਿੱਚ ਸ਼ਸ਼ੀ ਸਿੰਗਲਾ, ਰਾਕੇਸ਼ ਸਹਾਰਾ, ਕੇ.ਐਮ. ਸਿੰਗਲ, ਦੀਪਕ ਸਰਾਫ, ਐਡਵੋਕੇਟ ਰਿਤੇਸ਼ ਸਿੰਗਲਾ, ਸੁਨੀਲ ਬਾਂਸਲ, ਭੂਸ਼ਨ ਜੱਗੂ ਚਾਨਣ, ਦੀਪਕ ਗੋਇਲ, ਹੈਪੀ ਬਾਂਸਲ ਅਤੇ ਹੋਰ ਵੀ ਸਾਥੀ ਮੌਜੂਦ ਸਨ। ਇਹ ਜਾਣਕਾਰੀ ਪੀ.ਆਰ. ਓ ਕੋਮਲ ਸਿੰਗਲ ਨੇ ਪ੍ਰੈਸ ਨਾਲ ਸਾਂਝੀ ਕੀਤੀ।



# ਸੂਬਾ ਸਰਕਾਰ ਵੱਲੋਂ ਸਿਹਤ ਦੇ ਖੇਤਰ 'ਚ ਵੱਡੀਆਂ ਪੁਲਾਘਾਂ : ਡਾ. ਬਲਬੀਰ ਸਿੰਘ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੀਆਂ ਤੇ ਕ੍ਰਾਂਤੀਕਾਰੀ ਪੁਲਾਂਘਾਂ ਪੁੱਟੀਆਂ ਜਾ ਰਹੀਆਂ ਹਨ ਤਾਂ ਜੋ ਸਿੱਖਿਆ ਤੇ ਸਿਹਤ ਸੇਵਾਵਾਂ ਵਿੱਚ ਹੋਰ ਵਧੇਰੇ ਸੁਧਾਰ ਲਿਆਂਦਾ ਜਾ ਸਕੇ। ਇਨ੍ਹਾਂ ਗੱਲ੍ਹਾਂ ਦਾ ਪ੍ਰਗਟਾਵਾ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਥਾਨਕ ਸਿਵਲ ਹਸਪਤਾਲ ਵਿਖੇ ਦੌਰੇ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਐਮ ਡੀ ਪਰਦੀਪ ਅਗਰਵਾਲ, ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਸੀਨੀਅਰ ਪੁਲਸ ਕਪਤਾਨ ਗੁਲਨੀਤ ਸਿੰਘ ਖੁਰਾਣਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜਿਹੜਾ ਵੀ ਮਰੀਜ਼ ਸਿਵਲ ਹਸਪਤਾਲ ਵਿੱਚ ਆਪਣਾ ਇਲਾਜ ਕਰਵਾਉਣ ਲਈ ਆਵੇਗਾ ਚਾਹੇ ਉਹ ਐਮਰਜੈਂਸੀ ਜਾਂ ਕਿਸੇ ਵੀ ਹੋਰ ਵਾਰਡ ਵਿੱਚ ਆਵੇ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡਾਕਟਰੀ ਸਟਾਫ਼ ਵੱਲੋਂ ਮਰੀਜ਼ਾਂ ਨੂੰ ਪੂਰੀ ਤਰ੍ਹਾਂ ਗਾਈਡ ਕਰਨ ਉਪਰੰਤ ਉਸ ਦੀ ਪਰਚੀ ਬਣਵਾ ਕੇ ਸੰਬੰਧਤ ਡਾਕਟਰ ਦੇ ਕਮਰੇ ਤੱਕ ਛੱਡਣ 'ਚ ਪੂਰਨ ਮਦਦ ਕੀਤੀ ਜਾਵੇਗੀ। ਇਸ ਉਪਰੰਤ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਸਮੂਹ ਡਾਕਟਰੀ ਸਟਾਫ਼ ਤੋਂ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸਹੂਲਤਾਂ ਬਾਰੇ ਬਾਰੀਕੀ ਨਾਲ ਜਾਣਿਆ। ਉਨ੍ਹਾਂ ਸਿਵਲ ਹਸਪਤਾਲ ਵਿਖੇ ਬਣੇ ਡਾਇਲਸੈਸ ਸੈਂਟਰ ਦਾ ਵੀ ਦੌਰਾ ਕੀਤਾ ਜਿਸ ਤੇ ਹਸਪਤਾਲ ਵਿਖੇ ਸਾਫ਼-ਸਫ਼ਾਈ ਤੇ ਹੋਰ ਵੱਖ-ਵੱਖ ਤਰ੍ਹਾਂ ਦੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸੇਵਾਵਾਂ ਤੇ ਤਸੱਲੀ ਵੀ ਪ੍ਰਗਟਾਈ। ਇਸ ਮੌਕੇ ਸਿਵਲ ਸਰਜਨ ਡਾ. ਤੇਜਵੰਤ ਸਿੰਘ ਢਿੱਲੋਂ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰਮਨ ਸਿੰਗਲਾ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ, ਐਸ ਐਮ ਓ ਬਠਿੰਡਾ ਡਾ. ਮਨਿੰਦਰਪਾਲ ਤੇ ਡਾ. ਸਤੀਸ਼ ਜਿੰਦਲ, ਐਸ ਐਮ ਓ ਗੋਨਿਆਣਾ ਡਾ. ਧੀਰਾ ਗੁਪਤਾ, ਡਾ. ਮਿਯੰਕਜੋਤ ਤੋਂ ਇਲਾਵਾ ਆਪ ਦੇ ਜ਼ਿਲ੍ਹਾ ਯੂਥ ਪ੍ਰਧਾਨ ਅਮਰਦੀਪ ਰਾਜਨ, ਐਮ.ਸੀ. ਸੁਖਦੀਪ ਸਿੰਘ ਢਿੱਲੋਂ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਵਿਰੋਧੀਆਂ ਦੇ ਸੁੱਟੇ ਜਾਲ 'ਚ ਕਸੂਤੀ ਫਸੀ ਇਨੈਲੋ ?

**ਸਿਰਸਾ (ਸੁਰਿੰਦਰ ਪਾਲ ਸਿੰਘ)**-ਅਜ਼ਾਦੀ ਤੋਂ ਲੈ ਕੇ ਹੁਣ ਤੱਕ ਭਾਰਤੀ ਰਾਜਨੀਤੀ ਵਿਚ ਜਿਸ ਵੀ ਰਾਜਨੀਤੀਵਾਨ ਦੇ ਪੈਰ ਲੱਗੇ, ਉਸ ਨੇ ਆਪਣੇ ਸਰਮਾਏ ਦੇ ਜਾਲ ਨੂੰ ਦੇਸ਼ ਵਿਚ ਫੈਲਾਉਣ ਦੇ ਨਾਲ ਨਾਲ ਵਿਦੇਸ਼ਾਂ ਵਿਚ ਫੈਲਾ ਕੇ ਆਪਣੀ ਰਾਜਸੀ ਤਾਕਤ ਨੂੰ ਹੋਰ ਮਜ਼ਬੂਤ ਕੀਤਾ। ਭਾਰਤੀ ਰਾਜਨੀਤੀਵਾਨਾਂ ਦੇ ਵਿਦੇਸ਼ੀ ਸਰਮਾਏ ਅਤੇ ਵਿਦੇਸ਼ਾਂ ਵਿਚ ਚਲਦੇ ਚੱਲ ਅਚੱਲ ਕਾਰੋਬਾਰ ਦੇ ਚਲਦੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੋਟਾਲਾਂ ਦੀ ਪਾਰਟੀ (ਇੰਡੀਅਨ ਨੈਸ਼ਨਲ ਲੋਕ ਦਲ) ਵੱਲੋਂ ਅਮਰੀਕਾ ਭੇਜੇ ਗਏ ਦਸਤਾਵੇਜ਼ਾਂ (ਚਿੱਠੀਆਂ) ਦੇ ਅਸਲੀ ਨਕਲੀ ਹੋਣ ਨੇ ਸਿਆਸੀ ਵਿਰੋਧੀਆਂ ਲਈ ਇਨੈਲੋ ਨੂੰ ਬਦਨਾਮ ਕਰਨ ਦਾ ਨਵਾਂ ਮੁੱਦਾ ਉਭਾਰ ਦਿੱਤਾ ਹੈ। ਜਿਸ ਅਨੁਸਾਰ ਹਰਿਆਣਾ ਦੇ ਕੁਝ ਲੋਕ ਅਮਰੀਕਾ ਵਿਚ ਸ਼ਰਨ ਲੈਣ ਲਈ ਇਨੈਲੋ ਦੇ ਦਸਤਾਵੇਜ਼ਾਂ( ਪੱਤਰਾਂ) ਦੀ ਵਰਤੋਂ ਕਰਕੇ ਅਮਰੀਕਾਂ ਵਿਚ ਸਥਾਪਤ ਹੋ ਗਏ ਹਨ। ਹੁਣ ਜਦੋਂ ਇਹ ਮਾਮਲਾ ਵਿਰੋਧੀਆਂ ਵੱਲੋਂ ਲੀਕ ਹੋਇਆ ਤਾਂ ਇਨੈਲੋ ਆਗੂਆਂ ਵਿੱਚ ਖਲਬਲੀ ਮੱਚ ਗਈ। ਉਨ੍ਹਾਂ ਪਾਰਟੀ ਵੱਲੋਂ ਅਮਰੀਕਾ ਦੇ ਨਿਆਂ ਵਿਭਾਗ ਅਤੇ ਭਾਰਤ ਵਿੱਚ ਅਮਰੀਕੀ ਦੂਤਾਵਾਸ ਨੂੰ ਲਿਖੇ ਗਏ ਇਨ੍ਹਾਂ ਪੱਤਰਾਂ ਵਿਚ ਲਿਖਿਆ ਗਿਆ ਕਿ ਅਮਰੀਕਾ ਵਿਚ ਕੁਝ ਲੋਕ ਪਾਰਟੀ ਦਾ ਨਾਂਅ ਵਰਤ ਕੇ ਭਾਵ ਇਨੈਲੋ ਪਾਰਟੀ ਦੇ ਵਰਕਰ ਦਰਸਾ ਕੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਇਨ੍ਹਾਂ ਨਕਲੀ ਪੱਤਰਾਂ ਵਿਚ ਦਰਸਾਇਆ ਗਿਆ ਹੈ ਕਿ ਭਾਰਤ ਵਿਚ ਉਨ੍ਹਾਂ 'ਤੇ ਜ਼ੁਲਮ ਹੋ ਰਹੇ ਹਨ, ਇਸ ਲਈ ਉਨ੍ਹਾਂ ਨੂੰ ਅਮਰੀਕਾ ਵਿਚ ਸ਼ਰਨ ਦਿੱਤੀ ਜਾਵੇ।ਹੁਣ ਪੇਚ ਇਥੇ ਫਸਦਾ ਹੈ ਕਿ ਇਨ੍ਹਾਂ ਚਿੱਠੀਆਂ ਨੂੰ ਲਿਖਣ ਅਤੇ ਭੇਜਣ ਵਿੱਚ ਕਿਸਦੀ ਭੂਮਿਕਾ ਹੈ। ਦੂਜੇ ਪਾਸੇ ਇਨੈਲੋ ਦੇ ਦਫ਼ਤਰ ਸਕੱਤਰ ਨਛੱਤਰ ਸਿੰਘ ਮਲ੍ਹਾਣ ਦਾ ਕਹਿਣਾ ਹੈ ਕਿ ਹੁਣ ਤੱਕ ਉਨ੍ਹਾਂ ਦੀ ਪਾਰਟੀ ਵੱਲੋਂ ਇਨੈਲੋ ਦੇ ਲੈਟਰ ਹੈੱਡ 'ਤੇ ਅਧਿਕਾਰਤ ਤੌਰ 'ਤੇ ਸਿਰਫ਼ 2 ਪੱਤਰ ਹੀ ਲਿਖੇ ਗਏ ਹਨ। ਨਛੱਤਰ ਸਿੰਘ ਮਲ੍ਹਾਣ ਦਾ ਕਹਿਣਾ ਹੈ ਕਿ ਇਨੈਲੋ ਦੇ ਲੈਟਰ ਹੈੱਡ ਅਧੀਨ ਬਾਕੀ ਸਾਰੇ ਪੱਤਰ ਜਾਅਲੀ ਹੋ ਸਕਦੇ ਹਨ। ਨਛੱਤਰ ਸਿੰਘ ਮਲ੍ਹਾਣ ਜਿਨ੍ਹਾਂ ਨੂੰ ਆਮ ਤੌਰ 'ਤੇ ਚਾਚਾ ਮਲ੍ਹਾਣ ਕਹਿ ਕੇ ਵੀ ਬੁਲਾਇਆ ਜਾਂਦਾ ਹੈ ਨੇ ਕਿਹਾ ਕਿ ਪਾਰਟੀ ਦੇ ਕਿਸੇ ਵੀ ਅਧਿਕਾਰਤ ਵਿਅਕਤੀ ਨੇ ਇਹ ਪੱਤਰ ਜਾਰੀ ਨਹੀਂ ਕੀਤੇ। ਵਿਰੋਧੀਆਂ ਵੱਲੋਂ ਜਾਅਲੀ ਪੱਤਰਾਂ ਦੀ ਭਾਸ਼ਾ ਸੰਬੰਧੀ ਪੁੱਛੇ ਸਵਾਲ 'ਤੇ ਮਲ੍ਹਾਣ ਨੇ ਕਿਹਾ ਕਿ ਇਨ੍ਹਾਂ ਪੱਤਰਾਂ ਵਿਚ ਕੋਰਾ ਝੂਠ ਲਿਖਿਆ ਹੈ ਕਿ ਸੰਬੰਧਤ ਵਿਅਕਤੀ ਫਲਾਣੇ ਪਿੰਡ ਸ਼ਹਿਰ ਦਾ ਵਸਨੀਕ ਹੈ ਤੇ ਇਨੈਲੋ ਪਾਰਟੀ ਦਾ ਵਰਕਰ ਹੈ ਜਿਸ ਨੂੰ ਆਪਣੇ ਦੇਸ਼, ਸੂਬੇ ਜਾਂ ਜ਼ਿਲ੍ਹੇ ਵਿੱਚ ਆਪਣੀ ਜਾਨ ਨੂੰ ਖ਼ਤਰਾ ਹੈ।

ਹੁਣ ਤੁਸੀਂ ਅਮਰੀਕਾ ਵਿੱਚ ਉਸ ਨੂੰ ਪਨਾਹ ਦੇ ਦਿਓ।ਇਨੈਲੋ ਦੇ ਲੈਟਰ ਹੈੱਡ ਤੇ ਜਾਰੀ ਪੱਤਰਾਂ ਦੀ ਭਰੋਸੇਯੋਗਤਾ ਸੰਬੰਧੀ ਪੁੱਛੇ ਸਵਾਲ 'ਤੇ ਇਨੈਲੋ ਦੇ ਦਫ਼ਤਰ ਸਕੱਤਰ ਨਛੱਤਰ ਸਿੰਘ ਮਲਾਣ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਸਾਡੀ ਪਾਰਟੀ ਦੀ ਸ਼ਾਖਾ ਭਾਵ ਵਿੰਗ ਜ਼ਰੂਰ ਹੈ,ਪਰ ਅਸੀਂ ਖੁਦ ਨਹੀਂ ਜਾਣਦੇ ਕਿ ਅਜਿਹਾ ਕਦੋਂ ਤੋਂ ਤੇ ਕਿਵੇਂ ਹੈ ? ਨਛੱਤਰ ਸਿੰਘ ਮਲਾਣ ਅਨੁਸਾਰ ਅਸੀਂ ਆਪਣੀ ਪਾਰਟੀ ਅੰਦਰ ਇਸ ਗੱਲ ਦੀ ਜਾਂਚ ਕਰਵਾ ਰਹੇ ਹਾਂ ਕਿ ਸਾਡੀ ਪਾਰਟੀ ਦੇ ਫਰਜ਼ੀ ਵਰਕਰਾਂ ਜਾਂ ਲੀਡਰਾਂ ਵੱਲੋਂ ਤਾਂ ਕਿਤੇ ਅਜਿਹੇ ਫਰਜ਼ੀ ਪੱਤਰ ਤਾਂ ਜਾਰੀ ਨਹੀਂ ਕੀਤੇ ਗਏ ?

# ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਸ੍ਰੀ ਮੁਕਤਸਰ ਸਾਹਿਬ ਵਿਖੇ ਦਫਤਰ ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਤੇ ਪੰਜਾਬ ਪੁਲਿਸ ਅਤੇ ਮੁਕਤੀਸਰ ਵੈਲਫੇਅਰ ਕਲੱਬ (ਰਜਿ.) ਸੰਸਥਾ ਦੀ ਸਹਾਇਤਾ ਨਾਲ 30 ਫੁੱਟੀ ਰੋਡ 'ਤੇ ਸਥਿਤ ਗ੍ਰੈ. ਜੇ ਇੰਸਟੀਟਿਊਟ ਵਿਖੇ ਬੀਤੇ ਦਿਨੀ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਨਵੀਨ ਗੜਵਾਲ ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ, ਐਸ.ਐਚ.ਓ ਵਰੁਣ ਮੱਟੂ, ਬੱਸ ਅੱਡਾ ਚੌਕੀ ਇੰਚਾਰਜ ਹਰਜੀਤ ਸਿੰਘ, ਮੁਕਤੀਸਰ ਵੈਲਫੇਅਰ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ, ਨਸ਼ਾ ਛਡਾਓ ਅਵੇਅਰਨੈਸ ਟੀਮ ਦੇ ਮੁਖੀ ਗੁਰਜੰਟ ਸਿੰਘ ਜਟਾਣਾ ਅਤੇ ਹਰਿਮੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇੰਸਿਟੀਟਿਊਟ ਦੇ ਮੁਖੀ ਪਰਾਗ ਗਰਗ ਅਤੇ ਮੋਹਿਤ ਕੁਮਾਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ । ਇਸ ਦੌਰਾਨ ਗੜਵਾਲ ਨੇ ਬੱਚਿਆਂ ਨੂੰ ਸੰਬੋਧਿਤ ਕਰਦੇ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨ ਤੋਂ ਖੁਦ ਵੀ ਬਚਣਾ ਚਾਹੀਦਾ ਹੈ ਅਤੇ ਆਪਣੇ ਮਿੱਤਰ, ਪਰਿਵਾਰਕ ਮੈਂਬਰਾਂ ਨੂੰ ਵੀ ਇਸ ਤੋ ਬਚਾਉਣਾ ਚਾਹੀਦਾ ਹੈ। ਐਸ ਐੱਚ ਓ ਵਰਮਾ ਨੇ ਦੱਸਿਆ ਕਿ ਪੰਜਾਬ ਪੁਲਸ ਦਿਨ-ਰਾਤ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਉਨ੍ਹਾਂ 'ਤੇ ਵੱਡੇ ਪੱਧਰ 'ਤੇ ਕਾਰਵਾਈ ਕਰ ਰਹੀ ਹੈ। ਗੁਰਜੰਟ ਸਿੰਘ ਜਟਾਣਾ ਏ.ਐੱਸ.ਆਈ. ਨੇ ਸੰਬੋਧਨ ਕਰਦਿਆਂ ਬੱਚਿਆਂ ਨੂੰ ਦੱਸਿਆ ਕਿ ਜੇਕਰ ਨਸ਼ੇ ਦੇ ਸੰਬੰਧ ਵਿੱਚ ਕੋਈ ਵੀ ਸ਼ਿਕਾਇਤ ਹੈ ਤਾਂ ਉਹ ਨੇੜੇ ਦੇ ਕਿਸੇ ਵੀ ਥਾਣੇ ਜਾਂ ਚੌਕੀ ਵਿੱਚ ਜਾ ਕੇ ਇਤਲਾਹ ਕਰ ਸਕਦੇ ਹਨ ਜਾਂ ਹੈਲਪਲਾਈਨ ਨੰਬਰ 181,112 'ਤੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਵੱਲੋਂ ਬੱਚਿਆਂ ਤੋਂ ਆਪਣੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਆਪਣੀ ਯੋਗਤਾ ਅਨੁਸਾਰ ਹਰ ਸੰਭਵ ਯਤਨ ਕਰਨ ਦੀ ਸਹੁੰ ਚੁਕਵਾਈ ਗਈ।


## QUOTATIONS

**Sealed Quotations Are Invited From The Reputed Firms For Purchase Of Kits, Material Consumables, Medicine, Surgical Goods Other Items For Lab, Blood Bank, Dialysis Unit And Under Jssk, Emergency 24x7, Sncu And Ab-mmss-by Scheme, Ortho Implant, Furniture And General Purchase. In Case These Items Are Not Available At Drug Ware House/Jan Ausdhi Store. Terms And Conditions Can Be Obtained From Office Of Under Signed. Quotations Must Reach In This Office By 14/07/2023 Upto 5pm. Under Signed Reserve The Right To Accept Or Reject Any Quotations Without Assigning Any Reason.**


# ਅਵਾਜ਼ ਪ੍ਰਦੂਸ਼ਣ ਨੂੰ ਰੋਕਣ ਲਈ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹੁਕਮ ਜਾਰੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਰੂਹੀ ਦੁੱਗ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਅੰਦਰ ਸ਼ੋਰ ਪ੍ਰਦੂਸਣ ਨੂੰ ਸਖਤੀ ਨਾਲ ਰੋਕਣ ਲਈ ਟਰੈਕਟਰਾਂ ਉਪਰ ਲੱਗੇ ਡੀ.ਜੀ. ਅਤੇ ਡੈਕ ਚਲਾਉਣ ਤੇ ਸਖਤ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮ ਅਨੁਸਾਰ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸ਼ੋਰ ਪ੍ਰਦੂਸ਼ਣ ਭਾਵ ਅਵਾਜ਼ ਪ੍ਰਦੂਸ਼ਣ ਨੂੰ ਰੋਕਣ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਦੇ ਇਸ ਹੁਕਮ ਅਨੁਸਾਰ ਜੇਕਰ ਕੋਈ ਵਿਅਕਤੀ ਆਪਣੇ ਟਰੈਕਟਰਾਂ ਜਾਂ ਵਹੀਕਲਾਂ ਉਪਰ ਡੀ.ਜੇ. ਜਾਂ ਡੈਕ ਚਲਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਦੇ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ ਤੁਰੰਤ ਲਾਗੂ ਹੋ ਗਏ ਹਨ ਅਤੇ 25 ਅਗਸਤ 2023 ਤੱਕ ਲਾਗੂ ਰਹਿਣਗੇ

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸਰਗਰਮੀਆਂ ਹੋਰ ਤੇਜ਼ ਕਰਨ ਦਾ ਫੈਸਲਾ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**
ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਭਰਵੀਂ ਮੀਟਿੰਗ ਸਥਾਨਕ ਮਾਤਾ ਭਾਗ ਕੌਰ ਹੈਰੀਟੇਜ ਕੰਪਲੈਕਸ ਵਿਖੇ ਮਿਸ਼ਨ ਪ੍ਰਧਾਨ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸੰਸਥਾ ਦੇ ਚੀਫ਼ ਪੈਟਰਨ ਇੰਸਪੈਕਟਰ ਜਗਸੀਰ ਸਿੰਘ ਅਤੇ ਚੇਅਰਮੈਨ ਅਸ਼ੋਕ ਕੁਮਾਰ ਭਾਰਤੀ ਸਮੇਤ ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ ਅਤੇ ਕੈਸ਼ੀਅਰ ਡਾ. ਸੰਜੀਵ ਮਿੱਡਾ ਸਮੇਤ ਵਿਜੇ ਸਿਡਾਨਾ, ਗੁਰਪਾਲ ਪਾਲੀ, ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਸਾਹਿਲ ਕੁਮਾਰ ਹੈਪੀ, ਰਾਜੀਵ ਕਟਾਰੀਆ, ਓ.ਪੀ. ਖਿੱਚੀ, ਚੌ. ਬਲਬੀਰ ਸਿੰਘ, ਰਜਤ ਰਾਣਾ, ਬਰਨੇਕ ਸਿੰਘ ਦਿਓਲ, ਮਨੋਹਰ ਲਾਲ ਸਿਡਾਨਾ, ਮਿਸ਼ਨ ਸੇਵਕ ਰਾਜਿੰਦਰ ਖੁਰਾਣਾ, ਜਗਦੀਸ਼ ਚੰਦਰ ਧਵਾਲ, ਰਾਜੇਸ਼ ਗਿਰਧਰ, ਸੰਜੀਵ ਜਿੰਦਲ, ਅਰਸ਼ ਬੱਤਰਾ, ਲਵਪ੍ਰੀਤ ਸੇਠੀ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਮੀਟਿੰਗ ਦੌਰਾਨ ਸ਼ਹਿਰ ਦੀਆਂ ਵਾਟਰ ਸਪਲਾਈ, ਸੀਵਰੇਜ, ਨਜਾਇਜ਼ ਕਬਜ਼ੇ, ਟ੍ਰੈਫਿਕ, ਮਿਲਾਵਟਖੋਰੀ, ਸਕੂਲਾਂ ਵੱਲੋਂ ਸਿੱਖਿਆ ਦੇ ਅਧਿਕਾਰ ਐਕਟ ਦੀਆਂ ਸ਼ਰਤਾਂ ਨਾ ਪੂਰੀਆਂ ਕਰਨ, ਨਗਰ ਕੌਂਸਲ ਕਰਮਚਾਰੀਆਂ ਵੱਲੋਂ ਕੂੜੇ ਦੇ ਢੇਰਾਂ ਨੂੰ ਅੱਗ ਲਗਾਉਣ ਆਦਿ ਸਮੇਤ ਕਈ ਹੋਰ ਸ਼ਹਿਰੀ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਪ੍ਰਧਾਨ ਢੋਸੀਵਾਲ ਨੇ ਆਪਣੇ ਸਮੇਤ, ਇੰਸਪੈਕਟਰ ਜਗਸੀਰ ਸਿੰਘ, ਅਸ਼ੋਕ ਕੁਮਾਰ ਭਾਰਤੀ, ਨਿਰੰਜਣ ਸਿੰਘ ਰੱਖਰਾ, ਡਾ. ਸੁਰਿੰਦਰ ਗਿਰਧਰ, ਡਾ. ਸੰਜੀਵ ਮਿੱਡਾ ਅਤੇ ਪ੍ਰਦੀਪ ਧੂੜੀਆ 'ਤੇ ਅਧਾਰਤ ਸੱਤ ਮੈਂਬਰੀ ਤਾਲਮੇਲ ਕਮੇਟੀ ਦੀ ਸਥਾਪਨਾ ਕੀਤੀ ਗਈ। ਇਹ ਤਾਲਮੇਲ ਕਮੇਟੀ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਸ ਮੁਖੀ ਸਮੇਤ ਜ਼ਿਲ੍ਹਾ ਪੱਧਰ ਦੇ ਹੋਰਨਾਂ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਸ਼ਹਿਰੀ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਕਾਰਜ ਕਰੇਗੀ। ਮੀਟਿੰਗ ਦੌਰਾਨ ਆਪਣੇ ਸੰਬੋਧਨ ਵਿਚ ਚੀਫ਼ ਪੈਟਰਨ ਇੰਸਪੈਕਟਰ ਜਗਸੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਦਾ ਕੋਈ ਰਾਜਨੀਤਕ ਏਜੰਡਾ ਜਾਂ ਮਨੋਰਥ ਨਹੀਂ ਹੈ। ਸੰਸਥਾ ਕਿਸੇ ਖਾਸ ਪਾਰਟੀ ਦਾ ਸਮਰਥਨ ਜਾਂ ਵਿਰੋਧ ਨਹੀਂ ਕਰੇਗੀ। ਸਿਰਫ਼ ਸਮਾਜ ਸੇਵਾ ਦੇ ਕਾਰਜ ਹੀ ਕੀਤੇ ਜਾਣਗੇ।

ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਮੁਕਤਸਰ ਵਿਕਾਸ ਮਿਸ਼ਨ ਪਿਛਲੇ ਕਰੀਬ ਇਕ ਦਹਾਕੇ ਤੋਂ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਹੈ ਅਤੇ ਸਮਾਜ ਸੇਵਾ ਦੇ ਕਾਰਜ ਕਰਦੀ ਆ ਰਹੀ ਹੈ। ਹੁਣ ਸਮਾਜ ਸੇਵਾ ਦੇ ਕਾਰਜਾਂ ਸੰਬੰਧੀ ਸਰਗਰਮੀਆਂ ਵਿੱਚ ਹੋਰ ਵੀ ਤੇਜ਼ੀ ਲਿਆਂਦੀ ਜਾਵੇਗੀ। ਢੋਸੀਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਮਿਸ਼ਨ ਦੀ ਜਨਰਲ ਬਾਡੀ ਦੀ ਮੀਟਿੰਗ ਹਰ ਪੰਦਰਾਂ ਦਿਨ ਬਾਅਦ ਹੋਵੇਗੀ।

# ਸਾਰੇ ਹੈੱਡ ਟੀਚਰਾਂ ਨੂੰ ਬਦਲੀ ਦਾ ਇੱਕ ਮੌਕਾ ਹੋਰ ਦਿੱਤਾ ਜਾਵੇ : ਡੀ ਟੀ ਐੱਫ



**ਤਲਵੰਡੀ ਸਾਬੋ (ਜਗਦੀਪ ਗਿੱਲ)**
ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਖੇਮੂਆਣਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵਿੰਦਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਬਦਲੀਆਂ ਦੇ ਸਪੈਸ਼ਲ ਦੂਸਰੇ ਗੇੜ ਵਿੱਚ ਹੈੱਡ ਟੀਚਰਾਂ ਨੂੰ ਉਨ੍ਹਾਂ ਦੀ ਪਰਸਨਲ ਆਈ. ਡੀ. ਤੇ ਸਟੇਸ਼ਨ ਚੁਆਇਸ ਨਾ ਮਿਲਣ ਕਰਕੇ ਉਨ੍ਹਾਂ ਦਾ ਬਦਲੀ ਕਰਵਾਉਣ ਦਾ ਹੱਕ ਮਾਰਿਆ ਗਿਆ ਜਿਸ ਕਰਕੇ ਸਾਰੇ ਹੈੱਡ ਟੀਚਰਾਂ ਨੂੰ ਬਦਲੀ ਦਾ ਇੱਕ ਮੌਕਾ ਹੋਰ ਦਿੱਤਾ ਜਾਵੇ। ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਅੰਤਰ ਜ਼ਿਲ੍ਹਾ ਬਦਲੀਆਂ ਤੇ ਜ਼ਿਲ੍ਹੇ ਅੰਦਰ ਬਦਲੀਆਂ ਦੂਸਰਾ ਗੇੜ ਚਲਾਇਆ ਗਿਆ ਸੀ ਉਸ ਵਿੱਚ ਸਾਰੀਆਂ ਕੈਟੇਗਰੀਆਂ ਦੇ ਅਧਿਆਪਕਾਂ ਨੂੰ ਮੌਕਾ ਦਿੱਤਾ ਗਿਆ ਸੀ। ਉਸ ਵਿੱਚ ਹੈੱਡ ਟੀਚਰਾਂ ਨੂੰ ਉਨ੍ਹਾਂ ਦੀ ਆਈ. ਡੀ. ਤੇ ਸਟੇਸ਼ਨ ਸ਼ੋਅ ਨਹੀਂ ਹੋਏ, ਜਿਸ ਕਾਰਨ ਉਹ ਬਦਲੀ ਕਰਵਾਉਣੋਂ ਰਹਿ ਗਏ। ਜ਼ਿਲ੍ਹਾ ਪ੍ਰਧਾਨ ਵੱਲੋਂ ਹੈੱਡ ਟੀਚਰਾਂ ਨੂੰ ਆ ਰਹੀ ਸਮੱਸਿਆ ਬਾਰੇ ਡੀਈਓ ਦਫਤਰ, ਬਠਿੰਡਾ ਦੇ ਧਿਆਨ ਵਿੱਚ ਲਿਆਂਦਾ ਗਿਆ ਤੇ ਦਫਤਰ ਵੱਲੋਂ ਉਨ੍ਹਾਂ ਨੂੰ ਉਡੀਕ ਕਰਨ ਲਈ ਕਿਹਾ ਗਿਆ! ਉਡੀਕ ਕਰਨ ਤੋਂ ਬਾਅਦ ਜਦੋਂ ਸਟੇਸ਼ਨ ਚੁਆਇਸ ਕਰਨ ਦਾ ਸਮਾਂ ਲੰਘ ਗਿਆ ਤਾਂ ਹੈੱਡ ਟੀਚਰਾਂ ਦੀ ਪਰਸਨਲ ਆਈ. ਡੀ. ਤੇ ਨਾਟ ਅਲਿਜੀਬਲ ਦੀ ਆਪਸ਼ਨ ਸ਼ੋਅ ਹੋਣ ਲੱਗ ਪਈ, ਜਿਸ ਕਾਰਨ ਉਨ੍ਹਾਂ ਵੱਲੋਂ ਸਟੇਸ਼ਨ ਚੁਆਇਸ ਨਾ ਦੇਣ ਕਰਕੇ, ਉਨ੍ਹਾਂ ਦਾ ਬਦਲੀ ਕਰਵਾਉਣ ਦਾ ਮੌਕਾ ਖੁੰਝ ਗਿਆ। ਅਧਿਆਪਕ ਆਗੂਆਂ ਨੇ ਦਲੀਲ ਦਿੰਦਿਆਂ ਕਿਹਾ ਕਿ ਜਿਹੜੇ ਅਧਿਆਪਕ ਦੂਰ-ਦੁਰਾਡੇ ਬੈਠੇ ਹਨ, ਪੰਜਾਬ ਸਰਕਾਰ ਉਨ੍ਹਾਂ ਨੂੰ ਬਦਲੀ ਕਰਵਾਉਣ ਦਾ ਮੌਕਾ ਦੇਵੇ ਤਾਂ ਜੋ ਪਿੰਡਾਂ ਦੇ ਸਕੂਲਾਂ ਦੀਆਂ ਪੋਸਟਾਂ ਭਰ ਸਕਣ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਾਜ਼ਮਾਂ ਦੇ ਕੱਟੇ ਭੱਤੇ ਬਹਾਲ ਕਰੇ। ਪੇਂਡੂ ਭੱਤਾ ਕੱਟਣ ਕਾਰਨ ਪਿੰਡਾਂ ਵਿੱਚੋਂ ਅਧਿਆਪਕ ਵੱਡੀ ਪੱਧਰ 'ਤੇ ਬਦਲੀਆਂ ਕਰਵਾ ਰਹੇ ਹਨ, ਜਿਸ ਕਾਰਨ ਪਿੰਡਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਨੁਕਸਾਨ ਹੋ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਪੇਂਡੂ ਭੱਤਾ ਬਹਾਲ ਕਰੇ ਤਾਂ ਜੋ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਆ ਲੈਣ ਵਾਸਤੇ ਅਧਿਆਪਕ ਮਿਲ ਸਕਣ। ਅਧਿਆਪਕ ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਬਦਲੀਆਂ ਦੀ ਆੜ ਵਿੱਚ ਰੈਸ਼ਨੇਲਾਈਜੇਸ਼ਨ ਕਰ ਰਹੀ ਹੈ। ਬਹੁਤ ਸਾਰੇ ਸਕੂਲਾਂ ਵਿੱਚੋਂ ਸਰੀਰਿਕ ਸਿੱਖਿਆ ਅਧਿਆਪਕਾਂ ਤੇ ਪ੍ਰਾਇਮਰੀ ਅਧਿਆਪਕਾਂ ਦੀਆਂ ਪੋਸਟਾਂ ਖਤਮ ਕਰ ਦਿੱਤੀਆਂ ਹਨ, ਜਿਸ ਕਾਰਣ ਆਉਣ ਵਾਲੇ ਸਮੇਂ ਵਿੱਚ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਣ ਦੇ ਮੌਕੇ ਹੋਰ ਘਟਣਗੇ। ਸਰਕਾਰ ਰੈਸ਼ਨੇਲਾਈਜੇਸ਼ਨ ਕਰਨ ਤੋਂ ਗੁਰੇਜ਼ ਕਰੇ ਅਤੇ ਸਕੂਲਾਂ ਵਿੱਚ ਪੋਸਟਾਂ ਵਾਪਿਸ ਭੇਜੇ। ਪ੍ਰੈੱਸ ਸਕੱਤਰ ਗੁਰਪ੍ਰੀਤ ਖੇਮੂਆਣਾ, ਵਿੱਤ ਸਕੱਤਰ ਅਨਿਲ ਭੱਟ ਅਤੇ ਜਥੇਬੰਦਕ ਸਕੱਤਰ ਕੁਲਵਿੰਦਰ ਵਿਰਕ ਨੇ ਕਿਹਾ ਕਿ ਸਰਕਾਰ ਨੂੰ ਕੈਟੇਗਰੀਆਂ ਦੀ ਸ਼ਰਤ ਖਤਮ ਕਰਨੀ ਚਾਹੀਦੀ ਹੈ ਕਿ ਜ਼ਿਲ੍ਹੇ ਤੋਂ ਦੂਸਰੇ ਜ਼ਿਲ੍ਹੇ ਵਿਚ ਬਦਲੀ ਕਰਵਾਉਣ ਲਈ ਐੱਸ.ਸੀ. ਦੀ ਪੋਸਟ ਤੇ ਸਿਰਫ ਐੱਸ.ਸੀ. ਅਧਿਆਪਕ ਹੀ ਬਦਲੀ ਕਰਵਾ ਸਕਦਾ ਹੈ ਤੇ ਜਨਰਲ ਅਧਿਆਪਕ ਦੀ ਪੋਸਟ 'ਤੇ ਸਿਰਫ ਜਨਰਲ ਅਧਿਆਪਕ ਹੀ ਬਦਲੀ ਕਰਵਾ ਸਕਦਾ ਹੈ! ਅਧਿਆਪਕ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਜਿਨ੍ਹਾਂ ਅਧਿਆਪਕਾਂ ਦੀ ਬਦਲੀ ਦੀ ਸਟੇਅ ਪੂਰੀ ਹੋਣ ਵਿੱਚ ਮਹੀਨੇ, ਦੋ ਮਹੀਨੇ ਰਹਿੰਦੇ ਹਨ ਜਾਂ ਜਿਨ੍ਹਾਂ ਦੀ ਬਦਲੀ ਅਗਸਤ 2021 ਵਿੱਚ ਹੋਈ ਹੈ। ਉਨ੍ਹਾਂ ਹਰ ਕੈਟੇਗਰੀ ਦੇ ਅਧਿਆਪਕਾਂ ਨੂੰ ਵੀ ਬਦਲੀ ਦਾ ਮੌਕਾ ਦਿੱਤਾ ਜਾਵੇ ਤਾਂ ਜੋ ਦੂਰ-ਦੁਰਾਡੇ ਬੈਠੇ ਅਧਿਆਪਕ ਆਪਣੇ ਘਰਾਂ ਦੇ ਨੇੜੇ ਆ ਸਕਣ, ਭਾਵੇਂ ਇਨ੍ਹਾਂ ਅਧਿਆਪਕਾਂ ਦੀ ਫਾਰਗੀ ਦੋ ਸਾਲ ਦੀ ਸ਼ਰਤ ਪੂਰੀ ਹੋਣ 'ਤੇ ਕਰ ਦਿੱਤੀ ਜਾਵੇ।


## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ | G20

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਮੁੱਖਯਾ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 20.07.2023 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੈਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 26.06.2023 | 06.07.2023 | 20.07.2023/ 15:00 ਵਜੇ |

| ਲੜੀ ਨੰਬਰ | ਟੈਂਡਰ ਨੰਬਰ, ਮਿਤੀ | ਟੈਂਡਰਾ ਦਾ ਵੇਰਵਾ | | | |
|---|---|---|---|---|---|
| 1. | 110-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਅਧੀਨ ਕਾਜੀਗੁੰਡ-ਬਨਿਹਾਲ ਅਤੇ ਬਨਿਹਾਲ-ਬਾਰਾਮੂਲਾ ਖੰਡ ਦੇ ਵਿਚ ਸੁਰੰਗ ਟਨਲ-80 ਵਿਚ ਅਗਨੀ ਪ੍ਰਣਾਲੀ ਉਨਨਯਨ ਦੇ ਸਬੰਧ ਵਿਚ ਜਲ ਆਪੂਰਤੀ ਅਤੇ ਭੰਡਾਰਣ ਵਿਵਸਥਾ ਅਤੇ ਸਬੰਧਤ ਕੰਮਾਂ ਦਾ ਵਿਸਤਾਰ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 5,62,37,856.04/- | 4,31,200/- | 60 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ । | | | |
| 2. | 111-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਅਧੀਨ ਸੁਰੱਖਿਆ ਦੇ ਸਬੰਧ ਵਿਚ ਟਨਲ-80 ਸੁਰੰਗ ਦੇ ਪੋਰਟਲ ਦੇ ਦੋਨੋ ਕਿਨਾਰਿਆਂ ਉਤੇ ਵਾਚ ਟਾਵਰਾਂ ਦਾ ਨਿਰਮਾਣ, ਕੇਂਦਰੀਯ ਰਿਜਰਵ ਪੁਲਿਸ ਬਲ ਕਰਮੀਆਂ ਅਤੇ ਐਸਡੀਆਰਐਫ ਕਰਮੀਆਂ ਦੇ ਲਈ ਆਵਾਸ, ਲਾਈਨਰ ਦੀਵਾਰਾਂ ਦੀ ਪੇਂਟਿੰਗ, ਰਿਫਲੇਕਟਰ ਦੀ ਸਥਾਪਨਾ, ਰੇਲਵੇ ਸੁਰੱਖਿਆ ਬਲ ਅਤੇ ਸਰਕਾਰੀ ਰੇਲਵੇ ਪੁਲਿਸ ਦੇ ਲਈ ਦਫਤਰ ਆਵਾਸ ਸੁਰੰਗ ਗਿਣਤੀ ਦਾ ਆਡਿਟ ਬਨਿਹਾਲ-ਬਾਰਾਮੂਲਾ ਖੰਡ ਵਿਚ ਟਨਲ-80 । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 6,07,22,536.41/- | 4,53,600/- | 90 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ । | | | |
| 3 | 115-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਅਧੀਨ ਬਨਿਹਾਲ-ਬਾਰਾਮੂਲਾ ਖੰਡ ਦੇ ਵਿਚ ਟਨਲ-80 ਸੁਰੰਗ ਨੰਬਰ ਦੇ ਸੁਰੱਖਿਆ ਆਡਿਟ ਦੇ ਸਬੰਧ ਵਿਚ ਹਿਲਰ ਅਤੇ ਬਨਿਹਾਲ ਸਟੇਸ਼ਨ ਉਤੇ ਕੰਕਰੀਟ ਦੀ ਚਾਰਦੀਵਾਰੀ ਦਾ ਨਿਰਮਾਣ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 6,17,41,863.65/- | 4,58,700/- | 90 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ । | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ ।

ਨੰ: 770-W/169/WA/1/FZR/2023-24 ਮਿਤੀ : 26.06.2023 2015/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

29-June-PAGE-8.qxd 6/28/2023 10:40 PM Page 1



# ਪੰਜਾਬ ਸਰਕਾਰ ਸੂਬੇ 'ਚ ਯੂ ਆਈ ਪੀ ਲਈ ਯੂ-ਵਿਨ ਦੀ ਸ਼ੁਰੂਆਤ ਲਈ ਪੂਰੀ ਤਰ੍ਹਾਂ ਤਿਆਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸੂਬੇ ਦੇ ਦੋ ਜ਼ਿਲ੍ਹਿਆਂ ਹੁਸ਼ਿਆਰਪੁਰ ਅਤੇ ਐਸ.ਬੀ.ਐਸ.ਨਗਰ ਵਿੱਚ ਯੂਨੀਵਰਸਲ ਇਮਯੂਨਾਈਜੇਸ਼ਨ ਪ੍ਰੋਗਰਾਮ (ਯੂ ਆਈ ਪੀ) ਦੇ ਡਿਜੀਟਾਈਜੇਸ਼ਨ ਦੀ ਸਫਲਤਾ ਉਪਰੰਤ, ਪੰਜਾਬ ਸਿਹਤ ਵਿਭਾਗ ਅਗਸਤ ਮਹੀਨੇ ਤੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਯੂ ਆਈ ਪੀ ਲਈ ਡਿਜੀਟਲ ਪਲੇਟਫਾਰਮ ਯੂ-ਵਿਨ ਨੂੰ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਪ੍ਰਮੁੱਖ ਪ੍ਰੋਗਰਾਮ ਨੇ ਦੋਵਾਂ ਜ਼ਿਲ੍ਹਿਆਂ ਵਿੱਚ 92 ਫੀਸਦੀ ਸੈਸ਼ਨ ਸਾਈਟਾਂ ਨੂੰ ਰਜਿਸਟਰ ਕਰਕੇ ਲੋੜੀਂਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ। ਇਸ ਦੇ ਨਾਲ ਹੀ ਗਰਭ ਅਵਸਥਾ ਸੰਬੰਧੀ 102 ਫੀਸਦੀ ਨਵਜੰਮੇ ਰਜਿਸਟਰ ਕੀਤੇ ਗਏ ਹਨ ਅਤੇ ਇਸ ਡਿਜੀਟਲ ਪਲੇਟਫਾਰਮ ਰਾਹੀਂ 90 ਫੀਸਦੀ ਰਜਿਸਟਰਡ ਨਵਜੰਮੇ ਬੱਚਿਆਂ ਨੂੰ ਜਨਮ ਸਮੇਂ ਟੀਕਿਆਂ ਦੀਆਂ ਖੁਰਾਕਾਂ ਮੁਹੱਈਆ ਕਰਵਾਈਆਂ ਗਈਆਂ। ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਸਫ਼ਲਤਾ ਲਈ ਸਿਹਤ ਸਟਾਫ ਨੂੰ ਵਧਾਈ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਫਤਵੇ ਅਨੁਸਾਰ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਅਤੇ ਬਿਹਤਰੀਨ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਵੀਡੀਓ ਕਾਨਫਰੰਸ ਰਾਹੀਂ ਸਾਮਲ ਹੋਏ ਸਿਹਤ ਮੰਤਰੀ ਅੱਜ ਇੱਥੇ ਸ਼ੁਰੂ ਹੋਈ ਯੂ-ਵਿਨ ਲਈ ਟ੍ਰੇਨਰਾਂ ਦੀ ਸਿਖਲਾਈ ਸੰਬੰਧੀ ਦੋ ਰੋਜ਼ਾ ਸੂਬਾ ਪੱਧਰੀ ਵਰਕਸ਼ਾਪ ਨੂੰ ਸੰਬੋਧਨ ਕਰ ਰਹੇ ਸਨ। ਬੁੱਧਵਾਰ ਨੂੰ ਸਮਾਪਤ ਹੋਣ ਵਾਲੀ ਇਸ ਵਰਕਸ਼ਾਪ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਸਾਰੇ ਜ਼ਿਲ੍ਹਾ ਟੀਕਾਕਰਨ ਅਫਸਰ, ਵੈਕਸੀਨ ਕੋਲਡ ਚੇਨ ਮੈਨੇਜਰ ਭਾਗ ਲੈ ਰਹੇ ਹਨ। ਸਿਖਲਾਈ ਪ੍ਰਾਪਤ ਕਰਨ ਉਪਰੰਤ, ਇਹ ਟ੍ਰੇਨਰ ਯੂ-ਵਿਨ ਪਲੇਟਫਾਰਮ ਦੀ ਸਫਲ ਸ਼ੁਰੂਆਤ ਲਈ ਆਪਣੇ ਸੰਬੰਧਤ ਜ਼ਿਲ੍ਹਿਆਂ ਵਿੱਚ ਸੰਬੰਧਤ ਸਿਹਤ ਸਟਾਫ ਨੂੰ ਸਿਖਲਾਈ ਦੇਣਗੇ। ਹੁਣ ਤੱਕ, ਇਹ ਟੀਕਾਕਰਨ ਪ੍ਰੋਗਰਾਮ ਦਸਤੀ ਰੂਪ ਵਿੱਚ ਚਲਾਇਆ ਜਾ ਰਿਹਾ ਹੈ ਅਤੇ ਅਗਸਤ ਤੋਂ ਯੂ-ਵਿਨ ਪਲੇਟਫਾਰਮ ਦੇ ਲਾਗੂ ਹੋਣ ਦੇ ਨਾਲ ਟੀਕਾਕਰਨ ਨਾਲ ਸੰਬੰਧਤ ਸਾਰਾ ਡਾਟਾ ਕੋ-ਵਿਨ ਦੀ ਤਰਜ਼ 'ਤੇ ਡਿਜੀਟਾਈਜ਼ ਕੀਤਾ ਜਾਵੇਗਾ। ਡਿਜੀਟਲਾਈਜੇਸ਼ਨ ਨਾਲ ਨਾ ਸਿਰਫ ਰਿਕਾਰਡ ਰੱਖਣ ਵਿੱਚ ਸੁਧਾਰ ਹੋਵੇਗਾ ਬਲਕਿ ਇਹ ਲਾਭਪਾਤਰੀਆਂ ਨੂੰ ਸਮਰੱਥ ਬਣਾਏਗਾ ਅਤੇ ਟੀਕਾਕਰਨ ਕਵਰੇਜ ਵਿੱਚ ਵਾਧੇ ਨਾਲ ਜਨਤਕ ਸਿਹਤ ਦੇ ਬਿਹਤਰ ਨਤੀਜਿਆਂ ਵਿੱਚ ਯੋਗਦਾਨ ਪਾਵੇਗਾ। ਸਿਹਤ ਤੇ ਪਰਵਾਰ ਭਲਾਈ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਡਿਜੀਟਲਾਈਜੇਸਨ ਬਹੁਤ ਮਦਦਗਾਰ ਸਿੱਧ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਸਿਹਤ ਕਰਮਚਾਰੀਆਂ 'ਤੇ ਕੰਮ ਦਾ ਬੋਝ ਘਟੇਗਾ ਅਤੇ ਰਿਪੋਰਟਾਂ ਤਿਆਰ ਕਰਨ ਵਿੱਚ ਲਗਦੇ ਬੇਲੋੜੇ ਸਮੇਂ ਦੀ ਬੱਚਤ ਹੋਵੇਗੀ। ਇਸ ਪੋਰਟਲ ਨਾਲ ਲਾਭਪਾਤਰੀਆਂ ਨੂੰ ਵੀ ਆਸਾਨੀ ਹੋਵੇਗੀ ਕਿਉਂਕਿ ਉਹ ਆਪਣੇ ਘਰ ਬੈਠੇ ਹੀ ਕਿਸੇ ਵੀ ਨੇੜਲੀ ਸੈਸ਼ਨ ਸਾਈਟ 'ਤੇ ਆਪਣੇ ਟੀਕਾਕਰਨ ਦੀ ਰਜਿਸਟਰੇਸ਼ਨ ਕਰਵਾ ਸਕਣਗੇ। ਸਕੱਤਰ ਸਿਹਤ ਕਮ ਐਮ.ਡੀ. ਐਨ.ਐਚ.ਐਮ. ਡਾ. ਅਭਿਨਵ ਤ੍ਰਿਖਾ ਨੇ ਦੱਸਿਆ ਕਿ ਯੂ-ਵਿਨ ਪਲੇਟਫਾਰਮ ਤੋਂ ਲਾਭਪਾਤਰੀ ਆਪਣੇ ਟੀਕਾਕਰਨ ਸਰਟੀਫਿਕੇਟ ਡਾਊਨਲੋਡ ਕਰ ਸਕਣਗੇ ਅਤੇ ਉਨ੍ਹਾਂ ਨੂੰ ਅੱਗੇ ਦੇ ਟੀਕਾਕਰਨ ਪ੍ਰੋਗਰਾਮਾਂ, ਫਾਲੋ-ਅਪ ਅਤੇ ਆਰ.ਆਈ. ਸੈਸ਼ਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਮੋਬਾਈਲ 'ਤੇ ਟੈਕਸਟ ਸੁਨੇਹਿਆਂ ਦੇ ਰੂਪ ਵਿੱਚ ਰੀਮਾਈਂਡਰ ਵੀ ਭੇਜੇ ਜਾਣਗੇ। ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਆਦਰਸ਼ਪਾਲ ਕੌਰ ਨੇ ਭਾਗੀਦਾਰਾਂ ਨੂੰ ਯੂ-ਵਿਨ ਦੇ ਸਫਲਤਾਪੂਰਵਕ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ। ਸਿਖਲਾਈ ਵਰਕਸ਼ਾਪ ਦੌਰਾਨ ਦੋ ਪਾਇਲਟ ਜ਼ਿਲ੍ਹਿਆਂ ਵਿੱਚ ਯੂ-ਵਿਨ ਦੇ ਸਫਲਤਾਪੂਰਵਕ ਲਾਗੂ ਕਰਨ 'ਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਲਈ ਪ੍ਰਾਜੈਕਟ ਅਫਸਰ ਯੂ.ਐਨ.ਡੀ.ਪੀ. ਡਾ. ਸੀਮਾ ਗਰਗ, ਡਾ. ਮੀਤ ਦੀਪਿੰਦਰ ਸਿੰਘ, ਉਪਕਾਰ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਟੇਟ ਟੀਕਾਕਰਨ ਅਫਸਰ ਡਾ. ਬਲਵਿੰਦਰ ਕੌਰ, ਐਸ.ਪੀ.ਓ. ਯੂ.ਐਨ.ਡੀ.ਪੀ ਡਾ.ਮਨੀਸ਼ਾ ਮੰਡਲ, ਡਾ. ਸੋਨਿਕਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਤਿਵਾੜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ 'ਚ ਕਮਰਿਆਂ ਦੀ ਉਸਾਰੀ ਦਾ ਰੱਖਿਆ ਨੀਂਹ ਪੱਥਰ



**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**-ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਸੰਸਦੀ ਕੋਟੇ ਵਿੱਚੋਂ ਦਿੱਤੀ ਗਈ 5 ਲੱਖ ਰੁਪਏ ਦੀ ਗ੍ਰਾਂਟ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਕਾਲਜ ਵਿੱਚ ਇੱਕ ਕਮਰੇ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ। ਇਸ ਦੌਰਾਨ ਉਨ੍ਹਾ ਸੰਸਥਾ ਵੱਲੋਂ ਇਲਾਕੇ ਵਿੱਚ ਸਿੱਖਿਆ ਦੇ ਪ੍ਰਸਾਰ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਸਿੱਖਿਆ ਪ੍ਰਾਪਤ ਕਰਨਾ ਹਰੇਕ ਦਾ ਅਧਿਕਾਰ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਕਾਲਜ ਵਰਗੀਆਂ ਸੰਸਥਾਵਾਂ ਬਹੁਤ ਵੱਡਾ ਯੋਗਦਾਨ ਪਾ ਰਹੀਆਂ ਹਨ। ਉਨ੍ਹਾ ਕਿਹਾ ਕਿ ਕਾਲਜ ਵਿੱਦਿਆ ਦੇ ਪ੍ਰਸਾਰ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਣ ਲਈ ਵੀ ਪ੍ਰੇਰਿਤ ਕਰ ਰਿਹਾ ਹੈ। ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਲੋਕ ਸਭਾ ਹਲਕੇ ਦੇ ਵਿਕਾਸ ਲਈ ਦਿੱਤੀਆਂ ਗਈਆਂ ਜ਼ਿਆਦਾਤਰ ਗ੍ਰਾਂਟਾਂ ਵਿੱਚ ਵਿੱਦਿਅਕ ਸੰਸਥਾਵਾਂ ਦੇ ਵਿਕਾਸ ਲਈ ਫੰਡ ਹਨ। ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਸਨਮਾਨਜਨਕ ਵਿਕਾਸ ਲਈ ਸਿੱਖਿਆ ਸਭ ਤੋਂ ਜ਼ਰੂਰੀ ਹੈ ਅਤੇ ਹਰ ਕਿਸੇ ਨੂੰ ਚੰਗੀ ਸਿੱਖਿਆ ਮਿਲਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪਿਛਲੀ ਕਾਂਗਰਸ ਸਰਕਾਰ ਸਮੇਂ ਬੱਲੋਵਾਲ ਸੌਂਖੜੀ ਵਿਖੇ ਐਗਰੀਕਲਚਰ ਕਾਲਜ ਦੀ ਸਥਾਪਨਾ ਕੀਤੀ ਗਈ ਸੀ, ਤਾਂ ਜੋ ਆਲੇ-ਦੁਆਲੇ ਦੇ ਨੌਜਵਾਨਾਂ ਨੂੰ ਖੇਤੀਬਾੜੀ ਨਾਲ ਸੰਬੰਧਤ ਸਿੱਖਿਆ ਪ੍ਰਾਪਤ ਕਰਨ ਲਈ ਦੂਰ-ਦੁਰਾਡੇ ਨਾ ਜਾਣਾ ਪਵੇ। ਇਸ ਤੋਂ ਪਹਿਲਾਂ ਸੰਸਥਾ ਦੇ ਨੁਮਾਇੰਦਿਆਂ ਵੱਲੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਪੰਕਜ ਕ੍ਰਿਪਾਲ, ਸੰਸਥਾ ਦੇ ਮੁਖੀ ਸੰਤ ਸਾਧੂ ਸਿੰਘ, ਮੈਨੇਜਰ ਇੰਦਰਜੀਤ ਸਿੰਘ, ਵਰਿੰਦਰ ਸ਼ਰਮਾ, ਜ਼ਿਲ੍ਹਾ ਯੋਜਨਾ ਬੋਰਡ ਨਵਾਂਸ਼ਹਿਰ ਦੇ ਸਾਬਕਾ ਚੇਅਰਮੈਨ ਸਤਵੀਰ ਸਿੰਘ ਪੱਲੀਝਿੱਕੀ, ਸੁਰਿੰਦਰ ਸ਼ਰਮਾ, ਮਦਨ ਰੰਧਾਵਾ, ਐਡਵੋਕੇਟ ਹਰਮਨਬੀਰ ਸਿੰਘ ਆਦਿ ਹਾਜ਼ਰ ਸਨ।

## ਸਾਬਕਾ ਸਰਪੰਚ ਮਹਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਪਿੰਡ ਅਮਰਕੋਟ ਦੇ ਸਾਬਕਾ ਸਰਪੰਚ ਮਹਿੰਦਰ ਸਿੰਘ ਅਤੇ ਉੱਘੇ ਸਮਾਜ ਸੇਵੀ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰੋ ਚਰਨ ਸਿੰਘ ਦੇ ਚਚੇਰੇ ਭਰਾ ਦਾ ਦਿਹਾਂਤ ਹੋ ਗਿਆ ਹੈ । ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਜਿੱਥੇ ਉਹਨਾਂ ਪਿੰਡ ਅਮਰਕੋਟ ਵਿਖੇ ਆਪਣੇ ਕਾਰੋਬਾਰ ਰਾਹੀਂ ਅਤੇ ਸਰਪੰਚ ਬਣਕੇ ਲੋਕਾਂ ਦੀਆਂ ਵਧੀਆ ਸੇਵਾਵਾਂ ਨਿਭਾਈਆਂ, ਉਥੇ ਹੀ ਉਹਨਾਂ ਆਪਣੇ ਪਿੰਡ ਅਤੇ ਆਪਣੇ ਪਰਵਾਰ ਦਾ ਨਾਂਅ ਵੀ ਰੌਸ਼ਨ ਕੀਤਾ। ਅਜਿਹੀ ਸ਼ਖ਼ਸੀਅਤ ਦਾ ਸੰਸਾਰ ਤੋਂ ਚਲੇ ਜਾਣ ਕਾਰਨ ਸਮਾਜ ਅਤੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਸ਼ਹੀਦ ਊਧਮ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਸੁਲਤਾਨਪੁਰ ਲੋਧੀ, ਕੁਲ ਹਿੰਦ ਕਿਸਾਨ ਸਭਾ, ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ, ਸੰਯੁਕਤ ਕਿਸਾਨ ਮੋਰਚਾ ਸੁਲਤਾਨਪੁਰ ਲੋਧੀ, ਵੱਖ ਵੱਖ ਕਿਸਾਨ ਯੂਨੀਅਨ, ਕਾਂਗਰਸ ਪਾਰਟੀ, ਅਕਾਲੀ ਦਲ, ਸਾਹਿਤ ਸਭਾ ਸੁਲਤਾਨਪੁਰ ਲੋਧੀ, ਪਵਿੱਤਰ ਕਾਲੀ ਵੇਈਂ ਨਦੀ ਕਿਸਾਨ ਸੇਵਾ ਸੁਸਾਇਟੀ ਅਤੇ ਹੋਰ ਵੱਖ ਵੱਖ ਰਾਜਨੀਤਕ ਪਾਰਟੀਆਂ, ਵੱਖ ਵੱਖ ਸੰਸਥਾ ਤੋਂ ਇਲਾਵਾ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ, ਸਾਬਕਾ ਮੰਤਰੀ ਗੁਰਜੀਤ ਸਿੰਘ ਰਾਣਾ, ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਸਾਬਕਾ ਚੇਅਰਮੈਨ ਅਤੇ ਹਲਕਾ ਇੰਚਾਰਜ ਕੈਪਟਨ ਹਰਮਿੰਦਰ ਸਿੰਘ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਤਨਾਮ ਸਿੰਘ ਮੋਮੀ ਪ੍ਰਧਾਨ ਬਾਰ ਐਸੋਸੀਏਸ਼ਨ, ਕੇਹਰ ਸਿੰਘ ਐਡਵੋਕੇਟ, ਗੁਰਮੀਤ ਸਿੰਘ ਵਿਰਦੀ, ਬਿਕਰਮਜੀਤ ਸਿੰਘ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ, ਮਾਹੀਪਾਲ ਸਿੰਘ, ਚੇਅਰਮੈਨ ਸੰਤੋਖ ਸਿੰਘ ਭਾਗੋਆਰਾਈਆ, ਨਰਿੰਦਰ ਸਿੰਘ ਸੋਨੀਆ, ਸਰਪੰਚ ਪਰਮਜੀਤ ਕੌਰ ਅਮਰਕੋਟ, ਸੂਰਤ ਸਿੰਘ ਸਾਬਕਾ ਸਰਪੰਚ ਅਮਰਕੋਟ, ਮਾਸਟਰ ਗੁਰਬਚਨ ਸਿੰਘ, ਬਿਕਰਮਜੀਤ ਸਿੰਘ ਥਿੰਦ , ਰਵਿੰਦਰ ਰਵੀ ਅਮਰਕੋਟ , ਰਾਜਵੀਰ ਸਿੰਘ ਅਮਰਕੋਟ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਿਆਰ ਸਿੰਘ ਚੰਦੀ, ਬਲਵਿੰਦਰ ਸਿੰਘ ਧਾਲੀਵਾਲ, ਕੌਂਸਲਰ ਜੁਗਲ ਕਿਸ਼ੋਰ ਕੋਹਲੀ, ਸੁਰਜੀਤ ਸਿੰਘ ਟਿੱਬਾ, ਸੁੱਚਾ ਸਿੰਘ ਮਿਰਜਾ ਪੁਰ, ਗੁਰਨਾਮ ਸਿੰਘ ਕੌਂਸਲਰ, ਗੁਰਦੀਪ ਸਿੰਘ ਖੁਰਾਣਾ, ਗੁਰਚਰਨ ਸਿੰਘ, ਮਾਸਟਰ ਚਰਨ ਸਿੰਘ ਹੈਬਤਪੁਰ, ਗੁਰਚਰਨ ਦਾਸ, ਹਰਬੀਰ ਸਿੰਘ ਸਰਪੰਚ, ਸਰਵਨ ਸਿੰਘ ਕਰਮਜੀਤ ਪੁਰ, ਸੁਰਜੀਤ ਸਿੰਘ ਚਾਚਾ ਜੀ ਅਤੇ ਇਲਾਕਾ ਵਾਸੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

## ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਕਲਾਂ 'ਚ ਨਵੇਂ ਸੈਸ਼ਨ ਲਈ ਦਾਖਲਾ ਸ਼ੁਰੂ



**ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾਂ ਕਲਾਂ ਵਿੱਚ ਗੁਰਬਾਣੀ ਸੰਥਾ, ਕਥਾ ਅਤੇ ਕੀਰਤਨ ਸਿਖਲਾਈ ਦਾ ਤਿੰਨ ਸਾਲਾ ਗੁਰਮਤਿ ਡਿਪਲੋਮਾ ਕੋਰਸ ਲਈ ਦਾਖਲਾ ਸ਼ੁਰੂ ਹੋ ਗਿਆ ਹੈ। ਇਸ ਸੰਬੰਧੀ ਪ੍ਰਿੰ. ਹਰਭਜਨ ਸਿੰਘ ਨੇ ਦੱਸਿਆ ਕਿ ਸਾਲ 2023 ਤੋਂ 26 ਤੱਕ ਦੇ ਨਵੇਂ ਬੈਚ ਦੇ ਦਾਖਲੇ ਸ਼ੁਰੂ ਹੋ ਗਏ ਹਨ ਅਤੇ ਇਸ ਵਾਰ ਇਨ੍ਹਾਂ ਕੋਰਸਾਂ ਲਈ ਇੰਟਰਵਿਊ 15 ਮਈ ਤੋਂ ਸ਼ੁਰੂ ਹੋ ਗਈ ਹੈ ਅਤੇ 30 ਜੂਨ ਤੱਕ ਚੱਲੇਗੀ। ਪ੍ਰਿੰ. ਹਰਭਜਨ ਸਿੰਘ ਨੇ ਦੱਸਿਆ ਕਿ ਦਾਖਲ ਹੋਏ ਵਿਦਿਆਰਥੀਆਂ ਨੂੰ ਰਿਹਾਇਸ਼, ਲੰਗਰ ਆਦਿ ਦੀ ਸਹੂਲਤ ਕਾਲਜ ਵੱਲੋਂ ਮੁਫਤ ਦਿੱਤੀ ਜਾਂਦੀ ਹੈ। ਉਨ੍ਹਾ ਕਿਹਾ ਕਿ ਹੁਣ ਤੱਕ ਵਿਦਿਆਰਥੀਆਂ ਦਾ ਚੰਗਾ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ ਅਤੇ ਇਲਾਵਾ ਯੋਗ ਵਿਦਿਆਰਥੀਆਂ ਨੂੰ ਪਟਿਆਲਾ ਯੂਨੀਵਰਸਿਟੀ ਤੋਂ ਬੀ.ਏ. ਵੀ ਕਰਵਾਈ ਜਾਂਦੀ ਹੈ। ਕਾਲਜ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਕਾਲਜ ਸੰਨ 1983 ਤੋਂ ਸ਼ੁਰੂ ਹੋਇਆ ਸੀ ਅਤੇ ਕਾਲਜ ਵੱਲੋਂ ਪੰਥ ਦੀ ਗੋਦ ਵਿਚ ਕਈ ਨਾਮੀ ਗੁਰਮਤਿ ਪ੍ਰਚਾਰਕ ਤੇ ਕੀਰਤਨੀਏ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਗਿਆਨੀ ਪਿੰਦਰਪਾਲ ਸਿੰਘ, ਗਿਆਨੀ ਰਣਜੋਧ ਸਿੰਘ, ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲੇ, ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਬੰਗਲਾ ਸਾਹਿਬ ਵਾਲੇ, ਗਿਆਨੀ ਸੁਖਦਰਸ਼ਨ ਸਿੰਘ ਆਦਿ ਤੋਂ ਇਲਾਵਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਲਗਭਗ ਛੇ ਹੈੱਡ ਗ੍ਰੰਥੀ ਕਾਲਜ ਦੇ ਵਿਦਿਆਰਥੀ ਹਨ।

## ਸੀ ਪੀ ਆਈ ਐੱਮ ਐੱਲ ਵੱਲੋਂ ਮੋਦੀ ਸਰਕਾਰ ਦੀ ਅਣ-ਐਲਾਨੀ ਐਮਰਜੈਂਸੀ ਵਿਰੁੱਧ ਕਨਵੈਨਸ਼ਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )**—ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)ਨਿਊ ਡੈਮੋਕਰੇਸੀ ਵਲੋਂ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ,ਬੰਗਾ ਰੋਡ ਨਵਾਂਸ਼ਹਿਰ ਵਿਖੇ ਦੇਸ਼ ਵਿਚ ਐਮਰਜੈਂਸੀ ਲਾਉਣ ਦੇ 47 ਵਰ੍ਹੇ ਪੂਰੇ ਹੋਣ ਉੱਤੇ ਮੋਦੀ ਸਰਕਾਰ ਦੀ ਅਣਐਲਾਨੀ ਐਮਰਜੈਂਸੀ ਦੇ ਵਿਰੋਧ ਵਿਚ ਕਨਵੈਂਨਸ਼ਨ ਕੀਤੀ ਗਈ। ਕਨਵੈਂਨਸ਼ਨ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਆਗੂ ਕੁਲਵਿੰਦਰ ਸਿੰਘ ਵੜੈਚ,ਗੁਰਬਖਸ਼ ਕੌਰ ਸੰਘਾ , ਅਵਤਾਰ ਸਿੰਘ ਤਾਰੀ ਅਤੇ ਹਰੀ ਰਾਮ ਰਸੂਲਪੁਰੀ ਨੇ ਕਿਹਾ ਕਿ ਐਮਰਜੈਂਸੀ ਦਾ 19 ਮਹੀਨੇ ਦਾ ਸਮਾਂ ਕਾਲੇ ਦੌਰ ਵਜੋਂ ਯਾਦ ਕੀਤਾ ਜਾਂਦਾ ਹੈ ਜਿਸਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਜਦੋਂ ਕਾਂਗਰਸ ਪਾਰਟੀ ਦੀ ਇੰਦਰਾ ਗਾਂਧੀ ਸਰਕਾਰ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਦਿਆਂ ਰਾਜਸੀ ਆਗੂਆਂ, ਮਜਦੂਰ ਅਤੇ ਵਿਦਿਆਰਥੀ ਆਗੂਆਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਰੱਖਿਆ। ਸਰਕਾਰ ਦੀ ਅਲੋਚਨਾ ਕਰਨ ਵਾਲੀ ਹਰ ਜੁਬਾਨ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ। 83 ਲੱਖ ਲੋਕਾਂ ਦੀ ਜਬਰੀ ਨਸਬੰਦੀ ਕੀਤੀ ਗਈ। ਐਮਰਜੈਂਸੀ ਲਾਉਣ ਦਾ ਮੁੱਖ ਕਾਰਨ ਆਰਥਿਕ ਸੰਕਟ ਸੀ। ਫੌਰੀ ਕਾਰਨ ਇਲਾਹਾਬਾਦ ਹਾਈਕੋਰਟ ਵਲੋਂ ਇੰਦਰਾ ਗਾਂਧੀ ਦੀ ਸੰਸਦ ਮੈਂਬਰ ਵਜੋਂ ਹੋਈ ਚੋਣ ਨੂੰ ਰੱਦ ਕਰਨਾ ਬਣਿਆ। ਉਹਨਾਂ ਕਿਹਾ ਕਿ ਅੱਜ ਮੋਦੀ ਸਰਕਾਰ ਨੇ ਆਪਣੇ ਫਾਸ਼ੀਵਾਦੀ ਅਜੰਡੇ ਨੂੰ ਅੱਗੇ ਤੋਰਨ ਲਈ ਅਣ ਐਲਾਨੀ ਐਮਰਜੈਂਸੀ ਲਾਈ ਹੋਈ ਹੈ।

ਯੂਏਪੀਏ ਅਤੇ ਹੋਰ ਕਾਲੇ ਕਾਨੂੰਨਾਂ ਦੀ ਖੁੱਲ੍ਹ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ। ਦੇਸ਼ ਦੇ ਨਾਮਵਰ ਬੁੱਧੀਜੀਵੀ, ਲੇਖਕ, ਕਵੀ, ਵਕੀਲ, ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ, ਆਗੂ ਮਨਘੜ੍ਹਤ ਕੇਸ ਬਣਾਕੇ ਜਿਹਲਾਂ ਵਿਚ ਸੁੱਟੇ ਹੋਏ ਹਨ। ਫਾਸ਼ੀਵਾਦ ਲਾਗੂ ਕਰਨ ਲਈ ਹਿੰਦੂਤਵੀ ਬੁਨਿਆਦਵਾਦੀ ਤਾਕਤਾਂ ਸਰਕਾਰ ਦਾ ਖੁੱਲ੍ਹ ਕੇ ਸਮਰਥਨ ਕਰ ਰਹੀਆਂ ਹਨ। ਮੋਦੀ ਸਰਕਾਰ ਦੇ ਰਾਜ ਵਿਚ ਸੰਵਿਧਾਨ ਅਤੇ ਜਮਹੂਰੀਅਤ ਖਤਰੇ ਵਿਚ ਹਨ ਅਤੇ ਮੋਦੀ ਸਰਕਾਰ ਆਪਣਾ ਹਿੰਦੂਤਵੀ ਅਜੰਡਾ ਬੜੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਸੰਸਦ ਦੀ ਨਵੀਂ ਇਮਾਰਤ ਦੇ ਉਦਘਾਟਨ ਵੇਲੇ ਜਿਸ ਤਰ੍ਹਾਂ ਧਰਮਨਿਰਪੱਖਤਾ ਨੂੰ ਛਿੱਕੇ ਟੰਗਿਆ ,ਸੰਵਿਧਾਨਕ ਕਦਰਾਂ ਕੀਮਤਾਂ ਨੂੰ ਰੋਲਿਆ ਉਸਤੋਂ ਉਸਦੇ ਮਨਸ਼ੇ ਸਾਫ ਹੋ ਜਾਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸਦੀ ਸਰਕਾਰ ਦੇ ਮੰਤਰੀ ਕਾਂਗਰਸ ਪਾਰਟੀ ਵੱਲੋਂ 1975 ਵਿੱਚ ਲਾਈ ਗਈ ਐਮਰਜੈਂਸੀ ਨੂੰ ਦੇਸ਼ ਦਾ ਸੱਭ ਤੋਂ ਕਾਲਾ ਦੌਰ ਆਖ ਕੇ ਜਮਹੂਰੀਅਤ ਦੀ ਰਾਖੀ ਕਰਨ ਦੇ ਜਮਗਜੇ ਮਾਰ ਰਹੇ ਹਨ ਪਰ ਅਮਲ ਵਿੱਚ ਜਮਹੂਰੀਅਤ ਨੂੰ ਕੁਚਲਣ ਦੇ ਰਾਹ ਪਏ ਹੋਏ ਹਨ। ਭਾਰਤ ਦਾ ਉੱਤਰ-ਪੂਰਵੀ ਸੂਬਾ ਮਨੀ ਪੁਰ ਅੱਗ ਵਿੱਚ ਸੜ ਰਿਹਾ ਹੈ ਪਰ ਪ੍ਰਧਾਨ ਮੰਤਰੀ ਵਿਦੇਸ਼ੀ ਦੌਰੇ ਕਰ ਰਹੇ ਹਨ। ਮੋਦੀ ਸਰਕਾਰ ਕਾਲੇ ਕਾਨੂੰਨਾਂ ਦਾ ਸਹਾਰਾ ਲੈ ਕੇ ਨਿੱਜੀਕਰਨ,ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਕੇ ਸਾਮਰਾਜਵਾਦੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰ ਰਹੀ ਹੈ। ਸਾਨੂੰ ਮੋਦੀ ਸਰਕਾਰ ਦੇ ਫਾਸ਼ੀਵਾਦੀ ਕਦਮਾਂ ਦਾ ਸਖਤ ਵਿਰੋਧ ਕਰਨਾ ਚਾਹੀਦਾ ਹੈ।

## ਸੀ ਪੀ ਆਈ ਵੱਲੋਂ ਗਦਾਈਆਂ 'ਤੇ ਹਮਲੇ ਦੀ ਸਖਤ ਨਿਖੇਧੀ

**ਮੋਹਾਲੀ (ਨਵਾਂ ਜ਼ਮਾਨਾ ਸਰਵਿਸ)**- ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਹਾਲੀ ਨੇ ਭਗਵੰਤ ਸਿੰਘ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆਂ ਉਤੇ ਪਿੰਡ ਸੁਖੋਵਾਲ ਨਜ਼ਦੀਕ ਨਾਭਾ ਦੀ ਮਹਿਲਾ ਸਰਪੰਚ ਦੇ ਪਤੀ ਧਰਮਿੰਦਰ ਸਿੰਘ ਵੱਲੋਂ ਗੁੰਡਿਆਂ ਦੀ ਮਦਦ ਨਾਲ ਗਿਣੀ ਮਿਥੀ ਸਾਜ਼ਿਸ਼ ਅਧੀਨ ਜਾਨ ਲੇਵਾ ਹਮਲਾ ਕਰਨ ਅਤੇ ਜਾਤੀ ਸੂਚਕ ਗਾਲਾਂ ਕੱਢਣ ਦੇ ਮਾਮਲੇ ਵਿਚ ਸਖਤ ਕਾਰਵਾਈ ਕੀਤੀ ਜਾਵੇ । ਆਪਣੇ ਸਾਂਝੇ ਬਿਆਨ ਵਿਚ ਕਾਮਰੇਡ ਜਸਪਾਲ ਦੱਪਰ ਜ਼ਿਲ੍ਹਾ ਸਕੱਤਰ ਅਤੇ ਕੁੱਲ ਹਿੰਦ ਕਿਸਾਨ ਯੂਨੀਅਨ ਦੇ ਆਗੂਆਂ ਸੁਰਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਜੜੌਤ ਅਤੇ ਏਟਕ ਲੀਡਰ ਵਿਨੋਦ ਚੁੱਘ ਨੇ ਕਿਹਾ ਕਿ ਕਾਮਰੇਡ ਕਸ਼ਮੀਰ ਸਿੰਘ ਗਦਾਈਆਂ ਪਿੰਡ ਦੇ ਨਰੇਗਾ ਕਾਮਿਆਂ ਦੇ ਸੱਦੇ 'ਤੇ ਮਨਰੇਗਾ ਕਾਨੂੰਨ ਵਿੱਚ ਕੀਤੀ ਜਾਂਦੀ ਘਪਲੇਬਾਜ਼ੀ ਨੂੰ ਰੋਕਣ ਲਈ ਗਏ ਸਨ। ਉਹ ਜਥੇਬੰਦੀ ਦੇ ਅਧਿਕਾਰਤ ਆਗੂ ਹਨ। ਇਹ ਜਥੇਬੰਦੀ ਮਨਰੇਗਾ ਸਕੀਮ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਦਾ ਵਿਰੋਧ ਕਰਦੀ ਆ ਰਹੀ ਹੈ ਜਿਹੜੀ ਕਿ ਭਗਵੰਤ ਮਾਨ ਸਰਕਾਰ ਜਾਂ ਆਮ ਪਾਰਟੀ ਦੇ ਅਜਿਹੇ ਲੋਕਾਂ ਨੂੰ ਨਹੀਂ ਜਚਦੀ। ਉਹ ਭ੍ਰਿਸ਼ਟ ਅਫਸਰਸ਼ਾਹੀ ਨਾਲ ਮਿਲ ਕੇ ਨਰੇਗਾ ਸਕੀਮ ਦੇ ਫੰਡਾਂ ਵਿੱਚ ਘਪਲੇ ਕਰਦੇ ਹਨ। ਇਨ੍ਹਾਂ ਨੇਤਾਵਾਂ ਨੇ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਇਸ ਸਾਰੇ ਘਟਨਾਕ੍ਰਮ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਜਾਂਚ ਦੌਰਾਨ ਸੀਸੀਟੀਵੀ ਕੈਮਰੇ ਦੀ ਫੁਟੇਜ ਸ਼ਾਮਲ ਕੀਤੀ ਜਾਵੇ ਤੇ ਹਮਲਾਵਾਰਾਂ ਵਿਰੁੱਧ ਜਾਨ ਲੇਵਾ ਹਮਲਾ ਕਰਨ ਅਤੇ ਜਾਤੀ ਸੂਚਕ ਸ਼ਬਦ ਬੋਲਣ ਵਾਲਿਆਂ ਖਿਲਾਫ ਐਸ.ਸੀ. ਐਕਟ ਤਹਿਤ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਨਰੇਗਾ ਅਧੀਨ ਇਸ ਪਿੰਡ ਵਿਚ ਕਰਵਾਏ ਗਏ ਕੰਮਾਂ ਦੀ ਵੀ ਜਾਂਚ ਕੀਤੀ ਜਾਵੇ । ਉਨ੍ਹਾਂ ਕਿਹਾ ਕਿ ਮਨਰੇਗਾ ਵਿੱਚ ਮਜ਼ਦੂਰਾਂ ਨੂੰ ਸਾਲ ਵਿਚ ਦੋ ਸੌ ਦਿਨ ਤੇ ਸੱਤ ਸੌ ਰੁਪਏ ਦਿਹਾੜੀ ਦਿੱਤੀ ਜਾਵੇ। ਮਜ਼ਦੂਰਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ ਕੀਤੇ ਜਾਣ।

## ਗਿਆਨੀ ਰਘਬੀਰ ਸਿੰਘ ਦਾ ਵਿਸ਼ੇਸ਼ ਸਨਮਾਨ

**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**: ਲੰਮਾ ਸਮਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਤੌਰ ਜਥੇਦਾਰ ਸੇਵਾ ਨਿਭਾਉਣ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਣੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦਾ ਇਸਤਰੀ ਸਤਿਸੰਗ ਸਭਾ ਸ੍ਰੀ ਅਨੰਦਪੁਰ ਸਾਹਿਬ ਦੀਆਂ ਬੀਬੀਆਂ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਬੀਬੀਆਂ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਵਲੋਂ ਇਸਤਰੀ ਸਤਿਸੰਗ ਸਭਾ ਨੂੰ ਪੂਰਾ ਸਹਿਯੋਗ ਰਿਹਾ ਤੇ ਨਾਲ ਹੀ ਆਸ ਪ੍ਰਗਟ ਕੀਤੀ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵੇਂ ਬਣੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਵਲੋਂ ਵੀ ਸਾਨੂੰ ਪੂਰਨ ਸਹਿਯੋਗ ਮਿਲੇਗਾ। ਇਸ ਮੌਕੇ ਬੀਬੀ ਸੁਰਿੰਦਰਪਾਲ ਕੌਰ, ਬੀਬੀ ਮਨਜੀਤ ਕੌਰ, ਬੀਬੀ ਪਰਵਿੰਦਰ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਬਲਬੀਰ ਕੌਰ, ਤਖਤ ਸਾਹਿਬ ਦੇ ਐਡੀਸ਼ਨਲ ਮੈਨੇਜਰ ਹਰਦੇਵ ਸਿੰਘ ਆਦਿ ਹਾਜ਼ਰ ਸਨ। ਤੋਂ ਬਾਅਦ ਇੱਕ ਮਹੀਨੇ ਦੇ ਦੇ ਅੰਦਰ-ਅੰਦਰ ਦੇਣੇ ਸੁਨਿਸ਼ਚਿਤ ਕੀਤੇ ਜਾਣ।

## ਮਾਲ ਮੰਤਰੀ ਵੱਲੋਂ ਸਟੇਟ ਪਟਵਾਰ ਸਕੂਲ ਤੇ ਡੀ ਐੱਲ ਆਰ ਕੰਪਲੈਕਸ ਪ੍ਰਾਜੈਕਟਾਂ ਦੇ ਵਿਕਾਸ ਦੀ ਸ਼ੁਰੂਆਤ



**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਪੂਰਥਲਾ ਰੋਡ ਵਿਖੇ ਸਟੇਟ ਪਟਵਾਰ ਸਕੂਲ ਲਈ 3.68 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਕੰਪਲੈਕਸ ਦੇ ਨਵੀਨੀਕਰਨ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਤੋਂ ਇਲਾਵਾ ਇਮਾਰਤ ਵਿੱਚ ਸੋਲਰ ਊਰਜਾ ਪਲਾਂਟ ਦਾ ਉਦਘਾਟਨ ਕੀਤਾ। ਜਿੰਪਾ ਨਾਲ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸੀਤਲ ਅੰਗੁਰਾਲ, ਵਧੀਕ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਕੰਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਸਟੇਟ ਪਟਵਾਰ ਸਕੂਲ ਅਤੇ ਡਾਇਰੈਕਟਰ ਲੈਂਡ ਰਿਕਾਰਡ ਕੰਪਲੈਕਸ ਦੇ ਨਵੀਨੀਕਰਨ 'ਤੇ 3.28 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਿਸ ਸਦਕਾ ਇੱਥੇ ਮਾਲ ਅਧਿਕਾਰੀਆਂ ਨੂੰ ਦਿੱਤੀ ਜਾਣ ਵਾਲੀ ਸਿਖਲਾਈ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਸ ਇਮਾਰਤ ਵਿੱਚ ਹੋਰ ਸਿਖਲਾਈ ਪ੍ਰੋਗਰਾਮਾਂ ਤੋਂ ਇਲਾਵਾ ਕਈ ਵਿਭਾਗੀ ਪ੍ਰੀਖਿਆਵਾਂ ਕਰਵਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਇਮਾਰਤਾਂ ਦੀ ਮੁਰੰਮਤ ਹੋਣ ਨਾਲ ਭਾਗੀਦਾਰਾਂ ਨੂੰ ਆਧੁਨਿਕ ਬੁਨਿਆਦੀ ਢਾਂਚੇ ਦੀ ਸਹੂਲਤ ਮਿਲੇਗੀ। ਨਵੇਂ ਸੋਲਰ ਊਰਜਾ ਪਲਾਂਟ ਬਾਰੇ ਕਿਹਾ ਕਿ ਇਹ ਸੋਲਰ ਊਰਜਾ ਪਲਾਂਟ ਪ੍ਰਤੀ ਸਾਲ ਲਗਭਗ 90,000 ਯੂਨਿਟ ਬਿਜਲੀ ਪੈਦਾ ਕਰੇਗਾ, ਜਿਸ ਸਦਕਾ ਇਸ ਇਮਾਰਤ ਨੂੰ ਊਰਜਾ ਦੀ ਲੋੜ ਦੇ ਮਾਮਲੇ ਵਿੱਚ ਕਾਫੀ ਹੱਦ ਤੱਕ ਆਤਮ-ਨਿਰਭਰ ਬਣਾਇਆ ਜਾ ਸਕੇਗਾ । ਵਿਭਾਗ ਵੱਲੋਂ ਲੋਕਾਂ ਨੂੰ ਇੱਕ ਅਜਿਹਾ ਪਲੇਟਫਾਰਮ ਮੁਹੱਈਆ ਕਰਵਾਉਣ ਦੀ ਪਹਿਲ ਵੀ ਕੀਤੀ ਗਈ ਹੈ, ਜਿੱਥੇ ਉਹ ਵਟਸਐਪ ਰਾਹੀਂ ਵਿਭਾਗ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਲੋਕਾਂ ਲਈ ਵਟਸਐਪ ਨੰਬਰ 81849-00002 ਜਾਰੀ ਕੀਤਾ ਗਿਆ ਹੈ, ਜਿੱਥੇ ਮਾਲ ਵਿਭਾਗ ਨਾਲ ਸਬੰਧਤ ਸ਼ਿਕਾਇਤਾਂ ਸਿੱਧੇ ਤੌਰ 'ਤੇ ਦਰਜ ਕਰਵਾਈਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਪ੍ਰਵਾਸੀ ਭਾਰਤੀਆਂ ਲਈ ਇੱਕ ਵੱਖਰਾ ਵਟਸਐਪ ਨੰਬਰ 94641-00168 ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕੁੱਲ 1335 ਸ਼ਿਕਾਇਤਾਂ ਦਰਜ ਹੋਈਆਂ ਹਨ, ਜਿਨ੍ਹਾਂ ਵਿੱਚੋਂ 536 ਦਾ ਸਬੰਧਤ ਅਧਿਕਾਰੀਆਂ ਵੱਲੋਂ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀ ਸ਼ਿਕਾਇਤਾਂ ਦਾ ਨਿਪਟਾਰਾ ਜਲਦ ਤੋਂ ਜਲਦ ਕਰਨ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਗਿਆ ਹੈ। ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਖੇਤਰ ਵਿੱਚ ਸਫਲਤਾ ਹਾਸਲ ਕਰਕੇ ਸਮਾਜ ਦੀ ਸੇਵਾ ਕਰਨ ਦਾ ਸੱਦਾ ਦਿੱਤਾ।

## ਢੋਲਵਾਹਾ ਵਿਖੇ ਸ਼ਿਵ ਪਰਵਾਰ ਤੇ ਸ਼ਿਵਲਿੰਗ ਦੀ ਸਥਾਪਨਾ 3 ਨੂੰ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਵਿਖੇ ਸ਼ਿਵ ਪਰਵਾਰ ਤੇ ਸ਼ਿਵਲਿੰਗ ਦੀ ਸਥਾਪਨਾ ਦੀਆਂ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੰਦਰ ਦੇ ਸੰਸਥਾਪਕ ਰਵੀ ਗਾਂਧੀ ਦੀ ਅਗਵਾਈ ਵਿਚ ਇਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੰਦਰ ਕਮੇਟੀ ਦੇ ਪ੍ਰਧਾਨ ਅਰਵਿੰਦ ਠਾਕੁਰ, ਮੁੱਖ ਸਲਾਹਕਾਰ ਸਾਬਕਾ ਸਰਪੰਚ ਮੰਗਤ ਰਾਮ, ਸੰਦੀਪ ਸ਼ਰਮਾ, ਸੰਦੀਪ ਕੁਮਾਰ, ਰਮਨ ਪਤਿਆਲ, ਪਰਮਿੰਦਰ ਸਿੰਘ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਵੀ ਗਾਂਧੀ ਨੇ ਕਿਹਾ ਕਿ ਪਿੰਡ ਢੋਲਵਾਹਾ ਅਤੇ ਇਲਾਕੇ ਦੇ ਸ਼ਰਧਾਲੂਆਂ ਦੀ ਸ਼ਰਧਾ ਭਾਵਨਾ ਦੀ ਮੰਗ ਨੂੰ ਮੁੱਖ ਰੱਖਦੇ ਹੋਏ 3 ਜੁਲਾਈ ਨੂੰ ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਵਿਖੇ ਪੂਰੀ ਵਿਧੀਪੂਰਵਕ ਸ਼ਿਵ ਪਰਵਾਰ ਅਤੇ ਸ਼ਿਵਲਿੰਗ ਦੀ ਸਥਾਪਨਾ ਕੀਤੀ ਜਾ ਰਹੀ ਹੈ ਜਿਸ ਵਿੱਚ ਦੂਰ-ਦਰਾਜੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚ ਰਹੇ ਸ਼ਰਧਾਲੂਆਂ ਦੇ ਰਹਿਣ ਸਹਿਣ ਤੇ ਖਾਣ ਪੀਣ ਲਈ ਸਾਰੇ ਢੁਕਵੇਂ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾ ਕਿਹਾ ਕਿ ਗਾਂਧੀ ਪਰਵਾਰ ਵੱਲੋਂ 29 ਜੂਨ ਤੋਂ 3 ਜੁਲਾਈ ਤੱਕ ਮੰਦਰ ਵਿਖੇ ਠਾਕੁਰ ਗਾਂਧੀ ਰਾਮ, ਠਾਕੁਰ ਜਗਦੀਸ਼ ਚੰਦ, ਠਾਕੁਰ ਸੁਰਜੀਤ ਸਿੰਘ, ਠਾਕੁਰ ਲਵਨੇਸ ਅਤੇ ਠਾਕੁਰ ਰਾਮ ਚੰਦ ਵੱਲੋਂ ਪੂਜਾ-ਪਾਠ ਕੀਤੀ ਜਾਵੇਗੀ ਜਿਸ ਵਿਚ 1 ਜੁਲਾਈ ਨੂੰ ਦੁਰਗਾ ਯੱਗ ਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ, 2 ਜੁਲਾਈ ਨੂੰ ਵੈਸ਼ਨੋ ਯੱਗ ਹੋਵੇਗਾ ਅਤੇ 3 ਜੁਲਾਈ ਨੂੰ ਰੂਦਰ ਯੱਗ ਕਰਨ ਉਪਰੰਤ ਆਚਾਰੀਆ ਰਜਿੰਦਰ ਸ਼ਰਮਾ, ਰਮੇਸ਼ਵਰ ਸ਼ਰਮਾ, ਭੂਸ਼ਨ ਸ਼ਰਮਾ, ਦੀਪਕ ਸ਼ਰਮਾ, ਵਿਨੋਦ ਸ਼ਰਮਾ, ਤਰਸੇਮ ਸ਼ਰਮਾ, ਗੋਵਿੰਦ ਸ਼ਰਮਾ, ਵਿਸ਼ਾਲ ਸ਼ਰਮਾ, ਕਿਰਨ ਸ਼ਰਮਾ, ਮੋਹਿਤ ਸ਼ਰਮਾ ਅਤੇ ਹੋਰ ਮੰਦਰ ਪੁਜਾਰੀ ਪੂਰੀ ਵਿਧੀਪੂਰਵਕ ਮੂਰਤੀਆਂ ਦੀ ਸਥਾਪਨਾ ਕਰਨਗੇ। ਉਨ੍ਹਾ ਕਿਹਾ ਕਿ 29 ਜੂਨ ਤੋਂ 3 ਜੁਲਾਈ ਤੱਕ ਵੱਖ ਵੱਖ ਭਜਨ-ਮੰਡਲੀਆਂ ਆਪਣੇ ਭਜਨਾਂ ਰਾਹੀਂ ਭਗਵਾਨ ਸ਼ਿਵ ਸ਼ੰਕਰ ਭੋਲੇ ਨਾਥ ਦਾ ਗੁਣਗਾਨ ਕਰਕੇ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੀਆਂ। ਉਨ੍ਹਾਂ ਕਿਹਾ ਕਿ ਸਮਾਰੋਹ ਦੌਰਾਨ ਪੰਜੇ ਦਿਨ ਬਾਬਾ ਜੀ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।

## ਸੇਂਟ ਸੋਲਜਰ ਦੀ ਕ੍ਰਿਕਟ ਟੀਮ ਬਣੀ ਚੈਂਪੀਅਨ



**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀ ਲੜਕੇ ਅਤੇ ਲੜਕੀਆਂ ਦੀ ਕ੍ਰਿਕਟ ਟੀਮ ਨੇ ਪਹਿਲੀ ਜੂਨੀਅਰ 50 ਬਾਲ ਕ੍ਰਿਕਟ ਨੈਸ਼ਨਲ ਚੈਂਪੀਅਨਸ਼ਿਪ 2023 ਵਿੱਚ ਭਾਗ ਲੈਂਦਿਆਂ ਚੈਂਪੀਅਨਜ਼ ਟਰਾਫ਼ੀ ਜਿੱਤੀ। ਇਸ ਚੈਂਪੀਅਨਸ਼ਿਪ ਵਿੱਚ ਚੰਡੀਗੜ੍ਹ, ਮਹਾਰਾਸ਼ਟਰ, ਪੰਜਾਬ, ਦਿੱਲੀ, ਝਾਰਖੰਡ, ਗੁਜਰਾਤ ਦੀਆਂ ਟੀਮਾਂ ਨੇ ਭਾਗ ਲਿਆ। ਜਿਸ ਵਿਚ ਸੇਂਟ ਸੋਲਜਰ ਗਰਲਜ਼ ਅੰਡਰ-17 ਟੀਮ ਨੇ ਮਹਾਰਾਸ਼ਟਰ ਦੀ ਟੀਮ ਨੂੰ ਹਰਾ ਕੇ ਅਤੇ ਲੜਕਿਆਂ ਨੇ ਵੀ ਮੈਚ ਜਿੱਤ ਕੇ ਚੈਂਪੀਅਨਸ ਟਰਾਫ਼ੀ 'ਤੇ ਕਬਜ਼ਾ ਕੀਤਾ। ਵਿਦਿਆਰਥੀਆਂ ਨੂੰ ਐਸੋਸੀਏਸ਼ਨ ਵੱਲੋਂ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਸ੍ਰੀਮਤੀ ਨੀਲਮ ਬਹਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਭਰਪੂਰ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਭਵਿੱਖ ਵਿਚ ਦੇਸ਼ ਦਾ ਨਾਂਅ ਰੌਸ਼ਨ ਕਰ ਸਕਣ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਸਥਾ ਖੇਡਾਂ, ਸਿੱਖਿਆ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਹਮੇਸ਼ਾ ਵਿਦਿਆਰਥੀਆਂ ਦੇ ਨਾਲ ਹੈ ਅਤੇ ਹਰ ਸੰਭਵ ਯਤਨ ਕਰ ਰਹੀ ਹੈ।

## ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ 'ਚ ਪਾਰਟੀ ਅਹੁਦੇਦਾਰਾਂ ਦੀ ਹੋਈ ਅਹਿਮ ਮੀਟਿੰਗ



**ਚੰਡੀਗੜ੍ਹ, (ਗੁਰਜੀਤ ਬਿੱਲਾ)**-"ਆਮ ਆਦਮੀ ਪਾਰਟੀ ਹਰ ਉਸ ਇਨਸਾਨ ਦੀ ਪਾਰਟੀ ਹੈ ਜੋ ਹਰ ਇੱਕ ਨਾਗਰਿਕ ਲਈ ਆਰਥਿਕ ਤੇ ਸਮਾਜਿਕ ਬਰਾਬਰਤਾ, ਆਪਣੇ ਬੱਚਿਆਂ ਲਈ ਮੁਫਤ ਅਤੇ ਮਿਆਰੀ ਸਿੱਖਿਆ, ਰੁਜ਼ਗਾਰ, ਪਰਵਾਰ ਲਈ ਵਧੀਆ ਸਿਹਤ ਸਹੂਲਤਾਂ ਅਤੇ ਭ੍ਰਿਸ਼ਟਾਚਾਰ ਮੁਕਤ ਸਮਾਜ ਦੀ ਸਿਰਜਣਾ ਕਰਨੀ ਚਾਹੁੰਦਾ ਹੈ। ਆਪ ਪਰਵਾਰ ਵਿੱਚ ਸ਼ਾਮਿਲ ਹੋਣ ਦੀ ਮੁੱਢਲੀ ਸ਼ਰਤ ਹੀ ਇਹੋ ਹੈ ਕਿ ਤੁਸੀਂ ਪੰਜਾਬ ਲਈ ਸਮਰਪਿਤ ਹੋਵੋ ਅਤੇ ਇਮਾਨਦਾਰੀ ਤੁਹਾਡਾ ਗੁਣ ਹੋਵੇ!" ਇਨ੍ਹਾਂ ਸ਼ਬਦਾਂ ਦਾ ਜ਼ਿਕਰ ਆਮ ਆਦਮੀ ਪਾਰਟੀ ਪੰਜਾਬ ਦੇ ਨਵ-ਨਿਯੁਕਤ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਨੇ ਚੰਡੀਗੜ੍ਹ ਵਿਖੇ ਸਥਿਤ ਮੁੱਖ ਪਾਰਟੀ ਦਫਤਰ ਵਿਖੇ ਪਾਰਟੀ ਅਹੁਦੇਦਾਰਾਂ ਦੀ ਮੀਟਿੰਗ ਦੌਰਾਨ ਕੀਤਾ। ਇਸ ਅਹਿਮ ਮੀਟਿੰਗ ਦਾ ਮਨੋਰਥ ਸੂਬੇ ਵਿੱਚ ਪਾਰਟੀ ਦੇ ਸੰਗਠਨ ਨੂੰ ਹੋਰ ਮਜਬੂਤ ਕਰਨਾ ਅਤੇ ਭਵਿੱਖ ਦੀ ਰਣਨੀਤੀ ਬਾਰੇ ਚਰਚਾ ਕਰਨਾ ਸੀ। ਇਸ ਮੀਟਿੰਗ ਵਿੱਚ ਸ਼ਾਮਿਲ ਸੂਬੇ ਦੇ ਉੱਪ ਪ੍ਰਧਾਨ, ਜਨਰਲ ਸਕੱਤਰ ਅਤੇ ਸਕੱਤਰ ਨੇ ਗੰਭੀਰ ਚਰਚਾ ਕੀਤੀ, ਉਪਰੰਤ ਸੰਗਠਨ ਦੀ ਮਜਬੂਤੀ ਲਈ ਕਈ ਅਹਿਮ ਫੈਸਲੇ ਵੀ ਲਏ ਗਏ। ਇਸ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਪਾਰਟੀ ਅਹੁਦੇਦਾਰਾਂ ਵਿੱਚ ਸੂਬੇ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਤੋਂ ਇਲਾਵਾ ਜਸਵੀਰ ਸਿੰਘ ਰਾਜਾ ਗਿੱਲ (ਸੂਬਾਈ ਵਾਈਸ ਪ੍ਰੈਜ਼ੀਡੈਂਟ), ਤਰੁਣਪ੍ਰੀਤ ਸਿੰਘ ਸੌਂਧ (ਸੂਬਾਈ ਵਾਈਸ ਪ੍ਰੈਜ਼ੀਡੈਂਟ), ਜਗਰੂਪ ਸਿੰਘ ਸੇਖਵਾਂ (ਸੂਬਾਈ ਜਰਨਲ ਸਕੱਤਰ), ਹਰਚੰਦ ਸਿੰਘ ਬਰਸਟ (ਜਰਨਲ ਸਕੱਤਰ), ਡਾ ਐੱਸ.ਐੱਸ ਆਹਲੂਵਾਲੀਆ (ਸਟੇਟ ਸੈਕਟਰੀ) ਅਤੇ ਗੁਰਦੇਵ ਸਿੰਘ ਲਖਨਾ (ਸਟੇਟ ਸੈਕਟਰੀ) ਪ੍ਰਮੁੱਖ ਸਨ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਜਿੱਥੇ ਪੰਜਾਬ ਦੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਉੱਪਰ ਲਗਾਤਾਰ ਵਿਖਾਏ ਜਾ ਰਹੇ ਭਰੋਸੇ ਅਤੇ ਉਤਸ਼ਾਹ ਤੇ ਸੰਤੁਸ਼ਟੀ ਜਾਹਰ ਕੀਤੀ ਉੱਥੇ ਸੂਬੇ ਦੇ ਹਰ ਘਰ ਤੱਕ ਆਪ ਦੀ ਇਮਾਨਦਾਰ ਸਿਆਸਤ ਦਾ ਲੋਕ-ਪੱਖੀ ਏਜੰਡਾ ਪਹੁੰਚਾਉਣ ਲਈ ਇਨਕਲਾਬ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਵਿਚਾਰਾਂ ਕੀਤੀਆਂ। ਜ਼ਿਕਰਯੋਗ ਹੈ ਕਿ ਆਪ ਸੰਗਠਨ ਦੀ ਅਗਲੀ ਮੀਟਿੰਗ ਹੁਣ 8 ਜੁਲਾਈ ਨੂੰ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਹੈ। ਜਿਸ ਵਿੱਚ ਪੰਜਾਬ ਦੇ ਸਾਰੇ ਵਿੰਗਾਂ ਦੇ ਸੂਬਾ ਪ੍ਰਧਾਨ, ਸਮੂਹ ਜ਼ਿਲ੍ਹਾ ਪ੍ਰਧਾਨ ਅਤੇ ਸਕੱਤਰਾਂ ਤੋਂ ਇਲਾਵਾ ਲੋਕ ਸਭਾ ਇੰਚਾਰਜ ਤੇ ਸਹਿ ਇੰਚਾਰਜ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਣਗੇ।

## ਕਾਰਡ ਕੱਟਣ ਕਾਰਨ ਲੋਕਾਂ ਨੇ ਚਮਕੌਰ ਸਾਹਿਬ ਮੇਨ ਸੜਕ 'ਤੇ ਆਵਾਜਾਈ ਬੰਦ ਰੱਖੀ



**ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਪੰਜਾਬ ਸਰਕਾਰ ਵੱਲੋਂ ਗਰੀਬ ਪਰਵਾਰਾਂ ਨੂੰ ਮਿਲ ਰਹੀ ਨੀਲੇ ਕਾਰਡਾਂ 'ਤੇ ਕਣਕ ਦੇ ਕਾਰਡ ਕੱਟਣ ਕਾਰਨ ਅੱਜ ਦੁਖੀ ਹੋਏ ਲੋਕਾਂ ਨੇ ਚਮਕੌਰ ਸਾਹਿਬ ਮੇਨ ਸੜਕ ਤੇ ਇੰਡੀਅਨ ਬੈਂਕ ਦੇ ਮੂਹਰੇ ਸੜਕ 'ਤੇ ਧਰਨਾ ਲਗਾ ਕੇ ਚਾਰ ਘੰਟੇ ਆਵਾਜਾਈ ਬੰਦ ਰੱਖੀ। ਇਸ ਮੌਕੇ ਸ਼ਕੁੰਤਲਾ, ਮਨਜੀਤ ਕੌਰ, ਅਮਰਜੀਤ ਸਿੰਘ, ਕੁਲਵਿੰਦਰ ਕੌਰ, ਰੁਪਿੰਦਰ ਕੌਰ, ਰਾਣੀ ਅਤੇ ਰੂਪਾ ਆਦਿ ਨੇ ਦੱਸਿਆ ਕਿ ਚਮਕੌਰ ਸਾਹਿਬ ਨਗਰ ਕੌਂਸਲ ਵੱਲੋਂ ਬਿਨਾਂ ਪੜਤਾਲ ਕੀਤੇ ਗਰੀਬ ਪਰਵਾਰਾਂ ਦੇ ਕਣਕ ਵਾਲੇ ਕਾਰਡ ਕੱਟ ਦਿੱਤੇ ਗਏ।

ਪ੍ਰੰਤੂ ਅੱਜ ਸ਼ਹਿਰ ਦੇ ਦੋ ਤਿੰਨ ਡੀਪੂ ਹੋਲਡਰਾਂ ਨੇ ਅੱਧੇ ਸ਼ਹਿਰ ਵਾਸੀਆਂ ਨੇ ਕਣਕ ਦੀ ਪਰਚੀ ਕੱਟਣੀ ਸ਼ੁਰੂ ਕਰ ਦਿੱਤੀ, ਇਸ ਗੱਲ ਦਾ ਪਤਾ ਜਦੋਂ ਉਕਤ ਲੋਕਾਂ ਨੂੰ ਲੱਗਿਆ ਤਾਂ ਉਨ੍ਹਾਂ ਮੇਨ ਰੋਡ 'ਤੇ ਜਾ ਕੇ ਧਰਨਾ ਲਗਾ ਦਿੱਤਾ ਅਤੇ ਆਉਣ ਜਾਣ ਵਾਲੀ ਆਵਾਜਾਈ ਰੋਕ ਦਿੱਤੀ। ਉਕਤ ਲੋਕਾਂ ਦਾ ਕਹਿਣਾ ਸੀ ਕਿ ਜਾਂ ਤਾਂ ਸਭ ਦੇ ਕਾਰਡ ਕੱਟੋ ਅਤੇ ਸਭ ਨੂੰ ਕਣਕ ਨਾ ਦੇਵੋ ਜਾਂ ਸਭ ਦੇ ਕਾਰਡ ਦੁਬਾਰਾ ਬਣਾ ਕੇ ਸਭ ਨੂੰ ਕਣਕ ਦਿੱਤੀ ਜਾਵੇ। ਇਸ ਮੌਕੇ ਐਸ.ਡੀ.ਐਮ.ਅਮਰੀਕ ਸਿੰਘ ਸਿੱਧੂ ਨੇ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਜਿਨ੍ਹਾਂ ਨੇ ਡੀਪੂ ਹੋਲਡਰਾਂ ਨੂੰ ਪਰਚੀ ਕੱਟਣ ਤੋਂ ਮਨ੍ਹਾ ਕਰ ਦਿੱਤਾ ਅਤੇ ਨਵੇਂ ਸਿਰੇ ਤੋਂ ਕੱਟੇ ਹੋਏ ਕਾਰਡਾਂ ਦੇ ਫਾਰਮ ਭਰਵਾ ਕੇ ਦੁਬਾਰਾ ਤੋਂ ਇਹ ਸਕੀਮ ਲਾਗੂ ਕਰਨ ਲਈ ਅਧਿਕਾਰੀਆਂ ਨੂੰ ਹੁਕਮ ਕੀਤੇ। ਇਸ ਉਪਰੰਤ ਰੋਡ ਤੋਂ ਧਰਨਾ ਚੁਕਵਾਇਆ ਗਿਆ।

## ਸ੍ਰੀ ਗੁਰੂ ਸਿੰਘ ਸਭਾ ਮੁੰਨੇ ਵਿਖੇ ਗੁਰਮਤਿ ਕੈਂਪ ਜਾਰੀ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸ੍ਰੀ ਗੁਰੂ ਸਿੰਘ ਸਭਾ ਮੁੰਨੇ ਵਿਖੇ ਗੁਰਮਤਿ ਕੈਂਪ ਸਾਹਿਬਜਾਦਾ ਦਲ, ਗੁਰਬਾਣੀ ਸੰਥਿਆ ਸੇਵਾ ਸੁਸਾਇਟੀ ਅਤੇ ਸੰਗਤਾਂ ਦੇ ਭਰਪੂਰ ਸਹਿਯੋਗ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਰੰਭ ਹੋਇਆ ਸੀ। ਇਸ ਦੌਰਾਨ ਬੱਚਿਆਂ ਨੂੰ ਜਪੁਜੀ ਸਾਹਿਬ ਜੀ ਦੀ ਸੰਥਿਆ, ਗੁਰ ਇਤਿਹਾਸ ਦੀਆਂ ਸਾਖੀਆਂ ਅਤੇ ਗੁਰਮੁਖੀ ਮੁਹਾਰਨੀ ਕਰਵਾਈ ਗਈ। ਇਸ ਕੈਂਪ ਦੌਰਾਨ ਬੱਚਿਆਂ ਨੂੰ ਇੱਕ ਘੰਟਾ ਗੱਤਕੇ ਦੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਇਸ ਦੌਰਾਨ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਰੋਪੜ ਵਾਲਿਆਂ ਨੇ ਸ਼ਮੂਲੀਅਤ ਕੀਤੀ ਅਤੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ। ਗੁਰਮਤਿ ਕੈਂਪ ਦੌਰਾਨ ਸੰਗਤਾਂ ਨੂੰ 30 ਜੂਨ ਨੂੰ ਸੰਪੂਰਨਤਾ 'ਤੇ ਪਹੁੰਚਣ ਲਈ ਬੇਨਤੀ ਕੀਤੀ ਗਈ ਹੈ। ਗੁਰਮਤਿ ਕੈਂਪ ਦੀ ਸਫਲਤਾ ਲਈ ਪਰਮਜੀਤ ਸਿੰਘ ਅਭਿਆਨਾ, ਦਲਜੀਤ ਸਿੰਘ ਰਾਏਪੁਰ, ਨਵਜੋਤ ਸਿੰਘ ਬਟਾਰਲਾ, ਹਰਪ੍ਰੀਤ ਸਿੰਘ ਬਜਰੂੜ, ਹਰਪ੍ਰੀਤ ਸਿੰਘ ਮੀਰਪੁਰ, ਡਾਕਟਰ ਮਨਦੀਪ ਕੌਰ, ਬਾਬਾ ਜਗਨ ਸਿੰਘ, ਅਵਤਾਰ ਸਿੰਘ, ਬਲਜੀਤ ਸਿੰਘ ਅਤੇ ਸ੍ਰੀ ਗੁਰੂ ਸਿੰਘ ਸਭਾ ਮੁੰਨੇ ਦੀ ਸਮੂਹ ਕਮੇਟੀ ਦੁਆਰਾ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ।

## ਨਹਿਰਾਂ 'ਚ ਪਾਣੀ ਛੱਡਣ 'ਤੇ ਧੰਨਵਾਦ

**ਫਿਲੌਰ (ਨਿਰਮਲ)**- ਵਿਧਾਨ ਸਭਾ ਚੋਣਾਂ ਦੌਰਾਨ ਪਾਣੀ ਦਾ ਮੁੱਦਾ ਚੁੱਕਣ ਵਾਲੇ ਅਗਾਂਹ ਵਧੂ ਕਿਸਾਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਮਾਹਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਵਿਧਾਨ ਸਭਾ ਚੋਣਾਂ ਦੌਰਾਨ ਜਦੋਂ ਫਿਲੌਰ ਵਿਖੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਆਏ ਸਨ ਜਿੱਥੇ ਉਨ੍ਹਾਂ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਦੇਣ ਦੀ ਬੇਨਤੀ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ ਸੀ ਕਿ ਕਿਸਾਨਾਂ ਦੀ ਇਹ ਮੰਗ ਜਰੂਰ ਪੂਰੀ ਕੀਤੀ ਜਾਵੇਗੀ। ਮਾਹਲ ਨੇ ਕਿਹਾ ਕਿ ਅੱਜ ਕਿਸਾਨਾਂ ਦੀ ਮੰਗ ਪੂਰੀ ਕਰਦੇ ਹੋਏ ਨਹਿਰਾਂ 'ਚ ਪਾਣੀ ਛੱਡਿਆ ਗਿਆ। ਜਿਸ 'ਤੇ ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਨਾਲ ਕਿਸਾਨਾਂ ਲਈ ਮੁੜ ਖ਼ੁਸ਼ਹਾਲੀ ਆਵੇਗੀ।

## ਹਦੀਆਬਾਦ ਵਿੱਖੇ ਲਗਾਇਆ ਇੱਕ ਰੋਜ਼ਾ ਫੀਲਡ ਕੈਂਪ

**ਫਗਵਾੜਾ (ਰਮਨ ਸ਼ਰਮਾ)** ਉਪ ਮੰਡਲ ਹਦੀਆਬਾਦ ਫਗਵਾੜਾ ਵਿੱਖੇ ਵਧੀਕ ਨਿਗਰਾਨ ਇੰਜੀਨੀਅਰ,ਫਗਵਾੜਾ ਇੰਜ:ਹਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪ ਮੰਡਲ ਅਫਸਰ ਹਦੀਆਬਾਦ ਅਸ਼ੋਕ ਕੁਮਾਰ ਦੀ ਹਾਜਰੀ ਵਿੱਚ ਇੱਕ ਰੋਜਾ ਫੀਲਡ ਕੈਂਪ ਲਾਇਆ ਗਿਆ, ਜਿਸ ਵਿੱਚ ਜੈਡ ਕੇ ਸੀ ਜਲੰਧਰ ਤੋਂ ਇੰਜ:ਬੀ.ਐਸ.ਬਾਗੀ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਸੇਫਟੀ,ਮੁੱਢਲੀ ਸਹਾਇਤਾ, ਅਰਥਿੰਗ,ਟੀਮ ਵਰਕ,ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਹਾਦਸਿਆਂ ਤੋਂ ਬਚਾਉ ਪੱਖ ਆਦਿ ਬਾਰੇ ਦੱਸਿਆ। ਇਸ ਵਿੱਚ ਸੀ.ਐਚ.ਬੀ.ਕਾਮੇ,ਰੈਗੂਲਰ ਕਾਮੇ, ਮੁਲਾਜਮ ਯੂਨਾਇਟਡ ਆਰਗੇਨਾਇਜੇਸ਼ਨ ਦੇ ਸੂਬਾ ਆਗੂ ਸੁੱਖਦੀਪ ਲਾਲ,ਸਰੰਪਚ ਪਿੰਡ ਦਰਵੇਸ਼ ਅਤੇ ਸੁੱਖਵਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਦੋਆਬਾ ਆਦਿ ਦੇ ਮੈਂਬਰ ਵੀ ਹਾਜਰ ਹੋਏ ।

# ਮਾਨ ਸਰਕਾਰ ਵੱਲੋਂ ਚਿਤਵੇ ਰੰਗਲੇ ਪੰਜਾਬ ਦੀ ਕਾਇਮੀ 'ਚ ਮੀਡੀਆ ਦੀ ਭੂਮਿਕਾ ਅਹਿਮ : ਜੌੜਾਮਾਜਰਾ



**ਐੱਸ.ਏ.ਐੱਸ.ਨਗਰ, (ਗੁਰਜੀਤ ਬਿੱਲਾ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਇੱਥੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਕੀਤੇ ਜਾ ਰਹੇ ਯਤਨਾਂ ਵਿੱਚ ਮੀਡੀਆ ਦੀ ਭੂਮਿਕਾ ਅਹਿਮ ਹੈ। ਉਨ੍ਹਾ ਕਿਹਾ ਕਿ ਮੀਡੀਆ ਨੇ ਹੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਹਿੱਤ ਕੰਮਾਂ ਨੂੰ ਲੋਕਾਂ ਤੱਕ ਲੈ ਕੇ ਜਾਣਾ ਹੁੰਦਾ ਹੈ, ਇਸ ਲਈ ਮੀਡੀਆ ਦੀ ਜ਼ਿੰਮੇਵਾਰੀ ਹੋਰ ਵੀ ਅਹਿਮ ਅਤੇ ਵੱਡੀ ਹੋ ਜਾਂਦੀ ਹੈ। ਅੱਜ ਮੋਹਾਲੀ ਪ੍ਰੈਸ ਕਲੱਬ ਦੀ 25 ਵੀਂ ਵਰ੍ਹੇਗੰਢ 'ਤੇ ਨਵੀਂ ਕਾਰਜਕਾਰਨੀ ਦੇ ਤਾਜਪੋਸ਼ੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ, ਸੁਤੰਤਰਤਾ ਸੰਗਰਾਮੀਏ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਐਲਾਨ ਮੁਤਾਬਕ ਹਰ ਜ਼ਿਲ੍ਹੇ ਵਿੱਚ ਮੀਡੀਆ ਕਲੱਬ ਬਣਾਏ ਜਾਣਗੇ। ਇਸੇ ਲੜੀ ਤਹਿਤ ਮੋਹਾਲੀ ਪ੍ਰੈੱਸ ਕਲੱਬ ਬਣਾਉਣ ਲਈ ਠੋਸ ਉਪਰਾਲੇ ਕੀਤੇ ਜਾਣਗੇ ਅਤੇ ਜਿੰਨੇ ਵੀ ਫੰਡਾਂ ਦੀ ਲੋੜ ਪਵੇਗੀ, ਉਹ ਦਿੱਤੇ ਜਾਣਗੇ। ਉਨਾਂ ਕਿਹਾ ਕਿ ਜਦੋਂ ਪ੍ਰੈੱਸ ਕਲੱਬ ਲਈ ਜਗ੍ਹਾ ਦਾ ਪ੍ਰਬੰਧ ਹੋ ਜਾਵੇਗਾ ਤਾਂ ਉਹ ਅਗਲੇ ਕਾਰਜਾਂ ਵਿੱਚ ਯੋਗਦਾਨ ਵਜੋਂ 3 ਲੱਖ ਰੁਪਏ ਦੀ ਗ੍ਰਾਂਟ ਵੀ ਦੇਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਕਲੱਬ ਦਾ ਅਗਲਾ ਪ੍ਰੋਗਰਾਮ ਪ੍ਰੈੱਸ ਕਲੱਬ ਦੀ ਇਮਾਰਤ ਵਿੱਚ ਹੀ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਮੀਡੀਆ ਸਮਾਜ ਦਾ ਮੁੱਖ ਅੰਗ ਹੈ। ਸਮਾਜ ਵਿਚ ਜੋ ਵੀ ਵਾਪਰਦਾ ਹੈ, ਉਸ ਨੂੰ ਮੀਡੀਆ ਹੀ ਲੋਕਾਂ ਅੱਗੇ ਰੱਖਦਾ ਹੈ। ਇਸ ਲਈ ਮੀਡੀਆ ਦੀ ਜ਼ਿੰਮੇਵਾਰੀ ਬੜੀ ਵੱਡੀ ਹੁੰਦੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਅਸਲ ਮੀਡੀਆ ਉਹ ਹੈ ਜੋ ਸਦਾ ਲੋਕਾਂ ਦੀ ਗੱਲ ਕਰੇ ਤੇ ਸਮਾਜਕ ਤੇ ਧਾਰਮਕ ਵੰਡੀਆਂ ਦੀਆਂ ਸੂਚਨਾਵਾਂ ਤੋਂ ਗੁਰੇਜ਼ ਕਰੇ। ਉਨ੍ਹਾ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਵੀ ਪੋਸਟ ਪਾਉਣ ਤੋਂ ਪਹਿਲਾਂ ਉਸ ਨੂੰ ਵੈਰੀਫਾਈ ਕਰਨਾ ਸਭ ਤੋਂ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ, ਪੰਜਾਬ ਨੂੰ ਤਰੱਕੀ ਅਤੇ ਖੁਸ਼ਹਾਲੀ ਦੀਆਂ ਲੀਹਾਂ ਉੱਤੇ ਚਾੜ੍ਹਨ ਅਤੇ ਰੰਗਲਾ ਬਣਾਉਣ ਲਈ ਅਣਥੱਕ ਮਿਹਨਤ ਕਰ ਹਨ, ਇਸ ਲਈ ਸਰਕਾਰ ਵੱਲੋਂ ਲਏ ਜਾਂਦੇ ਲੋਕ ਹਿੱਤੂ ਅਤੇ ਨਿਵੇਕਲੇ ਫੈਸਲਿਆਂ ਨੂੰ ਲੋਕਾਂ ਤੱਕ ਪਹੁੰਚਾਉਣ ਚ ਮੀਡੀਆ ਦੇ ਸਹਿਯੋਗ ਦੀ ਵੀ ਬਹੁਤ ਲੋੜ ਹੈ। ਉਨ੍ਹਾ ਕਿਹਾ ਕਿ ਮੌਜੂਦਾ ਸਰਕਾਰ ਵਿਚ 80 ਫੀਸਦੀ ਵਿਧਾਇਕ ਗੈਰ ਸਿਆਸੀ ਅਤੇ ਆਮ ਪਰਵਾਰਾਂ ਵਿਚੋਂ ਆਏ ਹਨ, ਜਿਨ੍ਹਾਂ ਵਿੱਚ ਵਿੱਚ ਲੋਕਾਂ ਲਈ ਕੁੱਝ ਵੱਖਰਾ ਤੇ ਨਿਵੇਕਲਾ ਕਰਨ ਦਾ ਜਜ਼ਬਾ ਬਹੁਤ ਜ਼ਿਆਦਾ ਹੈ। ਇਸ ਲਈ ਸਾਨੂੰ ਇਨ੍ਹਾਂ ਜਨਤਕ ਪ੍ਰਤੀਨਿਧਾਂ ਵੱਲੋਂ ਆਪਣੇ ਆਪਣੇ ਹਲਕੇ ਵਿੱਚ ਕੀਤੀਆਂ ਜਾ ਰਹੀਆਂ ਪਹਿਲ ਕਦਮੀਆਂ ਦੀ ਵੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਉਨ੍ਹਾ ਮੁੱਖ ਮੰਤਰੀ ਵੱਲੋਂ ਫਸਲਾਂ ਨੂੰ ਨਹਿਰੀ ਪਾਣੀ ਲੱਗਣਾ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਕਈ ਦਹਾਕਿਆਂ ਤੋਂ ਬਾਅਦ ਪਹਿਲੀ ਵਾਰ ਟੇਲਾਂ ਤੱਕ ਪਾਣੀ ਪੁੱਜਿਆ ਹੈ ਤੇ ਪਾਣੀ ਲਾਉਣ ਲਈ ਸੂਬੇ 'ਚ ਮੋਟਰਾਂ ਲਈ ਬਿਜਲੀ ਦੀ ਵੀ ਕੋਈ ਦਿੱਕਤ ਨਹੀਂ ਆ ਰਹੀ। ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਲ ਬਾਰੇ ਮੀਡੀਆ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਕੋ ਇਕ ਮਨਸ਼ਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਹਰ ਘਰ ਪੁੱਜੇ ਅਤੇ ਪ੍ਰਸਾਰਨ ਫ੍ਰੀ ਟੂ ਏਅਰ ਹੋਵੇ। ਕੈਬਨਿਟ ਮੰਤਰੀ ਨੇ ਕਿਹਾ ਕਿ ਕੁੱਝ ਥਾਵਾਂ 'ਤੇ ਜ਼ਿਲ੍ਹਾ ਅਤੇ ਹੇਠਲੇ ਪੱਧਰ ਉੱਤੇ ਮੀਡੀਆ ਕਰਮੀਆਂ ਦੇ ਵੱਖੋ ਵੱਖ ਗਰੁੱਪ ਬਣੇ ਹੋਣ ਕਾਰਨ ਸਰਕਾਰ ਨੂੰ ਪ੍ਰੈੱਸ ਕਲੱਬ ਦੀ ਸਥਾਪਤੀ ਵਿੱਚ ਦਿੱਕਤ ਆਉਂਦੀ ਹੈ। ਉਨ੍ਹਾ ਕਿਹਾ ਕਿ ਮੀਡੀਆ ਕਰਮੀਆਂ ਨੂੰ ਅਜਿਹੀਆਂ ਮੁਸ਼ਕਲਾਂ ਨੂੰ ਮਿਲ ਕੇ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਸਰਕਾਰ ਲਈ ਪ੍ਰੈੱਸ ਕਲੱਬ ਸਥਾਪਤ ਕਰਨ ਵਿੱਚ ਅਜਿਹੀਆਂ ਗੱਲਾਂ ਰੁਕਾਵਟ ਨਾ ਬਣਨ। ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਪ੍ਰੈੱਸ ਕਲੱਬ ਦਾ ਸੋਵੀਨਰ ਵੀ ਜਾਰੀ ਕੀਤਾ ਗਿਆ ਤੇ ਕਲੱਬ ਵੱਲੋਂ ਕੈਬਨਿਟ ਮੰਤਰੀ ਦਾ ਸਨਮਾਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਨਰਿੰਦਰ ਸਿੰਘ ਸ਼ੇਰਗਿੱਲ, ਚੇਅਰਮੈਨ ਮਿਲਕਫੈਡ ਨੇ ਕਿਹਾ ਕਿ ਪੰਜਾਬ ਵਿੱਚ ਆਪ ਸਰਕਾਰ ਬਣਨ ਬਾਅਦ ਖੁਸ਼ੀਆਂ ਦਾ ਦੌਰ ਸ਼ੁਰੂ ਹੋਇਆ ਹੈ। ਮੋਹਾਲੀ ਦੀ ਪ੍ਰੈੱਸ ਨੇ ਹਮੇਸ਼ਾ ਹੀ ਵੱਡਾ ਰੋਲ ਨਿਭਾਇਆ ਹੈ। ਉਨ੍ਹਾ ਭਰੋਸਾ ਦਿੱਤਾ ਕਿ ਮੋਹਾਲੀ ਦੀ ਪ੍ਰੈੱਸ ਦੀਆਂ ਦਿੱਕਤਾਂ ਦੂਰ ਕਰਦੇ ਹੋਏ ਸਾਰੀਆਂ ਮੰਗਾਂ ਦੀ ਪੂਰਤੀ ਲਈ ਕੰਮ ਕੀਤਾ ਜਾਵੇਗਾ।

ਪ੍ਰੈਸ ਕਲੱਬ ਦੇ ਮੈਂਬਰ ਅਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਪਿਤਾ ਜੋਰਾ ਸਿੰਘ ਮਾਨ ਨੇ ਇਸ ਮੌਕੇ ਆਪਣੇ ਤਜਰਬੇ ਸਾਂਝੇ ਕੀਤੇ। ਉਨ੍ਹਾ ਕਿਹਾ ਕਿ ਉਨ੍ਹਾ ਨੇ ਕਲੱਬ ਦੀ ਬਿਹਤਰੀ ਲਈ ਸਦਾ ਯਤਨ ਕੀਤੇ ਹਨ। ਇਸ ਮੌਕੇ ਐਮ.ਸੀ. ਸਰਬਜੀਤ ਸਿੰਘ ਸਮਾਣਾ, ਸਮਾਜ ਸੇਵਕਾ ਜਗਜੀਤ ਕੌਰ ਕਾਹਲੋਂ, ਨਰਿੰਦਰ ਸਿੰਘ ਸ਼ੇਰਗਿੱਲ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਮੋਹਾਲੀ ਪ੍ਰੈਸ ਕਲੱਬ ਦੀ ਗਵਰਨਿੰਗ ਬਾਡੀ ਟੀਮ ਜਿਨ੍ਹਾਂ ਵਿਚ ਗੁਰਮੀਤ ਸਿੰਘ ਸ਼ਾਹੀ ਪ੍ਰਧਾਨ, ਸੁਖਦੇਵ ਸਿੰਘ ਪਟਵਾਰੀ ਜਨਰਲ ਸਕੱਤਰ, ਮਨਜੀਤ ਸਿੰਘ ਚਾਨਾ ਸੀ. ਮੀਤ ਪ੍ਰਧਾਨ, ਸੁਸ਼ੀਲ ਗਰਚਾ ਅਤੇ ਵਿਜੇ ਕੁਮਾਰ ਮੀਤ ਪ੍ਰਧਾਨ, ਰਾਜੀਵ ਤਨੇਜਾ ਕੈਸ਼ੀਅਰ, ਮੈਡਮ ਨੀਲਮ ਠਾਕੁਰ ਤੇ ਮਾਇਆ ਰਾਮ ਜੁਆਇੰਟ ਸਕੱਤਰ, ਰਾਜ ਕੁਮਾਰ ਆਰਗੇਨਾਈਜ਼ਿੰਗ ਸਕੱਤਰ, ਫਤਹਿਗੜ੍ਹ ਸਾਹਿਬ ਤੋਂ ਉਚੇਚੇ ਤੌਰ 'ਤੇ ਐਡਵੋਕੇਟ ਅਮਰਿੰਦਰ ਸਿੰਘ ਮੰਡੋਫਲ, ਅਨਿਲ ਭਾਰਦਵਾਜ, ਹਰਦੇਵ ਚੌਹਾਨ, ਮਨੋਜ ਗਿਰਧਰ, ਹਰਬੰਸ ਸਿੰਘ ਬਾਗੜੀ, ਨਾਹਰ ਸਿੰਘ ਧਾਲੀਵਾਲ, ਕੁਲਦੀਪ ਗਿੱਲ, ਮੰਗਤ ਸਿੰਘ ਸੈਦਪੁਰ, ਅਮਨਦੀਪ ਸਿੰਘ ਗਿੱਲ, ਧਰਮ ਸਿੰਘ, ਹਰਿੰਦਰ ਪਾਲ ਸਿੰਘ ਹੈਰੀ, ਕ੍ਰਿਪਾਲ ਸਿੰਘ, ਸਾਗਰ ਪਾਹਵਾ, ਵਿਜੇ ਪਾਲ, ਗੁਰਜੀਤ ਸਿੰਘ, ਕੇ.ਐਸ. ਬਾਵਾ, ਬਿੰਦਰਾ, ਸੁਖਵਿੰਦਰ ਸਿੰਘ ਮਨੌਲੀ, ਐਚ.ਐਸ. ਭੱਟੀ, ਸੁਖਵਿੰਦਰ ਸ਼ਾਨ, ਜਸਵੀਰ ਸਿੰਘ ਗੋਸਲ, ਹਰਿੰਦਰ ਹਰ, ਨੌਨਿਹਾਲ ਸਿੰਘ ਸੋਢੀ, ਅਮਰਜੀਤ ਸਿੰਘ, ਰਾਜੀਵ ਵਸ਼ਿਸ਼ਟ, ਅਕਵਿੰਦਰ ਸਿੰਘ ਗੋਸਲ, ਕੁਲਦੀਪ ਸਿੰਘ, ਗੁਰਨਾਮ ਸਾਗਰ, ਰਣਜੀਤ ਸਿੰਘ ਧਾਲੀਵਾਲ, ਕੁਲਵੰਤ ਸਿੰਘ ਕੋਟਲੀ, ਨੇਹਾ ਵਰਮਾ, ਗੁਰਦੀਪ ਬੈਨੀਪਾਲ, ਤਿਲਕ ਰਾਜ, ਦਵਿੰਦਰ ਸਿੰਘ, ਵਾਸਨ ਸਿੰਘ ਗੁਰਾਇਆ ਸਮੇਤ ਅਨੇਕਾਂ ਪੱਤਰਕਾਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

29-June-PAGE-9.qxd 6/28/2023 10:40 PM Page 1



# ਨੀਲੇ ਰਾਸ਼ਨ ਕਾਰਡ ਕੱਟਣ ਕਾਰਨ ਲੋੜਵੰਦ ਲੋਕਾਂ 'ਚ ਮਚੀ ਹਾਹਾਕਾਰ

**ਨੰਗਲ** : ਸ਼ਹਿਰ ਅਤੇ ਨਾਲ ਲਗਦੇ ਪਿੰਡਾਂ ਦੇ ਲੋੜਵੰਦ ਗਰੀਬ ਲੋਕਾਂ ਦੇ ਨੀਲੇ ਰਾਸ਼ਨ ਕਾਰਡ ਕੱਟ ਹੋ ਜਾਣ ਕਾਰਨ ਲੋਕਾਂ 'ਚ ਹਾਹਾਕਾਰ ਮੱਚ ਗਈ ਹੈ। ਅੱਜ ਪੀੜਤ ਲੋਕਾਂ ਨੇ ਨਿਤਿਨ ਨੰਦਾ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਦੀ ਅਗਵਾਈ ਹੇਠ ਸਥਾਨਕ ਤਹਿਸੀਲ ਕੰਪਲੈਕਸ 'ਚ ਜ਼ੋਰਦਾਰ ਮੁਜ਼ਾਹਰਾ ਕੀਤਾ ਤੇ ਉਪ ਮੰਡਲ ਮੈਜਿਸਟ੍ਰੇਟ ਦੀ ਗੈਰ ਹਾਜ਼ਰੀ ਵਿੱਚ ਦਲਵਿੰਦਰ ਸਿੰਘ ਨਾਇਬ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਮੰਗ ਕੀਤੀ ਗਈ ਕਿ ਬਿਨਾਂ ਤਫਤੀਸ਼ ਪੜਤਾਲ ਕੀਤਿਆਂ ਲੋੜਵੰਦ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਗਏ ਹਨ। ਇਨ੍ਹਾਂ ਨੂੰ ਫੌਰੀ ਤੌਰ 'ਤੇ ਬਹਾਲ ਕੀਤਾ ਜਾਵੇ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਨਿਤਿਨ ਨੰਦਾ, ਕਾਮਰੇਡ ਸੁਰਜੀਤ ਸਿੰਘ ਢੇਰ ਅਤੇ ਰਕੇਸ਼ ਬਾਲੀ ਕਲਸੇੜਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੇ ਨੀਲੇ ਰਾਸ਼ਨ ਕਾਰਡ ਬਣਾਏ ਹਨ ਪਰ ਮੌਜੂਦਾ ਪੰਜਾਬ ਸਰਕਾਰ ਨੇ ਚੋਣਾਂ 'ਚ ਇਹ ਵਾਅਦਾ ਕੀਤਾ ਸੀ ਕਿ ਰਾਸ਼ਨ ਘਰ ਘਰ ਦਿੱਤਾ ਜਾਵੇਗਾ। ਇਥੋਂ ਤੱਕ ਕਿ ਸਰਕਾਰ ਨੇ ਘਰ ਘਰ ਆਟਾ ਦਾਲ ਦੇਣ ਦੀ ਸਕੀਮ ਵੀ ਸ਼ੁਰੂ ਕੀਤੀ ਸੀ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਹੁਣ ਸ਼ਹਿਰ ਵਾਸੀਆਂ ਸਮੇਤ ਪਿੰਡਾਂ ਦੇ ਲੋਕਾਂ ਦੇ ਹਜ਼ਾਰਾਂ ਨੀਲੇ ਕਾਰਡ ਕੱਟ ਦਿੱਤੇ ਹਨ। ਲੋਕਾਂ ਦੀ ਭਾਰੀ ਖੱਜਲ ਖੁਆਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕਾਰਡ ਕੱਟਣ ਵਾਲੇ ਅਧਿਕਾਰੀ ਦੱਸਣ ਕਿ ਉਨ੍ਹਾਂ ਨੇ ਕਿਸ ਮਾਪਦੰਡ ਨੂੰ ਅਧਾਰ ਬਣਾਇਆ ਹੈ। ਬਿਨਾਂ ਕੌਂਸਲਰਾਂ ਅਤੇ ਸਰਪੰਚਾਂ ਨੂੰ ਪੁੱਛਿਆਂ ਇਹ ਕੁਹਾੜਾ ਗਰੀਬ ਲੋਕਾਂ 'ਤੇ ਚਲਾ ਦਿਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇੱਕ ਵੀ ਨਵਾਂ ਕਾਰਡ ਨਹੀਂ ਬਣਾਇਆ ਪਰ ਕੱਟਣ ਉਤੇ ਜ਼ੋਰ ਲਗਾ ਦਿੱਤਾ ਹੈ। ਇਸ ਮੌਕੇ ਇਹ ਵੀ ਕਿਹਾ ਕਿ ਫਲਾਈਓਵਰ ਦੇ ਲਟਕੇ ਕੰਮ ਕਾਰਨ ਨੰਗਲ ਸ਼ਹਿਰ ਉਜੜ ਗਿਆ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਲਗਾਤਾਰ ਝੂਠ ਬੋਲ ਰਿਹਾ ਹੈ। ਲੰਘੀ



14 ਜੂਨ ਨੂੰ ਉਨ੍ਹਾ ਨੇ ਬਿਆਨ ਦਿੱਤਾ ਸੀ ਕਿ ਲੋੜਵੰਦਾਂ ਲੋਕਾਂ ਦੇ ਨੀਲੇ ਰਾਸ਼ਨ ਕਾਰਡ ਸਹੀ ਕਰ ਦਿੱਤੇ ਜਾਣਗੇ ਪਰ ਅੱਜ ਦੋ ਹਫਤੇ ਬੀਤ ਜਾਣ 'ਤੇ ਵੀ ਇੱਕ ਵੀ ਕਾਰਡ ਠੀਕ ਨਹੀਂ ਕੀਤਾ ਗਿਆ। ਜਦੋਂ ਕਿ ਪੰਜਾਬ ਸਰਕਾਰ ਦਾ ਪੋਰਟਲ ਬੰਦ ਆ ਰਿਹਾ ਹੈ। ਹਾਜ਼ਰ ਲੋਕਾਂ ਨੇ ਪ੍ਰਸ਼ਾਸਨ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ 10 ਦਿਨਾਂ ਦੇ ਅੰਦਰ ਅੰਦਰ ਕਾਰਡ ਠੀਕ ਕਰ ਦਿੱਤੇ ਜਾਣ, ਨਹੀਂ ਖਾੜਕੂ ਐਕਸ਼ਨ ਕੀਤਾ ਜਾਵੇਗਾ। ਇਸ ਮੌਕੇ ਸੰਜੀਵ ਕੁਮਾਰ, ਮੋਹਿਤ ਕੁਮਾਰ, ਗੁਰਜੀਤ ਸਿੰਘ, ਅਮਰਜੀਤ ਸਿੰਘ, ਤਲਵਿੰਦਰ ਕੁਮਾਰ, ਵਰਿੰਦਰ ਕੁਮਾਰ, ਵਿੱਕੀ ਧੀਮਾਨ, ਸੋਨੂ ਖਮੇੜਾ, ਹਰੀ ਕ੍ਰਿਸ਼ਨ, ਦੀਪ ਸਿੰਘ, ਰਣਬਹਾਦਰ ਸਿੰਘ, ਫੁੰਮਣ ਸਿੰਘ ਦੜੋਲੀ ਸਮੇਤ ਔਰਤਾਂ ਵੀ ਹਾਜ਼ਰ ਸਨ। ਆਉਣ ਵਾਲੇ ਦਿਨਾਂ ਵਿੱਚ ਜੇਕਰ ਕਾਰਡ ਬਹਾਲ ਨਾ ਕੀਤੇ ਤਾਂ ਫਿਰ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ।ਇਸ ਤੋਂ ਬਾਅਦ ਪੀੜਤ ਲੋਕਾਂ ਨੇ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਨੂੰ ਮੰਗ ਪੱਤਰ ਦਿੱਤਾ। ਉਨ੍ਹਾ ਭਰੋਸਾ ਦਿੱਤਾ ਕਿ ਗਲਤ ਕੱਟੇ ਹੋਏ ਰਾਸ਼ਨ ਕਾਰਡ ਬਹਾਲ ਕਰ ਦਿੱਤੇ ਜਾਣਗੇ। ਇਸ ਮੌਕੇ ਲੋਕਾਂ ਨੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

# ਮੀਤ ਹੇਅਰ ਵੱਲੋਂ ਕ੍ਰਿਕਟ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਮੁਹਾਲੀ ਨੂੰ ਬਾਹਰ ਕਰਨ ਦੀ ਸਖਤ ਨਿਖੇਧੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਇਸ ਸਾਲ ਅਕਤੂਬਰ-ਨਵੰਬਰ ਮਹੀਨੇ ਭਾਰਤ ਵਿੱਚ ਹੋਣ ਵਾਲੇ ਇਕ ਰੋਜ਼ਾ ਕ੍ਰਿਕਟ ਵਿਸ਼ਵ ਕੱਪ-2023 ਦੇ ਅੱਜ ਜਾਰੀ ਹੋਏ ਸ਼ਡਿਊਲ ਵਿੱਚ ਮੇਜ਼ਬਾਨੀ ਵਾਲੇ ਸ਼ਹਿਰਾਂ ਦੀ ਸੂਚੀ ਵਿੱਚੋਂ ਮੁਹਾਲੀ ਨੂੰ ਬਾਹਰ ਰੱਖਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਫੈਸਲੇ ਨੂੰ ਰਾਜਸੀ ਕਾਰਨਾਂ ਤੋਂ ਪ੍ਰੇਰਿਤ ਦੱਸਿਆ। ਅੱਜ ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਮੀਤ ਹੇਅਰ ਨੇ ਕਿਹਾ ਕਿ ਵਿਸ਼ਵ ਕੱਪ ਦੇ ਮੈਚਾਂ ਦੀ ਮੇਜ਼ਬਾਨੀ ਤੋਂ ਬਾਹਰ ਰੱਖਣਾ ਪੰਜਾਬ ਨਾਲ ਖੁੱਲ੍ਹੇਆਮ ਵਿਤਕਰੇਬਾਜ਼ੀ ਹੈ ਕਿਉਂਕਿ ਪੀ ਸੀ ਏ ਸਟੇਡੀਅਮ ਮੁਹਾਲੀ ਦੇ ਬਣਨ ਤੋਂ ਬਾਅਦ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਭਾਰਤ ਵਿੱਚ ਵਿਸ਼ਵ ਕੱਪ ਹੋ ਰਿਹਾ ਹੈ ਅਤੇ ਮੁਹਾਲੀ ਵਿਖੇ ਕੋਈ ਮੈਚ ਨਹੀਂ ਹੋ ਰਿਹਾ। ਉਨ੍ਹਾ ਕਿਹਾ ਕਿ 1996 ਅਤੇ 2011 ਵਿੱਚ ਮੁਹਾਲੀ ਵਿਖੇ ਵਿਸ਼ਵ ਕੱਪ ਦੇ ਸੈਮੀ ਫਾਈਨਲ ਖੇਡੇ ਗਏ ਜਦੋਂਕਿ ਇਸ ਵਾਰ ਇਕ ਲੀਗ ਮੈਚ ਦੀ ਵੀ ਮੇਜ਼ਬਾਨੀ ਨਹੀਂ ਮਿਲੀ। ਅਹਿਮਦਾਬਾਦ ਨੂੰ ਉਦਘਾਟਨੀ ਤੇ ਫਾਈਨਲ ਮੈਚ ਤੋਂ ਇਲਾਵਾ ਭਾਰਤ-ਪਾਕਿਸਤਾਨ ਮੈਚ ਦੀ ਮੇਜ਼ਬਾਨੀ ਵੀ ਮਿਲੀ ਹੈ। ਮੀਤ ਹੇਅਰ ਨੇ ਕਿਹਾ ਕਿ ਪੀ ਸੀ ਏ ਸਟੇਡੀਅਮ ਮੁਹਾਲੀ ਨਾ ਸਿਰਫ ਭਾਰਤ ਦੇ ਪਹਿਲੇ ਪੰਜ ਸਟੇਡੀਅਮਾਂ ਵਿੱਚੋਂ ਇਕ ਹੈ ਬਲਕਿ ਦੁਨੀਆ ਦੇ ਚੋਣਵੇਂ ਸਟੇਡੀਅਮਾਂ ਦੀ ਸੂਚੀ ਵਿੱਚ ਆਉਂਦਾ ਹੈ। ਕ੍ਰਿਕਟ ਪ੍ਰੇਮੀਆਂ ਦੀ ਪਹਿਲੀ ਪਸੰਦ ਮੁਹਾਲੀ ਨੂੰ ਮੇਜ਼ਬਾਨ ਸੈਣੀ ਵਿੱਚ ਬਾਹਰ ਰੱਖਣਾ ਸਿਆਸਤ ਤੋਂ ਪ੍ਰੇਰਿਤ ਹੈ। ਪੰਜਾਬ ਨਾਲ ਇਸ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਇਸ ਵਿਤਕਰੇਬਾਜ਼ੀ ਦਾ ਮੁੱਦਾ ਬੀ ਸੀ ਸੀ ਆਈ ਕੋਲ ਉਠਾਵੇਗੀ। ਖੇਡ ਮੰਤਰੀ ਨੇ ਅੱਗੇ ਕਿਹਾ ਕਿ ਮੁਹਾਲੀ ਵਿਖੇ ਜਿੱਥੇ ਕੌਮਾਂਤਰੀ ਹਵਾਈ ਅੱਡਾ ਹੈ ਉੱਥੇ ਸ਼ਹਿਰ ਵਿੱਚ ਬਿਹਤਰ ਬੁਨਿਆਦੀ ਢਾਂਚਾ ਅਤੇ ਟੀਮਾਂ ਦੇ ਰਹਿਣ ਲਈ ਲੋੜੀਂਦੇ ਹੋਟਲ ਵੀ ਹਨ। ਮੁਹਾਲੀ ਵਿਖੇ ਮੈਚ ਹੋਣ ਨਾਲ ਖੇਡ ਸੈਰ ਸਪਾਟਾ ਨੂੰ ਵੱਡਾ ਹੁਲਾਰਾ ਮਿਲਣਾ ਸੀ ਅਤੇ ਖੇਡਾਂ ਨਾਲ ਜੁੜੇ ਦੇਸ਼ ਵਿਦੇਸ਼ ਦੇ ਸੈਲਾਨੀਆਂ ਨੇ ਪੰਜਾਬ ਆਉਣਾ ਸੀ ਜਿਸ ਨਾਲ ਸੂਬੇ ਦੀ ਅਰਥ ਵਿਵਸਥਾ ਨੂੰ ਹੋਰ ਵੀ ਹੁਲਾਰਾ ਮਿਲਣਾ ਸੀ।

## ਪੀ ਸੀ ਐੱਮ ਐੱਸ ਡੀ ਕਾਲਜ 'ਚ ਕੁਇਜ਼ ਮੁਕਾਬਲੇ



**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ ਕਾਲਜ ਦੀ ਇਕਨਾਮਿਕਸ ਐਸੋਸੀਏਸ਼ਨ ਨੇ ਕੁਇਜ਼ ਮੁਕਾਬਲਾ ਕਰਵਾਇਆ। ਇਸ ਦੌਰਾਨ ਵੱਖ-ਵੱਖ ਸਟਰੀਮ ਦੇ ਅਰਥ ਸ਼ਾਸਤਰ ਵਿਭਾਗ ਦੇ ਵਿਦਿਆਰਥੀਆਂ ਨੇ ਇਸ ਪ੍ਰਤੀਯੋਗਤਾ 'ਚ ਭਾਗ ਲਿਆ ਅਤੇ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਚਾਰ ਕੁਇਜ਼ਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ ਗਿਆ ਸੀ ਜਿਸ 'ਚ ਕ੍ਰਾਸਵਰਡਸ, ਪਿਕਚਰ ਪਜਲ, ਐਮ ਸੀ ਕਿਊ ਆਦਿ ਕਈ ਵਿਸ਼ਿਆਂ ਜਿਵੇਂ ਕਿ ਮਾਈਕਰੋ-ਇਕਨਾਮਿਕਸ, ਮੈਕਰੋ ਇਕਨਾਮਿਕਸ, ਡਿਵੈਲਪਮੈਂਟ ਇਕਨਾਮਿਕਸ, ਇੰਟਰਨੈਸ਼ਨਲ ਇਕਨਾਮਿਕਸ ਆਦਿ ਸ਼ਾਮਲ ਸਨ। ਉਨ੍ਹਾਂ ਦੀ ਸਮਝ ਕੁੱਲ 17 ਭਾਗੀਦਾਰ ਸਨ, ਜਿਨ੍ਹਾਂ ਵਿੱਚੋਂ ਚਾਰ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਬੀ ਏ ਸਮੈਸਟਰ ਛੇਵੇਂ ਦੀ ਪੂਜਾ ਨੇ ਪਹਿਲਾ, ਬੀ ਏ/ਬੀ ਐਡ ਸਮੈਸਟਰ ਚੌਥੇ ਦੀ ਦੀਪੂ ਰਾਣਾ ਨੇ ਪਹਿਲਾ ਸਥਾਨ ਹਾਸਲ ਕੀਤਾ। ਬੀ ਏ ਸਮੈਸਟਰ ਛੇਵੇਂ ਦੀ ਤਜਿੰਦਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਵਿੱਚ ਬੀ ਐਸ ਸੀ ਅਰਥ ਸ਼ਾਸਤਰ ਸਮੈਸਟਰ ਚੌਥੇ ਦੀ ਦਿਵਿਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਮੈਂਬਰ, ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਅਤੇ ਵਿਭਾਗ ਦੇ ਫੈਕਲਟੀ ਮੈਂਬਰਾਂ ਨੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਗੁਰਮਤਿ ਸਮਾਗਮ 3 ਨੂੰ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ (ਰਜਿ.) ਟਾਂਡਾ ਵੱਲੋਂ ਸ੍ਰੀ ਗੁਰੂ ਰਵਿਦਾਸ ਭਵਨ ਦਸਮੇਸ਼ ਨਗਰ ਟਾਂਡਾ ਵਿਖੇ 3 ਜੁਲਾਈ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਜਗਦੀਸ਼ ਕੁਮਾਰ ਰਿੰਕਾ ਅਤੇ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਭਵਨ ਦਸਮੇਸ਼ ਨਗਰ ਟਾਂਡਾ ਦੇ ਸਥਾਪਨਾ ਦਿਵਸ ਤੇ ਪੂਰਨਮਾਸ਼ੀ ਦੇ ਦਿਹਾੜੇ 'ਤੇ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਕਰਵਾਏ ਜਾ ਰਹੇ ਇਸ ਸਮਾਗਮ ਦੌਰਾਨ ਭਾਈ ਵਰਿੰਦਰ ਸਿੰਘ ਖੱਖ, ਭਾਈ ਸੁਰਜੀਤ ਸਿੰਘ ਦਸਮੇਸ਼ ਨਗਰ ਟਾਂਡਾ ਤੇ ਭਾਈ ਜਸਵੀਰ ਸਿੰਘ ਦਸਮੇਸ਼ ਨਗਰ ਟਾਂਡੇ ਵਾਲੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## 30 ਗ੍ਰਾਮ ਹੈਰੋਇਨ ਸਮੇਤ 2 ਕਾਬੂ



**ਫਿਲੌਰ (ਨਿਰਮਲ)**- ਡੀ.ਐਸ.ਪੀ ਫਿਲੌਰ ਜਗਦੀਸ ਰਾਜ ਜੀ ਦੀ ਅਗਵਾਈ ਹੇਠ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ ਇੱਕ ਮਹਿਲਾ ਅਤੇ ਇੱਕ ਪੁਰਸ਼ ਨਸ਼ਾ ਤਸਕਰ ਨੂੰ 30 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਸਬ ਇੰਸਪੈਕਟਰ ਪਰਮਜੀਤ ਸਿੰਘ ਵੱਲੋਂ ਮਿਤੀ 26.06.2023 ਨੂੰ ਸਰਬਜੀਤ ਕੌਰ ਪਤਨੀ ਰਵੇਲ ਚੰਦ ਵਾਸੀ ਗੰਨਾ ਪਿੰਡ ਥਾਣਾ ਫਿਲੌਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 19 ਗ੍ਰਾਮ ਹੈਰੋਇਨ ਬਰਾਮਦ ਕੀਤੀ ਜਿਸ ਨੇ ਦੱਸਿਆ ਕਿ ਉਹ ਇਹ ਹੈਰੋਇਨ ਜੈਮਸ ਮਸੀਹ ਪੁੱਤਰ ਬੱਬਲ ਮਸੀਹ ਵਾਸੀ ਪਿੰਡ ਬੂਟਾ ਜ਼ਿਲ੍ਹਾ ਜਲੰਧਰ ਹਾਲ ਵਾਸੀ ਉੱਚੀ ਘਾਟੀ ਥਾਣਾ ਫਿਲੌਰ ਪਾਸੋਂ ਖ੍ਰੀਦ ਕਰਕੇ ਵੇਚਦੀ ਹੈ। ਜੈਮਸ ਮਸੀਹ ਨੂੰ ਗ੍ਰਿਫ਼ਤਾਰ ਕਰਕੇ ਇਸ ਪਾਸੋਂ 11 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 168 ਮਿਤੀ 26.06.2023 ਜੁਰਮ 21ਬੀ/29 ਐਨ.ਡੀ.ਪੀ.ਐਸ ਐਕਟ ਤਹਿਤ ਥਾਣਾ ਫਿਲੌਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਪੀਰ ਬਾਬਾ ਮੰਗੂ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਰਹੱਲੀ ਵਿਖੇ ਦਰਬਾਰ ਨੂਰੇ ਖੁਦਾ ਪੀਰ ਬਾਬਾ ਮੰਗੂ ਸ਼ਾਹ ਦੇ ਅਸਥਾਨ 'ਤੇ ਪੀਰ ਬਾਬਾ ਮੰਗੂ ਸ਼ਾਹ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ 30 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ ਨੇ ਦੱਸਿਆ ਕਿ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਾਲਾਨਾ ਜੋੜ ਮੇਲੇ ਦੌਰਾਨ ਪੰਜਾਬ ਦੇ ਨਾਮਵਰ ਕਲਾਕਾਰਾਂ ਨਕਾਲ, ਕਵਾਲ ਪੀਰਾਂ ਦੀ ਮਹਿਫਲ ਸਜਾਉਣਗੇ। ਸਾਈਂ ਕਰਨੈਲ ਸਾਹ ਸਾਹਨੀ ਸਮੇਤ ਵੱਡੀ ਗਿਣਤੀ ਵਿਚ ਫੱਕਰ ਫਕੀਰ ਪੁੱਜ ਕੇ ਦਰਬਾਰ ਦੀ ਹਾਜਰੀ ਭਰਨਗੇ। ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## ਚੱਬੇਵਾਲ ਨੇ ਨਵੀਂ ਬਣੀ ਲਿੰਕ ਸੜਕ ਦਾ ਉਦਘਾਟਨ ਕੀਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਵਿਖੇ ਨਾਥਾ ਦੇ ਡੇਰੇ ਨੂੰ ਅਤੇ ਬਾਜੀਗਰ ਮੁਹੱਲੇ ਨੂੰ ਜਾਂਦੀ ਸੜਕ ਦਾ ਉਦਘਾਟਨ ਮੁੱਖ ਮਹਿਮਾਨ ਡਾਕਟਰ ਰਾਜ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਕੀਤਾ। ਸਰਪੰਚ ਜਸਵਿੰਦਰ ਸਿੰਘ ਠੱਕਰਵਾਲ ਨੰਬਰਦਾਰ, ਜ਼ਿਲ੍ਹਾ ਪ੍ਰੀਸਦ ਮੈਂਬਰ ਨੇ ਦੱਸਿਆ ਕਿ ਇਸ ਸੜਕ ਦੀ ਕਾਫੀ ਸਮੇਂ ਤੋਂ ਮੰਗ ਚੱਲੀ ਆ ਰਹੀ ਸੀ। ਪਿੰਡ ਵਾਸੀਆਂ ਨੇ ਮੁੱਖ ਮਹਿਮਾਨ ਵਿਧਾਇਕ ਚੱਬੇਵਾਲ ਦਾ ਫੁੱਲਾਂ ਦੇ ਹਾਰ ਪਾ ਕੇ ਸ਼ਾਨਦਾਰ ਸਵਾਗਤ ਕੀਤਾ। ਵਿਧਾਇਕ ਨੇ ਪਿੰਡ ਦੇ ਵਿਕਾਸ ਕਾਰਜਾਂ ਲਈ 15 ਲੱਖ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸਰਪੰਚ ਜਸਵਿੰਦਰ ਸਿੰਘ ਠੱਕਰਵਾਲ ਨੰਬਰਦਾਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਜਥੇਦਾਰ ਰਘਬੀਰ ਸਿੰਘ ਠੱਕਰਵਾਲ, ਮਾਸਟਰ ਸਰਬਜੀਤ ਸਿੰਘ ਮੰਝ, ਕੈਪਟਨ ਗਿਆਨ ਸਿੰਘ, ਠੇਕੇਦਾਰ ਰਵੀ ਕੁਮਾਰ ਰਹੱਲੀ, ਮਨਜੀਤ ਸਿੰਘ ਪੰਚ, ਦਲਜੀਤ ਸਿੰਘ ਪੰਚ, ਸੁਮਨ ਕੁਮਾਰੀ ਪੰਚ, ਜੋਗਿੰਦਰ ਕੌਰ ਪੰਚ, ਰਣਜਿੰਦਰ ਸਿੰਘ, ਕੈਪਟਨ ਅਮਨਚੈਨ ਸਿੰਘ, ਡਾਕਟਰ ਪਰਮਜੀਤ ਸਿੰਘ ਠੱਕਰਵਾਲ, ਹਰਵਿੰਦਰ ਸਿੰਘ ਸੋਨਾ, ਜਸਵਿੰਦਰ ਸਿੰਘ, ਗਿਆਨ ਚੰਦ, ਸੁਰਿੰਦਰ ਸਿੰਘ ਸ਼ਿੰਦਾ, ਸੇਵਾ ਸਿੰਘ, ਰਤਨ ਚੰਦ, ਜਰਨੈਲ ਸਿੰਘ, ਵਰਿੰਦਰਜੀਤ ਸਿੰਘ, ਕਰਮਜੀਤ ਸਿੰਘ, ਹਰਮੇਸ਼ ਚੰਦ, ਬਲਵੀਰ ਸਿੰਘ, ਕੁਲਵਿੰਦਰ ਸਿੰਘ, ਹਰਜਿੰਦਰ ਸਿੰਘ ਸਾਬੀ, ਮਨਜੀਤ ਸਿੰਘ, ਦਲਜੀਤ ਸਿੰਘ ਮੰਝ ਆਦਿ ਹਾਜਰ ਸਨ।

## 'ਮੇਰਾ ਬੂਥ, ਸਭ ਤੋਂ ਮਜ਼ਬੂਤ' ਪ੍ਰੋਗਰਾਮ ਮੌਕੇ ਚਰਚਾ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਕਲਵਾਂ ਫਾਰਮ ਹਾਊਸ ਵਿਖੇ ਭਾਜਪਾ ਆਗੂਆਂ ਨੇ ਮੱਧ ਪ੍ਰਦੇਸ਼ ਦੇ ਭੋਪਾਲ ਵਿਖੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਲੱਖਾਂ ਵਰਕਰਾਂ ਨਾਲ ਕੀਤੇ ਜਨ ਸੰਵਾਦ 'ਮੇਰਾ ਬੂਥ, ਸਭ ਤੋਂ ਮਜਬੂਤ' ਪ੍ਰੋਗਰਾਮ ਨੂੰ ਸਮੂਹਿਕ ਰੂਪ 'ਚ ਵੇਖਿਆ।



ਇਸ ਮੌਕੇ ਬੈਠਕ 'ਚ ਮੌਜੂਦ ਪਾਰਟੀ ਬੁਲਾਰਾ ਬਾਲਕ੍ਰਿਸ਼ਨ ਕੁੱਕੂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਭ ਤੋਂ ਵੱਡੀ ਤਾਕਤ ਪਾਰਟੀ ਦੇ ਸਾਰੇ ਵਰਕਰ ਹਨ। ਉਨ੍ਹਾਂ ਕਿਹਾ ਕਿ ਮੋਦੀ ਦੀ ਅਗਵਾਈ ਹੇਠ ਭਾਰਤ ਅੱਜ ਵਿਕਾਸ ਦੀਆਂ ਨਵੀਆਂ ਉੱਚਾਈਆਂ ਛੂਹ ਰਿਹਾ ਹੈ। ਜਦੋਂ ਕਿ ਝੱਜ ਸਰਕਲ ਪ੍ਰਧਾਨ ਸੰਤੋਖ ਸਿੰਘ ਨੇ ਕਿਹਾ ਕਿ ਜੋ ਕੰਮ ਭਾਰਤੀ ਜਨਤਾ ਪਾਰਟੀ ਦੀ ਐਨਡੀਏ ਸਰਕਾਰ ਨੇ ਜਮੀਨੀ ਪੱਧਰ 'ਤੇ ਕੀਤੇ ਹਨ, ਉਹ ਕਿਸੇ ਵੀ ਪਾਰਟੀ ਨੇ 70 ਸਾਲਾਂ ਵਿੱਚ ਨਹੀਂ ਕੀਤੇ। 2014 ਤੋਂ ਪਹਿਲਾਂ ਦੇ ਭਾਰਤ ਅਤੇ ਅੱਜ ਦੇ ਭਾਰਤ ਵਿੱਚ ਬਹੁਤ ਅੰਤਰ ਹੈ। ਭਾਰਤ ਵਿੱਚ 2014 ਤੋਂ ਪਹਿਲਾਂ ਤਤਕਾਲੀ ਸਰਕਾਰ ਫੈਸਲੇ ਨਹੀਂ ਲੈਂਦੀ ਸੀ, ਸਿਰਫ ਲਟਕਾਉਣਾ ਹੀ ਉਸ ਦਾ ਕੰਮ ਸੀ। 2014 ਤੋਂ ਪਹਿਲਾਂ ਭਾਰਤ ਵਿੱਚ ਭ੍ਰਿਸ਼ਟਾਚਾਰ ਵੀ ਸਿਖਰਾਂ 'ਤੇ ਸੀ। 2014 ਤੋਂ ਬਾਅਦ ਦੇਸ਼ ਨੇ ਬੇਮਿਸਾਲ ਤਰੱਕੀ ਕੀਤੀ ਹੈ। ਇਸ ਮੌਕੇ ਰਾਮ ਬੂੰਗੜੀ, ਡਾ. ਜੀਵਨ ਚੌਧਰੀ, ਅਸ਼ਵਨੀ ਕੁਮਾਰ, ਰਾਮ ਰੌੜੂਆਣਾ, ਮਹਿੰਦਰਪਾਲ ਸਿੰਘ, ਸੁਰਿੰਦਰਪਾਲ ਸੇਠੀ, ਕਵੀ ਜੀ, ਉਮਾ ਜੀ, ਰੇਖਾ ਜੀ, ਕਰਨ ਰਾਜਪੂਤ, ਪਵਨ ਕੁਮਾਰ ਦੀਪੂ ਆਦਿ ਮੌਜੂਦ ਸਨ।

## ਬਾਬਾ ਨਰਾਇਣ ਦਾਸ ਦੀ ਬਰਸੀ ਸ਼ਰਧਾਪੂਰਵਕ ਮਨਾਈ

**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਕੰਧਾਲਾ ਜੱਟਾਂ ਵਿਖੇ ਬਾਬਾ ਨਰਾਇਣ ਦਾਸ ਦੀ ਸਾਲਾਨਾ ਬਰਸੀ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਅਤੇ ਮੁੱਖ ਸੇਵਾਦਾਰ ਦੀ ਬਾਬਾ ਭਜਨ ਦਾਸ ਦੀ ਅਗਵਾਈ ਹੇਠ ਮਨਾਈ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਇਸ ਮੌਕੇ ਕੀਰਤਨੀ ਜਥਾ ਓਂਕਾਰ ਜੱਸੀ ਡੇਰਾ ਸੱਚਖੰਡ ਬੱਲਾਂ, ਜਸਪ੍ਰੀਤ ਕੌਰ ਅਤੇ ਬੀਬੀ ਮਨਪ੍ਰੀਤ ਕੌਰ ਕੀਰਤਨੀ ਜਥਾ, ਭਾਈ ਜਸਮੀਤ ਸਿੰਘ ਖਰਲ ਖੁਰਦ, ਭਾਈ ਜੋਗਿੰਦਰ ਸਿੰਘ , ਐਚ ਐਸ ਬਾਵਾ ਬੇਗਮਪੁਰੀ, ਸਤਪਾਲ ਭੱਟੀ ਕਾਲਰਾ ਅਤੇ ਹੋਰ ਜੱਥਿਆਂ ਨੇ ਗੁਰੂ ਕੇ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਸਰਪੰਚ ਜੋਗਿੰਦਰ ਸਿੰਘ ਹੀਰ, ਮੰਗੂ ਰਾਮ ਫਰੀਦਪੁਰ, ਗੁਰਮੇਲ ਸਿੰਘ ਸੂਬੇਦਾਰ, ਪ੍ਰਿੰਸੀਪਲ ਡਾ. ਅਰਮਨਪ੍ਰੀਤ ਸਿੰਘ, ਲਾਡੀ ਟੈਂਟ ਹਾਊਸ, ਚਮਨਪ੍ਰੀਤ ਸਿੰਘ, ਜਸਵੀਰ ਸਿੰਘ ਲੱਕੀ, ਕੁਲਵੰਤ ਸਿੰਘ ਕ੍ਰਾਂਤੀ, ਮਨਦੀਪ ਸਿੰਘ, ਅਮਰਜੀਤ ਸਿੰਘ ਹੀਰ, ਗੁਰਜੀਤ ਸਿੰਘ, ਕੁਲਦੀਪ ਸਿੰਘ, ਬਲਾਕ ਸੰਮਤੀ ਮੈਂਬਰ ਰਾਜ ਕੁਮਾਰੀ, ਰਛਪਾਲ ਸਿੰਘ, ਸਰਬਜੀਤ ਸਿੰਘ ਅਤੇ ਨਗਰ ਦੀਆਂ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਯੂਨੀਵਰਸਲ ਇਮਯੂਨਾਈਜੇਸ਼ਨ ਪ੍ਰੋਗਰਾਮ ਦੇ ਡਿਜੀਟਾਈਜੇਸ਼ਨ ਲਈ ਯੂ-ਵਿਨ ਦੀ ਸ਼ੁਰੂਆਤ

**ਚੰਡੀਗੜ੍ਹ, ( ਗੁਰਜੀਤ ਬਿੱਲਾ )** -ਸੂਬੇ ਦੇ ਦੋ ਜ਼ਿਲ੍ਹਿਆਂ ਹੁਸ਼ਿਆਰਪੁਰ ਅਤੇ ਐਸ.ਬੀ.ਐਸ.ਨਗਰ ਵਿੱਚ ਯੂਨੀਵਰਸਲ ਇਮਯੂਨਾਈਜੇਸ਼ਨ ਪ੍ਰੋਗਰਾਮ (ਯੂਆਈਪੀ) ਦੇ ਡਿਜੀਟਾਈਜੇਸ਼ਨ ਦੀ ਸਫਲਤਾ ਉਪਰੰਤ, ਪੰਜਾਬ ਸਿਹਤ ਵਿਭਾਗ ਅਗਸਤ ਮਹੀਨੇ ਤੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਯੂਆਈਪੀ ਲਈ ਡਿਜੀਟਲ ਪਲੇਟਫਾਰਮ ਯੂ-ਵਿਨ ਨੂੰ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਪ੍ਰਮੁੱਖ ਪ੍ਰੋਗਰਾਮ ਨੇ ਦੋਵਾਂ ਜ਼ਿਲ੍ਹਿਆਂ ਵਿੱਚ 92 ਫੀਸਦੀ ਸੈਸ਼ਨ ਸਾਈਟਾਂ ਨੂੰ ਰਜਿਸਟਰ ਕਰਕੇ ਲੋੜੀਂਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ। ਇਸਦੇ ਨਾਲ ਹੀ ਗਰਭ ਅਵਸਥਾ ਸਬੰਧੀ 102 ਫੀਸਦੀ ਨਵਜੰਮੇ ਰਜਿਸਟਰ ਕੀਤੇ ਗਏ ਹਨ ਅਤੇ ਇਸ ਡਿਜੀਟਲ ਪਲੇਟਫਾਰਮ ਰਾਹੀਂ 90 ਫੀਸਦੀ ਰਜਿਸਟਰਡ ਨਵਜੰਮੇ ਬੱਚਿਆਂ ਨੂੰ ਜਨਮ ਸਮੇਂ ਟੀਕਿਆਂ ਦੀ ਖੁਰਾਕਾਂ ਮੁਹੱਈਆ ਕਰਵਾਈਆਂ ਗਈਆਂ। ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਵੀਡੀਓ ਕਾਨਫਰੰਸ ਰਾਹੀਂ ਸ਼ਾਮਲ ਹੋਏ ਸਿਹਤ ਮੰਤਰੀ ਇੱਥੇ ਸ਼ੁਰੂ ਹੋਈ ਯੂ-ਵਿਨ ਲਈ ਟ੍ਰੇਨਰਾਂ ਦੀ ਸਿਖਲਾਈ ਸਬੰਧੀ ਦੋ ਰੋਜ਼ਾ ਸੂਬਾ ਪੱਧਰੀ ਵਰਕਸ਼ਾਪ ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਟੀਕਾਕਰਨ, ਵੈਕਸੀਨ ਨਾਲ ਰੋਕੀਆਂ ਜਾਣ ਵਾਲੀਆਂ ਬਿਮਾਰੀਆਂ ਅਤੇ ਯੂਪੀਆਈ ਦੇ ਪੰਜਾਬ ਵਿੱਚ ਫੈਲਾਅ ਨੂੰ ਰੋਕਣ ਲਈ ਪ੍ਰਮਾਣਿਤ ਅਤੇ ਕਿਫ਼ਾਇਤੀ ਰਣਨੀਤੀ ਹੈ ਜੋ 11 ਬਿਮਾਰੀਆਂ ਨੂੰ ਕਵਰ ਕਰਦੀ ਹੈ ਅਤੇ ਇਸ ਦਾ ਟੀਚਾ ਹਰ ਸਾਲ 437000 ਤੋਂ ਵੱਧ ਨਵਜੰਮੇ ਬੱਚਿਆਂ ਅਤੇ 480000 ਗਰਭਵਤੀ ਮਹਿਲਾਵਾਂ ਨੂੰ ਕਵਰ ਕਰਨਾ ਹੈ। ਇਸ ਪੋਰਟਲ ਨਾਲ ਲਾਭਪਾਤਰੀਆਂ ਨੂੰ ਵੀ ਆਸਾਨੀ ਹੋਵੇਗੀ ਕਿਉਂਕਿ ਉਹ ਆਪਣੇ ਘਰ ਬੈਠੇ ਹੀ ਕਿਸੇ ਵੀ ਨੇੜਲੀ ਸੈਸ਼ਨ ਸਾਈਟ 'ਤੇ ਆਪਣੇ ਟੀਕਾਕਰਨ ਦੀ ਰਜਿਸਟ੍ਰੇਸ਼ਨ ਕਰਵਾ ਸਕਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਪੋਰਟਲ 'ਤੇ ਲਾਭਪਾਤਰੀਆਂ ਦੀ ਆਨ-ਸਾਈਟ ਰਜਿਸਟ੍ਰੇਸ਼ਨ ਦੀ ਸੁਵਿਧਾ ਵੀ ਉਪਲਬਧ ਹੋਵੇਗੀ। ਸਿਖਲਾਈ ਵਰਕਸ਼ਾਪ ਦੌਰਾਨ ਦੋ ਪਾਇਲਟ ਜ਼ਿਲ੍ਹਿਆਂ ਵਿੱਚ ਯੂ-ਵਿਨ ਦੇ ਸਫਲਤਾਪੂਰਵਕ ਲਾਗੂ ਕਰਨ 'ਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਲਈ ਪ੍ਰਾਜੈਕਟ ਅਫਸਰ ਯੂ.ਐਨ.ਡੀ.ਪੀ. ਡਾ. ਸੀਮਾ ਗਰਗ, ਡਾ. ਮੀਤ ਦੀਪਿੰਦਰ ਸਿੰਘ, ਉਪਕਾਰ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਟ ਟੀਕਾਕਰਨ ਅਫਸਰ ਡਾ. ਬਲਵਿੰਦਰ ਕੌਰ, ਐਸ.ਪੀ.ਓ. ਯੂ.ਐਨ.ਡੀ.ਪੀ ਡਾ.ਮਨੀਸ਼ਾ ਮੰਡਲ, ਡਾ. ਸੋਨਿਕਾ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ।

# ਸੁਲਤਾਨਪੁਰ ਲੋਧੀ ਨੂੰ ਧਾਰਮਕ ਟੂਰਿਜ਼ਮ ਸਿਟੀ ਵਜੋਂ ਕੀਤਾ ਜਾਵੇ ਵਿਕਸਤ : ਸੀਚੇਵਾਲ

**ਸੁਲਤਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਸਕੱਤਰ ਅਜੋਏ ਸ਼ਰਮਾ ਨਾਲ ਗੱਲਬਾਤ ਕਰਦਿਆਂ ਮੰਗ ਕੀਤੀ ਕਿ ਸੁਲਤਾਨਪੁਰ ਲੋਧੀ ਨੂੰ ਧਾਰਮਕ ਟੂਰਿਜ਼ਮ ਸਿਟੀ ਵਜੋਂ ਵਿਕਸਤ ਕੀਤਾ ਜਾਵੇ। ਇਸ ਮੌਕੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ 'ਚ ਨਤਮਸਤਕ ਹੋਣ ਲਈ ਆਏ ਸਕੱਤਰ ਅਜੋਏ ਸ਼ਰਮਾ ਦੇ ਨਾਲ ਪੀ.ਐਮ.ਆਈ.ਡੀ.ਸੀ ਦੀ ਸੀ.ਈ.ਓ ਈਸ਼ਾ ਕਾਲੀਆ, ਡਿਪਟੀ ਕਮਿਸ਼ਨਰ ਕਪੂਰਥਲਾ ਕੈਪਟਨ ਕਰਨੈਲ ਸਿੰਘ, ਐਸ.ਡੀ.ਐਮ ਚੰਦਰਾ ਜਯੋਤੀ ਸਿੰਘ ਤੇ ਤਹਿਸੀਲਦਾਰ ਗੁਰਲੀਨ ਕੌਰ ਅਤੇ ਨਾਇਬ ਤਹਿਸੀਲਦਾਰ ਵੀ ਹਾਜ਼ਰ ਸੀ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸਮਾਰਟ ਸਿਟੀ ਐਲਾਨੇ ਸੁਲਤਾਨਪੁਰ ਲੋਧੀ ਨੂੰ ਦੇਸ਼ ਵਿੱਚ ਮਾਡਲ ਸਿਟੀ ਵਜੋਂ ਬਣਾਇਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਦੇ ਰਹਿੰਦੇ ਕਿਨਾਰਿਆਂ 'ਤੇ ਪੱਥਰ ਲਗਾਇਆ ਜਾਵੇ। ਉਨ੍ਹਾ ਕਿਹਾ ਕਿ 550 ਸਾਲਾਂ ਤੋਂ ਪਹਿਲਾਂ ਪਵਿੱਤਰ ਵੇਈਂ ਚਾਰੇ ਪਾਸੇ ਲਾਈਟਾਂ ਦਾ ਪੂਰਾ ਪ੍ਰਬੰਧ ਸੀ ਤੇ ਸਾਰੀਆਂ ਲਾਈਟਾਂ ਪੂਰੀਆਂ ਤਰ੍ਹਾਂ ਨਾਲ ਚਲਦੀਆਂ ਸੀ, ਰਾਤ ਵੇਲੇ ਪਵਿੱਤਰ ਵੇਈਂ ਦਾ ਨਜ਼ਾਰਾ ਅਦਭੁੱਤ ਹੁੰਦਾ ਸੀ। ਪਰ 550 ਸਾਲਾਂ ਦੌਰਾਨ ਸਰਕਾਰੀ ਤੌਰ 'ਤੇ ਕੀਤੇ ਪ੍ਰਬੰਧਾਂ ਨੇ ਜਿੱਥੇ ਇਸ ਦੇ ਸਾਰੇ ਢਾਂਚੇ ਨੂੰ ਖਰਾਬ ਕਰ ਦਿੱਤਾ ਹੈ ਉਥੇ ਹੀ ਇਸ ਦੇ ਕਿਨਾਰਿਆਂ 'ਤੇ ਲਾਈਟਾਂ ਤੇ ਹੋਰ ਸਾਰੇ ਪ੍ਰਬੰਧ ਅਸਤ ਵਿਅਸਤ ਕਰ ਦਿੱਤੇ ਹਨ। ਸੰਤ ਸੀਚੇਵਾਲ ਨੇ ਇਹ ਮੰਗ ਵੀ ਉਠਾਈ ਕਿ ਪੰਜਾਬ ਦੇ ਟਰੀਟਮੈਂਟ ਪਲਾਟਾਂ ਨੂੰ ਉੱਦੋਂ ਹੀ ਬਚਾਇਆ ਜਾ ਸਕਦਾ ਹੈ ਜਦੋਂ ਸ਼ਹਿਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ 135 ਲੀਟਰ ਦੇ ਹਿਸਾਬ ਨਾਲ ਕੀਤੀ ਜਾਵੇਗੀ। ਸਕੱਤਰ ਅਜੋਏ ਸ਼ਰਮਾ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਦੱਸਿਆ ਕਿ ਉਹ ਇੱਥੋਂ ਆਉਣ ਤੋਂ ਪਹਿਲਾਂ ਅਧਿਕਾਰੀਆਂ ਨਾਲ ਸੁਲਤਾਨਪੁਰ ਲੋਧੀ ਦੇ ਵਿਕਾਸ ਕਾਰਜਾਂ ਸੰਬੰਧੀ ਪਹਿਲਾਂ ਹੀ ਮੀਟਿੰਗ ਕਰਕੇ ਆਏ ਹਨ। ਉਨ੍ਹਾ ਸੰਤ ਸੀਚੇਵਾਲ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਪਵਿੱਤਰ ਕਾਲੀ ਵੇਈਂ ਨੂੰ ਸਮਾਰਟ ਸਿਟੀ ਦਾ ਹਿੱਸਾ ਬਣਾ ਕੇ ਇਸ ਦੇ ਰਹਿੰਦੇ ਕਾਰਜ ਪੂਰੇ ਕੀਤੇ ਜਾਣਗੇ। ਉਨ੍ਹਾ ਸੰਤ ਸੀਚੇਵਾਲ ਨੂੰ ਵੀ ਅਪੀਲ ਕੀਤੀ ਕਿ ਉਹ ਪਵਿੱਤਰ ਕਾਲੀ ਵੇਈਂ ਵਾਂਗ ਲੁਧਿਆਣੇ ਦੇ ਦੂਸ਼ਿਤ ਬੁੱਢੇ ਦਰਿਆ ਨੂੰ ਸਾਫ ਕਰਨ ਵਿੱਚ ਮਦਦ ਕਰਨ। ਉਪਰੰਤ ਸੰਤ ਸੀਚੇਵਾਲ ਵੱਲੋਂ ਅਜੋਏ ਸ਼ਰਮਾ ਤੇ ਉਨ੍ਹਾ ਦੇ ਨਾਲ ਆਏ ਅਧਿਕਾਰੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸੁਰਜੀਤ ਸਿੰਘ ਸੰਟੀ, ਅੰਮ੍ਰਿਤਪਾਲ ਸਿੰਘ, ਦਇਆ ਸਿੰਘ ਆਦਿ ਹਾਜ਼ਰ ਸਨ।



# ਜੁਝਾਰ ਨਗਰ 'ਚ ਮਲੇਰੀਆ ਜਾਗਰੂਕਤਾ ਰੈਲੀ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਅਧੀਨ ਪੈਂਦੇ ਸਬ-ਸੈਂਟਰ ਬਹਿਲੋਲਪੁਰ ਅਧੀਨ ਪਿੰਡ ਜੁਝਾਰਨਗਰ ਵਿਖੇ ਮਲੇਰੀਆ ਸੰਬੰਧੀ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਰੂਰਲ ਮੈਡੀਕਲ ਅਫ਼ਸਰ ਡਾ. ਕਿਰਨਦੀਪ ਕੌਰ ਨੇ ਆਖਿਆ ਕਿ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਲਕਜੋਤ ਕੌਰ ਦੀ ਅਗਵਾਈ ਹੇਠ ਮਲੇਰੀਆ ਰੋਕਥਾਮ ਲਈ ਜਿਥੇ ਲੋਕਾਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ, ਉਥੇ ਵੱਖ-ਵੱਖ ਥਾਈਂ ਜਾਂਚ ਦਾ ਕੰਮ ਵੀ ਚੱਲ ਰਿਹਾ ਹੈ। ਉਨ੍ਹਾ ਕਿਹਾ ਕਿ ਮਲੇਰੀਆ ਗੰਭੀਰ ਕਿਸਮ ਦਾ ਬੁਖ਼ਾਰ ਹੈ ਜੋ ਮਾਦਾ ਐਨਾਫ਼ਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਬੁਖ਼ਾਰ ਫੈਲਾਉਣ ਵਾਲਾ ਮੱਛਰ ਬਰਸਾਤ ਦੇ ਮੌਸਮ ਵਿਚ ਵਧਦਾ-ਫੁੱਲਦਾ ਹੈ। ਉਨ੍ਹਾ ਦੱਸਿਆ ਕਿ ਠੰਢ ਅਤੇ ਕਾਂਬੇ ਨਾਲ ਰੋਜ਼ਾਨਾ ਜਾਂ ਤੀਜੇ ਦਿਨ ਬੁਖ਼ਾਰ ਹੋਣਾ, ਉਲਟੀਆਂ ਤੇ ਸਿਰਦਰਦ ਹੋਣਾ, ਬੁਖ਼ਾਰ ਉਤਰਨ ਮਗਰੋਂ ਥਕਾਵਟ ਤੇ ਕਮਜ਼ੋਰੀ ਹੋਣਾ, ਬੁਖ਼ਾਰ ਉਤਰਨ 'ਤੇ ਸਰੀਰ ਦਾ ਪਸੀਨੋ-ਪਸੀਨੀ ਹੋਣਾ ਆਦਿ ਮਲੇਰੀਆ ਦੇ ਮੁੱਖ ਲੱਛਣ ਹਨ। ਖ਼ੂਨ ਦੀ ਜਾਂਚ ਕਰਵਾਉਣ 'ਤੇ ਮਲੇਰੀਆ ਹੋਣ ਜਾਂ ਨਾ ਹੋਣ ਬਾਰੇ ਪਤਾ ਲੱਗ ਜਾਂਦਾ ਹੈ।

ਜੇ ਮਲੇਰੀਆ ਨਿਕਲਦਾ ਹੈ ਤਾਂ ਇਸ ਦਾ ਇਲਾਜ ਸੰਭਵ ਹੈ। ਉਨ੍ਹਾ ਦੱਸਿਆ ਕਿ ਪਾਣੀ ਕਿਸੇ ਵੀ ਥਾਂ ਇਕੱਠਾ ਨਾ ਹੋਣ ਦਿਤਾ ਜਾਵੇ। ਇਕੱਠੇ ਹੋਏ ਪਾਣੀ ਵਿਚ ਕਾਲਾ ਤੇਲ ਪਾਇਆ ਜਾਵੇ ਅਤੇ ਛੱਤ 'ਤੇ ਲੱਗੀਆਂ ਪਾਣੀ ਦੀਆਂ ਟੈਂਕੀਆਂ ਨੂੰ ਢਕ ਕੇ ਰੱਖਿਆ ਜਾਵੇ। ਅਜਿਹੇ ਕੱਪੜੇ ਪਾਓ ਕਿ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ ਤਾਂ ਕਿ ਮੱਛਰ ਨਾ ਕੱਟੇ। ਰਾਤ ਨੂੰ ਸੌਣ ਸਮੇਂ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਦੀ ਵਰਤੋਂ ਕਰੋ। ਸਰਕਾਰੀ ਸਿਹਤ ਸੰਸਥਾਵਾਂ ਵਿਚ ਮਲੇਰੀਆ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਇਸ ਮੌਕੇ ਡਾ. ਜਯੋਤੀ ਸੀ ਐਚ ਓ, ਹੈਲਥ ਵਰਕਰ ਰਣਜੀਤ ਕੌਰ, ਕੁਲਵਿੰਦਰ ਕੌਰ, ਰਘਬੀਰ ਸਿੰਘ ਆਦਿ ਮੌਜੂਦ ਸਨ।

# ਲੋੜਵੰਦ ਪਰਵਾਰਾਂ ਨੂੰ ਮਤੇ ਪਾਸ ਹੋਣ ਦੇ ਬਾਵਜੂਦ ਨਹੀਂ ਹੋ ਰਹੇ ਪਲਾਟ ਅਲਾਟ



**ਕਰਤਾਰਪੁਰ-(ਹਰਮੇਸ਼ ਦੱਤ)** ਪੰਜਾਬ ਸਰਕਾਰ ਦੀ ਮੰਤਰੀਆਂ ਦੀ ਸਬ ਕਮੇਟੀ ਵਲੋਂ ਕੈਬਨਿਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਅਮਨ ਅਰੋੜਾ ਵਲੋਂ ਪੇਂਡੂ ਅਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਵਿੱਚ ਇਹ ਮੰਗ ਮੰਨੀ ਗਈ ਸੀ ਕਿ ਜਿੱਥੇ ਗ੍ਰਾਮ ਸਭਾ ਦੇ ਅਜਲਾਸ ਕਰਕੇ ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਦੇ ਮਤੇ ਪਾਸ ਕੀਤੇ ਗਏ ਹਨ, ਉਹਨਾਂ ਪਿੰਡਾਂ ਵਿੱਚ ਪਲਾਟ ਅਲਾਟ ਕਰ ਦਿੱਤੇ ਜਾਣਗੇ ਅਤੇ ਪੰਚਾਇਤੀ ਤੇ ਸਾਂਝੀਆਂ ਥਾਵਾਂ ਉੱਪਰ ਘਰ ਬਣਾ ਕੇ ਬੈਠੇ ਮਜਦੂਰਾਂ ਨੂੰ ਉਜਾੜਿਆ ਨਹੀਂ ਜਾਵੇਗਾ ਮਾਲਕੀ ਦੇ ਹੱਕ ਦਿੱਤੇ ਜਾਣਗੇ। ਮੰਤਰੀਆਂ ਦੀ ਸਬ ਕਮੇਟੀ ਦੇ ਫੈਸਲੇ ਨੂੰ ਪੰਚਾਇਤ ਵਿਭਾਗ ਦੀ ਅਫਸਰਸ਼ਾਹੀ ਟਿੱਚ ਜਾਣਦੀ ਹੈ। ਅਫਸਰਸ਼ਾਹੀ ਪਿੰਡਾਂ ਦੇ ਧਨਾਢਾਂ ਨਾਲ ਮਿਲੀਭੁਗਤ ਕਰਕੇ ਵੱਸਦੇ ਮਜਦੂਰਾਂ ਨੂੰ ਉਜਾੜਨ ਦੀਆਂ ਕੋਸ਼ੀਆਂ ਸਾਜ਼ਿਸ਼ਾਂ ਰਚ ਰਿਹਾ ਹੈ ਅਤੇ ਲੋੜਵੰਦ ਪਰਵਾਰਾਂ ਨੂੰ ਮਤੇ ਪਾਸ ਹੋਣ ਦੇ ਬਾਵਜੂਦ ਪਲਾਟ ਅਲਾਟ ਕਰਨ ਲਈ ਤਿਆਰ ਨਹੀਂ। ਪਿੰਡ ਦਿਆਲਪੁਰ ਬਲਾਕ ਜਲੰਧਰ ਪੱਛਮੀ ਵਿਧਾਨ ਸਭਾ ਹਲਕਾ ਕਰਤਾਰਪੁਰ ਵਿਖੇ ਹੋਰਨਾਂ ਪਿੰਡਾਂ ਵਾਂਗ ਕਈ ਵਾਰ ਗ੍ਰਾਮ ਸਭਾ ਅਜਲਾਸਾਂ ਵਿੱਚ ਪਾਸ ਮਤਿਆਂ ਉੱਪਰ ਕਾਰਵਾਈ ਕਰਕੇ ਪ੍ਰਸ਼ਾਸਨ ਵਲੋਂ ਅਲਾਟਮੈਂਟ ਨਾ ਕਰਨ ਤੋਂ ਅੱਕੇ ਦਲਿਤ ਮਜਦੂਰਾਂ ਵਲੋਂ ਪੰਚਾਇਤੀ ਜਮੀਨ ਵਿੱਚ ਡੇਰਾ ਜਮਾਉਣ ਉਪਰੰਤ ਪੱਕੀ ਉਸਾਰੀ ਕਰ ਲਈ ਗਈ। ਮਜਦੂਰਾਂ ਨੂੰ ਉਜਾੜਨ ਲਈ ਝਾੜੂ ਪਾਰਟੀਸ ਅਕਾਲੀ, ਕਾਂਗਰਸ ਪਾਰਟੀ ਗੱਠਜੋੜ ਬਣਾ ਕੇ ਪੱਬਾਂ ਭਾਰ ਹੋਏ ਫਿਰਦੇ ਹਨ। ਅੱਜ ਇੱਕ ਵਾਰ ਫਿਰ ਧੱਕੇ ਨਾਲ ਉਜਾੜਨ ਦੇ ਕੀਤੇ ਗਏ ਐਲਾਨ ਦੇ ਤਿੱਖੇ ਵਿਰੋਧ ਵਿੱਚ ਪਲਾਟਾਂ ਵਾਲੀ ਜਮੀਨ ਵਿੱਚ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਝੰਡਿਆਂ 'ਚ ਡੰਡੇ ਪਾ ਕੇ ਪੇਂਡੂ ਮਜਦੂਰ ਡਟੇ ਰਹੇ। ਮਜਦੂਰਾਂ ਦੇ ਤਿੱਖੇ ਵਿਰੋਧ ਕਾਰਨ ਉਜਾੜਨ ਲਈ ਅਜੇ ਤੱਕ ਕਿਸੇ ਵੀ ਅਧਿਕਾਰੀ ਜਾਂ ਪੇਂਡੂ ਧਨਾਢ ਦੀ ਹਿੰਮਤ ਨਹੀਂ ਪਈ। ਯੂਨੀਅਨ ਆਗੂਆਂ ਕਸ਼ਮੀਰ ਸਿੰਘ ਘੁੱਗਸ਼ੋਰ, ਗੁਰਪ੍ਰੀਤ ਸਿੰਘ ਚੀਦਾ ਅਤੇ ਬਲਵਿੰਦਰ ਕੌਰ ਦਿਆਲਪੁਰ ਨੇ ਐਲਾਨ ਕੀਤਾ ਕਿ ਮਜਦੂਰਾਂ ਨੂੰ ਉਜਾੜਨ ਦੀ ਕਿਸੇ ਵੀ ਕੀਮਤ ਉੱਤੇ ਆਗਿਆਂ ਨਹੀਂ ਦਿੱਤੀ ਜਾਵੇਗੀ। ਮਜਦੂਰਾਂ ਨੂੰ ਪਲਾਟ, ਲੈਂਡ ਸੀਲਿੰਗ ਐਕਟ ਤੋਂ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ ਕਿਸਾਨਾਂ ਨੂੰ ਵੰਡਣ,ਲਾਲ ਲਕੀਰ ਦੇ ਮਾਲਕੀ ਹੱਕ ਦੇਣ,ਹਰ ਖੇਤਰ ਵਿੱਚ ਦਿਹਾੜੀ 1000 ਰੁਪਏ ਕਰਨ , ਕਰਜਾ ਮੁਆਫੀ ਤੇ ਬਦਲਵੇਂ ਕਰਜੇ ਦੀ ਵਿਵਸਥਾ ਕਰਨ ਅਤੇ ਜਾਤੀ ਵਿਤਕਰੇ ਦੇ ਖਾਤਮੇ ਲਈ ਸੰਘਰਸ਼ ਜਾਰੀ ਰਹੇਗਾ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਜਲਦ ਜਾਰੀ ਹੋਵੇਗਾ 8.2 ਕਰੋੜ ਰੁਪਏ ਦਾ ਮਾਣ-ਭੱਤਾ : ਡਾ. ਬਲਜੀਤ ਕੌਰ

**ਚੰਡੀਗੜ੍ਹ** : ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਅਧੀਨ ਵੱਧ ਤੋਂ ਵੱਧ ਲਾਭਪਾਤਰੀ ਕਵਰ ਕਰਨ ਲਈ ਜਲਦ 8.2 ਕਰੋੜ ਰੁਪਏ ਦਾ ਮਾਣ ਭੱਤਾ ਜਾਰੀ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਕੀਤਾ ਗਿਆ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦਾ ਜੀਵਨ ਸੁਖਾਲਾ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਸਮਾਜਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਕਿਹਾ ਕਿ ਸਰਕਾਰ ਸਾਲ 2023 ਤੋਂ ਗਰਭਵਤੀ ਔਰਤਾਂ ਨੂੰ ਉਨ੍ਹਾਂ ਦੇ ਪਹਿਲੇ ਜੀਵਤ ਬੱਚੇ ਦੇ ਜਨਮ 'ਤੇ ਨਵੀਆਂ ਹਦਾਇਤਾਂ ਅਨੁਸਾਰ 5000 ਰੁਪਏ ਨੂੰ ਦੋ ਕਿਸ਼ਤਾਂ (3000+2000 ਰੁਪਏ) ਵਿੱਚ ਦੇ ਰਹੀ ਹੈ। ਵਧੇਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਰਾਜ ਦੇ ਸਾਰੇ 27314 ਆਂਗਣਵਾੜੀ ਕੇਂਦਰਾਂ ਵਿੱਚ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਲਾਭਪਾਤਰੀਆਂ ਦੇ ਫਾਰਮ ਭਰਨ ਉਪਰੰਤ 5000 ਰੁਪਏ ਦੀ ਰਾਸ਼ੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਟਰਾਂਸਫਰ ਕੀਤੀ ਜਾਂਦੀ ਹੈ। ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਹੋਰ ਉਤਸ਼ਾਹਿਤ ਕਰਨ ਅਤੇ ਯੋਗ ਲਾਭਪਾਤਰੀਆਂ ਨੂੰ ਸਕੀਮ ਦਾ ਵੱਧ ਤੋਂ ਵੱਧ ਲਾਭ ਪ੍ਰਦਾਨ ਕਰਨ ਲਈ ਪ੍ਰਤੀ ਲਾਭਪਾਤਰੀ ਆਂਗਣਵਾੜੀ ਵਰਕਰਾਂ ਨੂੰ 100 ਰੁਪਏ ਅਤੇ ਆਂਗਣਵਾੜੀ ਹੈਲਪਰਾਂ ਨੂੰ ਪ੍ਰਤੀ ਲਾਭਪਾਤਰੀ 50 ਰੁਪਏ ਦਾ ਮਾਣ ਭੱਤਾ ਦਿੱਤਾ ਜਾਂਦਾ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਰੀਬ 5,48,824 ਲਾਭਪਾਤਰੀਆਂ ਨੂੰ ਤਿੰਨ ਕਿਸ਼ਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਕਰੀਬ 8.2 ਕਰੋੜ ਰੁਪਏ ਦਾ ਮਾਣ ਭੱਤਾ ਵੰਡਿਆ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਮੈਨੂੰ ਉਮੀਦ ਹੈ ਕਿ ਇਸ ਮਾਣਭੱਤੇ ਦੇ ਮਿਲਣ ਨਾਲ ਆਂਗਣਵਾੜੀ ਵਰਕਰ ਅਤੇ ਹੈਲਪਰ ਇਸ ਸਕੀਮ ਤਹਿਤ ਯੋਗ ਲਾਭਪਾਤਰੀਆਂ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਹੋਰ ਵੀ ਉਤਸ਼ਾਹਤ ਹੋਣਗੀਆਂ।

# ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਮੋਹਾਲੀ** : -(ਗੁਰਜੀਤ ਬਿੱਲਾ) -ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਮਰ ਸ਼ਹੀਦ ਜਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਦਾ 307ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਦਿਹਾੜੇ ਦੇ ਸੰਬੰਧ 'ਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਉਪਰੰਤ ਸਾਰਾ ਦਿਨ ਧਾਰਮਕ ਸਮਾਗਮ ਦਾ ਆਯੋਜਨ ਕੀਤਾ ਗਿਆ । ਭਾਈ ਸਤਨਾਮ ਸਿੰਘ ਦੇ ਇੰਟਰਨੈਸ਼ਨਲ ਢਾਡੀ ਜਥੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਸੂਬਾ ਸਰਹੰਦ ਵਜੀਰ ਖਾਨ ਨੂੰ ਮੌਤ ਦੇ ਘਾਟ ਉਤਾਰ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਦਾ ਬਦਲਾ ਲੈਣ ਅਤੇ ਮੁਗਲ ਰਾਜ ਨੂੰ ਮਾਤ ਦੇਣ ਦਾ ਪ੍ਰਸੰਗ ਸੰਗਤਾਂ ਨੂੰ ਵਿਸਥਾਰ ਵਿੱਚ ਸਰਵਣ ਕਰਾਇਆ। ਬੀਬੀ ਕੰਵਲਜੀਤ ਕੌਰ ਮਸਕੀਨ ਸ਼ਾਹਬਾਦ ਮਾਰਕੰਡੇ ਵਾਲਿਆਂ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਆਇਆ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਰਾਜ ਦਾ ਖਾਤਮਾ ਕਰਕੇ ਦੇਸ਼ ਦੀ ਅਜ਼ਾਦੀ ਦਾ ਮੁੱਢ ਬੰਨ੍ਹਿਆ ਅਤੇ ਜਬਰ ਜ਼ੁਲਮ ਦਾ ਟਾਕਰਾ ਕਰਦੇ ਹੋਏ 1716 ਈ: 'ਚ ਸ਼ਹੀਦੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਫਤਿਹਗੜ੍ਹ ਸਾਹਿਬ ਵਾਲੀਆਂ ਬੀਬੀਆਂ ਦਾ ਇੰਟਰਨੈਸ਼ਨਲ ਢਾਡੀ ਜਥੇ, ਭਾਈ ਸੰਤੋਖ ਸਿੰਘ, ਭਾਈ ਜਤਿੰਦਰ ਸਿੰਘ, ਭਾਈ ਜਗਮੀਤ ਸਿੰਘ, ਭਾਈ ਸਿਮਰਨਜੀਤ ਸਿੰਘ, ਸ਼ੇਰੇ ਏ ਪੰਜਾਬ ਕਵੀਸ਼ਰੀ ਜਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਗੁਰਪ੍ਰੀਤ ਸਿੰਘ, ਭਾਈ ਸੁਖਵਿੰਦਰ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਜਸਵਿੰਦਰ ਸਿੰਘ, ਭਾਈ ਨਿਤਿੰਨ ਸਿੰਘ, ਭਾਈ ਸੰਦੀਪ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ । ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਇਸ ਮੌਕੇ ਤੇ ਦੱਸਿਆ ਕਿ ਆਉਣ ਵਾਲੀ 28 ਜੂਨ ਨੂੰ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ । ਇਸ ਦਿਨ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ, ਇੰਟਰਨੈਸ਼ਨਲ ਪੰਥਕ ਢਾਡੀ ਜਥੇ ਅਤੇ ਉਚਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ । ਇਸ ਦਿਨ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



# ਕਾਹਲੋਂ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ

**ਅੱਡਾਂ ਸਰਾਂ, ਟਾਂਡਾ (ਜਸਵੀਰ ਕਾਜਲ )**- ਉਘੇ ਸਮਾਜ ਸੇਵਕ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਪੰਜਾਬ ਦੇ ਪਿਤਾ ਤਰਸੇਮ ਸਿੰਘ ਕਾਹਲੋਂ ਦੀ ਅੰਤਿਮ ਅਰਦਾਸ ਮੌਕੇ ਭਾਈ ਵਰਿਦਰ ਸਿੰਘ ਖੱਖ ਦੇ ਕੀਰਤਨੀ ਜਥੇ ਨੇ ਕਾਹਲੋਂ ਗ੍ਰਹਿ ਪਿੰਡ ਭਟੋਲੀਆ ਵਿਖੇ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ ਅਤੇ ਵੱਖ ਵੱਖ ਸ਼ਖ਼ਸੀਅਤਾਂ ਨੇ ਤਰਸੇਮ ਸਿੰਘ ਕਾਹਲੋਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਇਸ ਮੌਕੇ ਦੇਸ ਰਾਜ ਸਿੰਘ ਧੁੱਗਾ ਸਾਬਕਾ ਸੰਸਦੀ ਸਕੱਤਰ, ਜੰਗਵੀਰ ਸਿੰਘ ਚੌਹਾਨ ਪ੍ਰਧਾਨ ਦੋਆਬਾ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਮਨਯੋਧ ਸਿੰਘ ਤਲਵੰਡੀ ਜੱਟਾਂ ਪ੍ਰਧਾਨ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਸੁਸਾਇਟੀ ਗੜ੍ਹਦੀਵਾਲਾ, ਅਸ਼ੋਕਪੁਰੀ ਪ੍ਰਸਿੱਧ ਨਾਟਕ ਅਤੇ ਫਿਲਮੀ ਅਦਾਕਾਰ, ਸੁਖਵਿੰਦਰਜੀਤ ਸਿੰਘ ਝਾਵਰ ਪ੍ਰਧਾਨ ਹਿਮਾਲਿਆ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਟਾਂਡਾ, ਮਨਿੰਦਰ ਸਿੰਘ ਟਿੰਮੀ ਸ਼ਾਹੀ ਬਲਾਕ ਕਾਗਰਸ ਕਮੇਟੀ ਪ੍ਰਧਾਨ ਭੂੰਗਾ, ਜਗਤਾਰ ਸਿੰਘ ਪ੍ਰਧਾਨ ਕੰਡੀ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਦਸੂਹਾ, ਸੰਦੀਪ ਸੈਣੀ ਆਗੂ ਆਮ ਆਦਮੀ ਪਾਰਟੀ, ਕਸ਼ਮੀਰ ਸਿੰਘ ਝੀਂਗੜਕਲਾਂ, ਵਰਿਦਰ ਨਿਮਾਣਾ ਉਘੇ ਪੰਜਾਬੀ ਲੇਖਕ, ਬਲਵੀਰ ਕੌਰ ਬੁੱਬਾ ਉਘੀ ਸਮਾਜ ਸੇਵਿਕਾ, ਸੂਬੇਦਾਰ ਅਜੈਬ ਸਿੰਘ, ਕੁਲਜਿੰਦਰ ਸਿੰਘ ਘੁੰਮਣ ਪ੍ਰਧਾਨ ਕੰਡੀ ਕਿਸਾਨ ਸੰਘਰਸ਼ ਕਮੇਟੀ, ਜਗਜੀਤ ਪੱਟੀ ਯੂਥ ਆਗੂ, ਕੁਲਜੀਤ ਸਿੰਘ ਖਿਆਲਾ ਬਲਾਕ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਹਰਤੇਗ ਸਿੰਘ ਨੰਨੜ ਡਾਇਰੈਕਟਰ ਸਿਟਰਸ ਸਟੇਟ ਭੂੰਗਾ, ਰਾਜ ਕੁਮਾਰੀ ਸਹਿਜੋਵਾਲ ਪ੍ਰਧਾਨ ਵਿਲੇਜ ਡਿਵੈਲਪਮੈਂਟ ਸੁਸਾਇਟੀ ਤਰਸੇਮ ਸਿੰਘ ਕਾਹਲੋਂ ਦੇ ਪ੍ਰਭਾਵਸ਼ਾਲੀ ਅਤੇ ਸੰਘਰਸ਼ਮਈ ਜੀਵਨ ਸੰਬੰਧੀ ਵਿਚਾਰ ਪੇਸ਼ ਕਰਦੇ ਹੋਏ ਸ਼ਰਧਾਂਜਲੀਆਂ ਭੇਟ ਕੀਤੀਆਂ। ਹਰਦੇਵ ਕੌਰ ਕਾਹਲੋਂ, ਹਰਦੇਵ ਸਿੰਘ ਹੁੰਦਲ ਚੁਟਾਲਾ, ਕੁਲਵਰ ਸਿੰਘ ਲਵਲੀ, ਸਤਪਾਲ ਸਿੰਘ ਅੱਭੋਵਾਲ, ਧਰਮਿੰਦਰ ਘੁੱਗੀ ਸਰਪੰਚ ਭੂੰਗਾ, ਹਰਦੇਵ ਰਾਜ ਕਲਸੀ, ਅਮਨ ਅਰਮਾਨ, ਸਹਿਬਾਜ ਸਿੰਘ, ਸਹਿਬਾਗ ਸਿੰਘ, ਮਨਕੀਰਤ ਸਿੰਘ ਕਾਹਲੋਂ, ਜਸਦੀਪ ਸਿੰਘ ਕਾਹਲੋਂ, ਸੰਤੋਖ ਕੌਰ ਕਾਹਲੋਂ, ਦਮਨਪ੍ਰੀਤ ਕੌਰ, ਮਨਮੀਤ ਕੌਰ, ਰਨਜੋਤ ਸਿੰਘ ਕਾਹਲੋਂ, ਰਾਜਵੀਰ ਸਿੰਘ ਕਾਹਲੋਂ, ਰਾਜਿੰਦਰ ਸਿੰਘ, ਅਜੀਤ ਸਿੰਘ, ਮਨਪ੍ਰੀਤ ਸਿੰਘ ਮੰਪੀ, ਸਰਬਜੀਤ ਸਿੰਘ ਪੱਪੂ ਸਾਬਕਾ ਸਰਪੰਚ ਭੂੰਗਾ, ਕੁਲਜਿੰਦਰ ਸਿੰਘ ਸਾਬਕਾ ਸਰਪੰਚ ਫਾਬੜਾ, ਸਤਪਾਲ ਸਿੰਘ ਕਬੀਰਪੁਰ, ਸੂਬੇਦਾਰ ਵਰਿੰਦਰ ਕੁਮਾਰ ਭਟੋਲੀਆ, ਰਵਿੰਦਰ ਰਾਣਾ, ਪ੍ਰਿਥੀਪਾਲ ਸਿੰਘ ਜੋਸ਼, ਗਿਆਨ ਸਿੰਘ ਗੁਰਾਇਆ, ਮਨਜੀਤ ਕੌਰ, ਸਮਨਜੋਤ ਕੌਰ, ਪਰਮਜੀਤ ਸਿੰਘ ਹਰਿਆਲੀ ਐਫ.ਪੀ.ਓ. ਹੁਸ਼ਿਆਰਪੁਰ, ਪਰਮਜੀਤ ਕੌਰ ਕਲੋਆ, ਰਾਜ ਕੁਮਾਰੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਉਂਕਾਰ ਸਿੰਘ ਧਾਮੀ ਪ੍ਰਧਾਨ ਦਿਲਬਰ ਯੂਥ ਸਾਹਿਤਕ ਮੰਚ ਨੂਰਪੁਰ ਨੇ ਨਿਭਾਈ ਅਤੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਪੰਜਾਬ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।



# ਨਸ਼ਾ-ਮੁਕਤ ਤੇ ਤਸਕਰੀ ਵਿਰੋਧੀ ਅੰਤਰਰਾਸ਼ਟਰੀ ਦਿਵਸ ਮਨਾਇਆ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)**-ਸਮਾਜਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਅਤੇ ਸਮਾਜਕ ਸੁਰੱਖਿਆ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਸਰਕਾਰ ਦੇ ਆਦੇਸ਼ ਅਨੁਸਾਰ ਐਸ.ਐਸ.ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਸ੍ਰੀ ਚਮਕੌਰ ਸਾਹਿਬ ਵੱਲੋਂ ਨਸ਼ਾ ਮੁਕਤ ਅਤੇ ਤਸਕਰੀ ਸੰਬੰਧੀ ਅੰਤਰਰਾਸ਼ਟਰੀ ਦਿਵਸ 26 ਜੂਨ ਨੂੰ ਸੰਸਥਾ ਦੇ ਅਦਾਰੇ ਵਿਖੇ ਮਨਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਅਮਰੀਕ ਸਿੰਘ ਐਸ.ਡੀ.ਐਮ.ਸ੍ਰੀ ਚਮਕੌਰ ਸਾਹਿਬ ਸਨ। ਉਨ੍ਹਾ ਗੈਰ ਸਰਕਾਰੀ ਸਮਾਜਕ ਸੰਸਥਾ ਐਸ.ਐਸ.ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਵੱਲੋਂ ਨਸ਼ਾ ਮੁਕਤ ਸਮਾਜ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਗਏ ਡੈਪੋ ਮੁਹਿੰਮ ਲਈ ਮਾਸਟਰ ਟ੍ਰੇਨਰ ਲਈ ਦੋ ਦਿਨਾ ਚੰਡੀਗੜ੍ਹ ਵਿਖੇ ਵਰਕਸ਼ਾਪ ਲਈ ਚੁਣਿਆ ਗਿਆ ਅਤੇ ਉਨ੍ਹਾ ਵੱਲੋਂ ਸ੍ਰੀ ਚਮਕੌਰ ਸਾਹਿਬ ਬਲਾਕ ਦੇ ਲਗਭਗ 20 ਪਿੰਡਾਂ ਵਿੱਚ ਨਸ਼ਾ ਮੁਕਤੀ ਲਈ ਮੁਹਿੰਮ ਚਲਾਈ ਗਈ। ਪ੍ਰੋ.ਆਰ.ਸੀ.ਢੰਡ ਸੰਸਥਾ ਦੇ ਚੇਅਰਮੈਨ ਨੇ ਸਵਾਗਤੀ ਭਾਸ਼ਣ 'ਚ ਐਸ.ਡੀ.ਐਮ.,ਐਸ.ਐਚ.ਓ.ਸ੍ਰੀ ਚਮਕੌਰ ਸਾਹਿਬ ਅਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸਰਕਾਰੀ ਅਦਾਰਿਆਂ ਦੇ ਸਹਿਯੋਗ ਨਾਲ ਜੁਲਾਈ ਮਹੀਨੇ ਤੋਂ ਸਕੂਲਾਂ ਦੇ ਸੀਨੀਅਰ ਵਿਦਿਆਰਥੀਆਂ, ਮਹਿਲਾਵਾਂ ਅਤੇ ਬਜ਼ੁਰਗਾਂ ਦੇ ਚੌਕਸੀ ਗਰੁੱਪ ਬਣਾ ਕੇ ਉਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ ਤਾਂ ਕਿ ਨੌਜਵਾਨਾਂ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ ਅਤੇ ਨਸ਼ਾ ਕਰਨ ਵਾਲੇ ਓਟਸ ਸੈਂਟਰ ਜੋ ਕਿ ਸ੍ਰੀ ਚਮਕੌਰ ਸਾਹਿਬ ਹਸਪਤਾਲ ਵਿਖੇ ਇਲਾਜ ਕਰਾਉਣ ਲਈ ਪ੍ਰੇਰਿਆ ਜਾਵੇਗਾ। ਇਸ ਪ੍ਰੋਗਰਾਮ ਵਿੱਚ ਸ਼ਾਮਲ ਮਹਿਮਾਨਾਂ, ਬਜ਼ੁਰਗ ਅਤੇ ਵਿਦਿਆਰਥੀਆਂ ਨੂੰ ਡਾ.ਰਾਜਪਾਲ , ਡਾ. ਸ਼ਰਮਾ , ਕੈਪਟਨ ਹਰਪਾਲ ਸਿੰਘ,ਥਾਣਾ ਸ੍ਰੀ ਚਮਕੌਰ ਸਾਹਿਬ ਤੋਂ ਰਾਜਿੰਦਰ ਕੁਮਾਰ, ਕੈਪਟਨ ਗੁਰਦੇਵ ਸਿੰਘ, ਆਸ਼ਾ ਰਾਣੀ, ਸਾਧੂ ਸਿੰਘ, ਰਿਟਾ.ਪ੍ਰਿੰਸੀਪਲ ਲਛਮਣ ਸਿੰਘ ਅਤੇ ਗੁਰਮੀਤ ਸਿੰਘ ਨੇ ਸੰਬੋਧਨ ਕੀਤਾ। ਸੰਸਥਾ ਨੇ ਵਿਸ਼ੇਸ਼ ਮਹਿਮਾਨਾਂ ਅਤੇ ਮੁੱਖ ਮਹਿਮਾਨ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ।



# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ 2 ਨੂੰ ਡਾ. ਬਲਜੀਤ ਕੌਰ ਦੇ ਘਰ ਦਾ ਕੀਤਾ ਜਾਵੇਗਾ ਘਿਰਾਓ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**
ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ 2 ਜੁਲਾਈ ਦਿਨ ਐਤਵਾਰ ਨੂੰ ਫਰੀਦਕੋਟ ਵਿਖੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਘਰ ਦਾ ਘਿਰਾਓ ਕੀਤਾ ਜਾਵੇਗਾ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਾਣਕਾਰੀ ਦੇਂਦਿਆਂ ਯੂਨੀਅਨ ਦੀ ਬਲਾਕ ਪ੍ਰਧਾਨ ਪ੍ਰਕਾਸ਼ ਕੌਰ ਚਪਾਤੀ ਨੇ ਦੱਸਿਆ ਕਿ ਪੰਜਾਬ ਭਰ ਦੀਆਂ ਲਗਭਗ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪਿਛਲੇ ਕਈ ਮਹੀਨਿਆਂ ਤੋਂ ਬੜੀ ਬੇਸਬਰੀ ਨਾਲ ਤਨਖਾਹਾਂ ਉਡੀਕ ਰਹੀਆਂ ਹਨ, ਪਰ ਪੰਜਾਬ ਸਰਕਾਰ ਅਤੇ ਸੰਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਵੱਲੋਂ 19 ਮਈ ਨੂੰ ਜਥੇਬੰਦੀ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਤਨਖਾਹਾਂ ਤੋਂ ਇਲਾਵਾ 12 ਸੂਤਰੀ ਮੰਗ ਪੱਤਰ ਤੇ ਗੱਲਬਾਤ ਕਰਕੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ। ਪਰ ਅਜੇ ਤੱਕ ਨਾ ਤਾਂ ਤਨਖਾਹਾਂ ਮਿਲੀਆਂ ਅਤੇ ਨਾ ਹੀ ਹੋਰਨਾਂ ਮੰਗਾਂ ਦਾ ਨਿਪਟਾਰਾ ਹੋਇਆ। ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿਚ ਸਰਕਾਰ ਪ੍ਰਤੀ ਭਾਰੀ ਗੁੱਸਾ ਅਤੇ ਬੇਚੈਨੀ ਹੈ। ਬਹੁਤ ਸਾਰੀਆਂ ਵਰਕਰਾਂ ਤੇ ਹੈਲਪਰਾਂ ਇਸ ਨਿਗੂਣੇ ਜਿਹੇ ਮਾਣਭੱਤੇ 'ਤੇ ਹੀ ਗੁਜ਼ਾਰਾ ਕਰਦੀਆਂ ਹਨ। ਪਰ ਅੱਜ ਉਨ੍ਹਾਂ ਦੇ ਚੁੱਲ੍ਹੇ ਠੰਢੇ ਹੋ ਚੁੱਕੇ ਹਨ ਜੋ ਪੰਜਾਬ ਸਰਕਾਰ ਲਈ ਸ਼ਰਮ ਵਾਲੀ ਗੱਲ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰ ਬਣਨ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣਭੱਤਾ ਦੁੱਗਣਾ ਕੀਤਾ ਜਾਵੇਗਾ। ਪਰ ਦੁੱਗਣਾ ਤਾਂ ਕੀ ਕਰਨਾ ਸੀ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਉਦੋਂ ਤੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਵੀ ਨਹੀਂ ਮਿਲ ਰਹੀਆਂ। ਉਨ੍ਹਾ ਦੱਸਿਆ ਕਿ ਇਨ੍ਹਾਂ ਉਪਰੋਕਤ ਮੰਗਾਂ ਨੂੰ ਪੂਰੀਆਂ ਕਰਾਉਣ ਵਾਸਤੇ ਦੋ ਜੁਲਾਈ ਐਤਵਾਰ ਨੂੰ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਘਰ ਦਾ ਗਿਰਾਓ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਆਂਗਣਵਾੜੀ ਵਰਕਰਾਂ ਹਾਜ਼ਰ ਸਨ।

## ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਵਾਉਣਾ ਅਤਿ ਜ਼ਰੂਰੀ : ਡਾ. ਦਵਿੰਦਰਜੀਤ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹਾ ਹਸਪਤਾਲ ਵਿਖੇ ਮਮਤਾ ਦਿਵਸ ਦੀ ਚੈਕਿੰਗ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਤੇ ਬੱਚਿਆਂ ਦੀ ਸਿਹਤ ਸੁਰੱਖਿਆ ਅਤੇ ਉਨ੍ਹਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਮੁਕੰਮਲ ਟੀਕਾਕਰਨ ਕਰਵਾਉਣਾ ਜ਼ਰੂਰੀ ਹੁੰਦਾ ਹੈ, ਇਹ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਬੱਚਿਆਂ ਨੂੰ ਮਾਰੂ ਬਿਮਾਰੀਆਂ ਜਿਵੇਂ ਪੋਲੀਓ, ਤਪਦਿਕ, ਕਾਲਾ ਪੀਲੀਆ, ਗਲਘੋਟੂ, ਕਾਲੀ ਖੰਘ, ਟੈਟਨਸ, ਖਸਰਾ, ਦਿਮਾਗੀ ਬੁਖਾਰ, ਨਮੂਨੀਆ ਵਰਗੀਆਂ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸੰਪੂਰਨ ਟੀਕਾਕਰਨ ਕਰਵਾਉਣਾ ਚਾਹੀਦਾ ਹੈ ਤਾਂ ਜੋ ਬੱਚੇ ਇਨ੍ਹਾਂ ਭਿਆਨਕ ਬਿਮਾਰੀਆਂ ਤੋਂ ਦੂਰ ਰਹਿਣ। ਇਸ ਮੌਕੇ ਉਨ੍ਹਾਂ ਮਮਤਾ ਦਿਵਸ 'ਤੇ ਵਰਤੀ ਜਾ ਰਹੀ ਵੈਕਸੀਨ ਤੇ ਟੀਕੇ ਲਗਾਉਣ ਲਈ ਵਰਤੀਆਂ ਜਾ ਰਹੀਆਂ ਸਰਿੰਜਾਂ ਦੀ ਵੀ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਚੰਗੀ ਸਿਹਤ ਲਈ ਵਧੀਆ ਖੁਰਾਕ ਦੀ ਲੋੜ ਹੁੰਦੀ ਹੈ,ਇਸ ਦੇ ਤਹਿਤ ਗਰਭਵਤੀ ਮਾਵਾਂ ਨੂੰ ਹਰੀਆਂ ਸਬਜ਼ੀਆਂ, ਦੁੱਧ ਅਤੇ ਫਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ, ਪੋਸ਼ਣ ਚੰਗੀ ਸਿਹਤ ਤੇ ਤੰਦਰੁਸਤੀ ਦਾ ਕੇਂਦਰ ਬਿੰਦੂ ਹੈ, ਇਹ ਸਰੀਰ ਨੂੰ ਊਰਜਾ ਪ੍ਰਦਾਨ ਕਰਕੇ ਇਸ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਜਸਵਿੰਦਰ ਕੌਰ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਕਸਤਿਜ ਸੀਮਾ, ਜ਼ਿਲ੍ਹਾ ਬੀ.ਸੀ.ਸੀ. ਕੁਆਰਡੀਨੇਟਰ ਅਮਰਜੀਤ ਸਿੰਘ, ਏ. ਐਨ.ਐਮ.ਜਰਨੈਲ ਕੌਰ ਅਤੇ ਆਸ਼ਾ ਹਾਜਰ ਸਨ।

# ਰਾਹੁਲ ਨੇ ਸ਼ੂਟਿੰਗ ਰਾਈਫਲਜ਼ ਮੁਕਾਬਲੇ 'ਚੋਂ ਜਿੱਤਿਆ ਗੋਲਡ ਮੈਡਲ

**ਡੀ ਸੀ ਨੇ ਦਫ਼ਤਰ ਬੁਲਾ ਕੇ ਕੀਤਾ ਸਨਮਾਨਿਤ, ਪੜ੍ਹਾਈ ਤੇ ਹੋਰ ਖਰਚੇ ਦਾ ਜ਼ਿੰਮਾ ਵੀ ਚੁੱਕਿਆ**

**ਮੋਗਾ (ਅਮਰਜੀਤ ਬੱਬਰੀ)**
ਕਹਿੰਦੇ ਹਨ ਜੇਕਰ ਇਨਸਾਨ ਵਿੱਚ ਕੁਝ ਕਰਨ ਦਾ ਜਜ਼ਬਾ ਹੋਵੇ ਤਾਂ ਉਸ ਦੇ ਘਰ ਦੇ ਹਾਲਾਤ ਜਾਂ ਗਰੀਬੀ ਜਾਂ ਹੋਰ ਕੋਈ ਵੀ ਚੀਜ਼ ਉਸ ਦੇ ਰਾਹ ਵਿੱਚ ਅੜਿੱਕਾ ਨਹੀਂ ਬਣ ਸਕਦੀ। ਕੁਝ ਅਜਿਹਾ ਹੀ ਜਜ਼ਬੀ ਹੈ ਲੰਢੇਕੇ ਪਿੰਡ ਦਾ 17 ਸਾਲਾ ਰਾਹੁਲ ਕੁਮਾਰ। 66ਵੀਆਂ ਨੈਸ਼ਨਲ ਸਕੂਲਜ਼ ਖੇਡਾਂ ਜਿਹੜੀਆਂ ਕਿ ਨਵੀਂ ਦਿੱਲੀ ਵਿਖੇ 6 ਜੂਨ ਤੋਂ 13 ਜੂਨ, 2023 ਤੱਕ ਚੱਲੀਆਂ, ਇਨ੍ਹਾਂ ਖੇਡਾਂ ਵਿੱਚ ਲੰਢੇਕੇ ਦੇ ਰਾਹੁਲ ਕੁਮਾਰ ਵੱਲੋਂ ਗੋਲਡ ਮੈਡਲ ਜਿੱਤਿਆ ਹੈ ਤੇ ਆਪਣੀ ਟੀਮ ਨੂੰ ਟਾਪਰਾਂ ਦੀ ਕਤਾਰ ਵਿੱਚ ਖੜ੍ਹਾ ਕੀਤਾ ਹੈ। ਇਹ ਗੋਲਡ ਮੈਡਲ ਉਸ ਨੂੰ ਸ਼ੂਟਿੰਗ ਰਾਈਫ਼ਲਜ਼ ਵਿੱਚੋਂ ਅੰਡਰ-19 ਖੇਡਾਂ ਵਿੱਚੋਂ ਮਿਲਿਆ। ਨੈਸ਼ਨਲ ਸਕੂਲਾਂ ਦੀਆਂ ਖੇਡਾਂ ਜਿਹੜੀਆਂ ਕਿ 2019-20 ਵਿੱਚ ਮੱਧ ਪ੍ਰਦੇਸ਼ ਦੇ ਭੋਪਾਲ ਵਿਖੇ ਹੋਈਆਂ ਸਨ, ਉਸ ਵਕਤ ਵੀ ਰਾਹੁਲ ਕੁਮਾਰ ਨੇ ਬਰੋਨ ਮੈਡਲ ਜਿੱਤਿਆ ਸੀ।

ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਵੱਲੋਂ ਰਾਹੁਲ ਕੁਮਾਰ ਦੀ ਇਸ ਪ੍ਰਾਪਤੀ ਲਈ ਉਸ ਨੂੰ ਦਫ਼ਤਰ ਬੁਲਾ ਕੇ ਸਨਮਾਨਤ ਕੀਤਾ ਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਕੜੀ ਮਿਹਨਤ ਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਆ। ਡਿਪਟੀ ਕਮਿਸ਼ਨਰ ਨੇ ਕੜੀ ਮਿਹਨਤ ਸਦਕਾ ਰਾਹੁਲ ਵੱਲੋਂ ਕੀਤੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਦੋਂ ਵੀ ਉਹ ਬਾਰਵੀਂ ਪਾਸ ਕਰ ਲੈਣ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰਨ ਬਾਰਵੀਂ ਤੋਂ ਬਾਅਦ ਦੀ ਰਹੁਲ ਦੀ ਪੜ੍ਹਾਈ ਤੇ ਉਹ ਜਿਸ ਵੀ ਖੇਤਰ 'ਚ ਅੱਗੇ ਵਧਣ ਦੀ ਰੁਚੀ ਰੱਖਦੇ ਹਨ, ਉਨ੍ਹਾਂ ਦੀ ਹਰ ਤਰ੍ਹਾਂ ਦੀ ਮੱਦਦ ਕੀਤੀ ਜਾਵੇਗੀ। ਉਸ ਵਕਤ ਭਾਵੇਂ ਉਹ ਕਿਸੇ ਵੀ ਜ਼ਿਲ੍ਹੇ 'ਚ ਪੋਸਟਡ ਹੋਣ, ਉਹ ਬੇਝਿਜਕ ਉਨ੍ਹਾਂ ਨਾਲ ਸੰਪਰਕ ਕਰ ਲੈਣ, ਉਹ ਰਾਹੁਲ ਦੀ ਆਰਥਿਕ ਸਹਾਇਤਾ ਤੋਂ ਇਲਾਵਾ ਹਰ ਤਰ੍ਹਾਂ ਦੀ ਸਹਾਇਤਾ ਕਰਨਗੇ। ਰਾਹੁਲ ਦੇ ਪਿਤਾ ਦਾ ਕਹਿਣਾ ਹੈ ਕਿ ਉਸ ਨੂੰ ਖੁਸ਼ੀ ਹੈ ਕਿ ਡਿਪਟੀ ਕਮਿਸ਼ਨਰ ਵੱਲੋਂ ਉਸ ਦੇ ਪੁੱਤਰ ਨੂੰ ਅੱਗੇ ਵਧਣ ਲਈ ਥਾਪੜਾ ਦਿੱਤਾ ਹੈ। ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਇਨ੍ਹਾਂ ਬੋਲਾਂ ਸਦਕਾ ਉਸ ਦੇ ਪੁੱਤਰ ਤੇ ਧੀ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦੇ ਮੌਕੇ ਮਿਲਣਗੇ, ਜਿਸ ਲਈ ਉਹ ਡਿਪਟੀ ਕਮਿਸ਼ਨਰ ਦੇ ਸਦਾ ਹੀ ਆਭਾਰੀ ਰਹਿਣਗੇ।


ਰਾਹੁਲ ਨੂੰ ਸਨਮਾਨਤ ਕਰਦੇ ਹੋਏ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ।

## ਕਾਤਰਾਂ

### ਮਹਿੰਦਰਪਾਲ ਲੂੰਬਾ ਦੀ ਬਦਲੇ ਦੀ ਭਾਵਨਾ ਨਾਲ ਕੀਤੀ ਬਦਲੀ ਦੀ ਜ਼ੋਰਦਾਰ ਨਿਖੇਧੀ

**ਮੋਗਾ (ਨ ਜ਼ ਸ)**-ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਮੋਗਾ ਦੇ ਆਗੂਆਂ ਕਾਮਰੇਡ ਸੂਰਤ ਸਿੰਘ ਧਰਮਕੋਟ, ਡਾਕਟਰ ਗੁਰਚਰਨ ਸਿੰਘ ਦਾਤੇਵਾਲ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਹਰਦਿਆਲ ਸਿੰਘ ਘਾਲੀ, ਤਰਸੇਮ ਸਿੰਘ ਮੌਜਗੜ੍ਹ, ਬਲਜੀਤ ਸਿੰਘ ਤੇ ਸੁਬੇਗ ਸਿੰਘ ਜਲਾਲਾਬਾਦ, ਸਵਰਨ ਸਿੰਘ ਭਿੰਡਰ, ਜਗਸੀਰ ਸਿੰਘ ਧੂੜਕੋਟ, ਸੇਵਕ ਸਿੰਘ ਮਾਹਲਾ, ਡਾਕਟਰ ਗੁਰਬਚਨ ਸਿੰਘ ਫਤਿਹਗੜ੍ਹ ਪੰਜਤੂਰ, ਅਮਰਜੀਤ ਸਿੰਘ ਸ਼ੇਰਪੁਰ ਤਾਇਬਾਂ, ਪਰਮਜੀਤ ਸਿੰਘ ਖੋਸਾ ਬਹੋਨਾ, ਗੁਰਮੀਤ ਸਿੰਘ ਵਾਂਦਰ ਨੇ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਸਮਾਜ ਸੇਵੀ ਅਤੇ ਸਿਹਤ ਕਰਮੀ ਮਹਿੰਦਰਪਾਲ ਲੂੰਬਾ ਦੀ ਬਦਲੇ ਦੀ ਭਾਵਨਾ ਨਾਲ ਕੀਤੀ ਬਦਲੀ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮਹਿੰਦਰਪਾਲ ਲੂੰਬਾ ਜਿਹੜੇ ਕਿ ਆਪਣੀ ਡਿਊਟੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰ ਰਹੇ ਹਨ, ਇਸ ਤਰ੍ਹਾਂ ਦੇ ਮੁਲਾਜ਼ਮਾਂ ਦੀ ਮੋਗੇ ਸ਼ਹਿਰ ਨੂੰ ਸਖਤ ਜ਼ਰੂਰਤ ਹੈ। ਇਸ ਤਰ੍ਹਾਂ ਦੀ ਰੰਜਿਸ਼ ਅਤੇ ਬਦਲੇ ਦੀ ਭਾਵਨਾ ਨਾਲ ਕੀਤੀ ਬਦਲੀ ਕਾਰਨ ਮਹਿੰਦਰਪਾਲ ਲੂੰਬਾ ਨਾਲ ਡਾਢੀ ਬੇਇਨਸਾਫੀ ਹੋਈ ਹੈ। ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਮੋਗਾ ਸਰਕਾਰ ਅਤੇ ਸਿਹਤ ਮਹਿਕਮੇ ਨੂੰ ਇਹ ਬਦਲੀ ਤੁਰੰਤ ਰੱਦ ਕਰਨ ਦੀ ਮੰਗ ਕਰਦੀ ਹੈ ਅਤੇ ਨਾਲ ਹੀ ਮਹਿੰਦਰਪਾਲ ਲੂੰਬਾ ਵੱਲੋਂ ਲਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਨਿਰਪੱਖ ਤਰੀਕੇ ਨਾਲ ਜਾਂਚ ਪੜਤਾਲ ਕਰਨ ਦੀ ਮੰਗ ਕਰਦੀ ਹੈ। ਉਹਨਾਂ ਆਪਣੀ ਜਥੇਬੰਦੀ ਵਲੋਂ ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਦੀ ਹਮਾਇਤ ਕਰਦਿਆਂ ਆਉਣ ਵਾਲੇ ਸਮੇਂ ਵਿੱਚ ਹਰ ਐਕਸ਼ਨ ਵਿਚ ਸਾਥ ਦੇਣ ਦਾ ਐਲਾਨ ਕੀਤਾ।

### ਠੱਗੀ ਮਾਰਨ ਦੇ ਦੋਸ਼ 'ਚ ਵਿਅਕਤੀ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਮੌਜਦੀ ਵਾਲਾ ਉਰਫ ਸੂਰਘੁਰੀ ਵਿਖੇ ਸੋਨੇ ਅਤੇ ਚਾਂਦੀ ਲੈ ਕੇ ਠੱਗੀ ਮਾਰਨ ਦੇ ਦੋਸ਼ ਵਿਚ ਇਕ ਵਿਅਕਤੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਕ੍ਰਿਸ਼ਨਾ ਰਾਣੀ ਬੇਟੀ ਰੇਸ਼ਮ ਸਿੰਘ (ਪਤਨੀ ਗੁਰਮੇਜ ਸਿੰਘ) ਵਾਸੀ ਚੱਕ ਮੌਜਦੀਨ ਵਾਲਾ ਉਰਫ ਸੂਰਘੁਰੀ ਨੇ ਦਰਖਾਸਤ ਦਿੱਤੀ ਸੀ ਕਿ ਉਸ ਦਾ ਭਤੀਜਾ ਜਗਜੀਤ ਸਿੰਘ ਪੁੱਤਰ ਹਰਬੰਸ ਸਿੰਘ ਨੇ ਉਸ ਨਾਲ 10 ਤੋਲੇ ਸੋਨਾ ਅਤੇ 35 ਤੋਲੇ ਚਾਂਦੀ ਦੀ ਠੱਗੀ ਮਾਰੀ ਹੈ। ਇਸ ਦਰਖਾਸਤ ਦੀ ਪੜਤਾਲ ਡੀ.ਐਸ.ਪੀ. ਜਲਾਲਾਬਾਦ ਵੱਲੋਂ ਕਰਨ ਉਪਰੰਤ ਐਸ.ਐਸ.ਪੀ. ਫਾਜ਼ਿਲਕਾ ਤੋਂ ਅਪਰੂਵਲ ਥਾਣੇ ਵਿਚ ਆਉਣ ਤੇ ਪੁਲਸ ਵੱਲੋਂ ਕ੍ਰਿਸ਼ਨਾ ਰਾਣੀ ਦੇ ਬਿਆਨਾਂ ਦੇ ਅਧਾਰ 'ਤੇ ਜਗਜੀਤ ਸਿੰਘ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

### ਟੋਭੇ 'ਚ ਗੰਬੂਜ਼ੀਆਂ ਮੱਛੀਆਂ ਛੱਡੀਆਂ

**ਭੀਖੀ (ਧਰਮਵੀਰ ਸ਼ਰਮਾ)**-ਸਿਹਤ ਵਿਭਾਗ ਵੱਲੋਂ ਐਸਐਮਓ ਡਾ. ਹਰਦੀਪ ਸ਼ਰਮਾ ਦੀ ਅਗਵਾਈ ਹੇਠ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਪਿੰਡ ਸਮਾਉਂ ਦੇ ਛੱਪੜ ਵਿਖੇ ਗੰਬੂਜ਼ੀਆਂ ਮੱਛੀਆਂ ਛੱਡੀਆਂ ਗਈਆਂ। ਇਸ ਮੌਕੇ ਸਿਹਤ ਇੰਸਪੈਕਟਰ ਗੁਰਦੀਪ ਸਿੰਘ ਰੱਲਾ ਨੇ ਕਿਹਾ ਕਿ ਇਹ ਮੱਛੀਆਂ ਡੇਂਗੂ ਤੇ ਮਲੇਰੀਆਂ ਬੁਖ਼ਾਰ ਦਾ ਲਾਰਵਾ ਨਸ਼ਟ ਕਰਦੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਵਿੱਚ ਵਿੱਚ ਫਰਿੱਜ ਦੀਆਂ ਟਰੇਆਂ, ਕੂਲਰ ਪਾਣੀ ਦੀਆਂ ਟੈਂਕੀਆਂ ਅਤੇ ਹੋਰ ਪਾਣੀ ਜਮਾਂ ਕਰਨ ਵਾਲੀਆਂ ਥਾਵਾਂ 'ਤੇ ਹਫਤੇ ਵਿੱਚ ਇੱਕ ਵਾਰ ਸਫਾਈ ਜ਼ਰੂਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਅਸੀਂ ਮਲੇਰੀਏ ਤੇ ਡੈਂਗੂ ਦੀ ਰੋਕਥਾਮ ਵਿੱਚ ਆਪਣਾ ਯੋਗਦਨ ਪਾ ਸਕਦੇ ਹਾਂ। ਇਸ ਮੌਕੇ ਪਿੰਡ ਦੇ ਸਰਪੰਚ ਪਰਮਜੀਤ ਕੌਰ, ਕਿਸਾਨ ਆਗੂ ਭੋਲਾ ਸਿੰਘ ਸਮਾਉਂ, ਗੁਰਪਿਆਰ ਸਿੰਘ, ਡਾ. ਕਮਲਦੀਪ ਸਿੰਘ, ਤਲਵਿੰਦਰ ਸਿੰਘ, ਰਵਿੰਦਰ ਕੌਰ ਅਤੇ ਭਗਵਾਨ ਸਿੰਘ ਹਾਜ਼ਰ ਸਨ।

### ਨਜਾਇਜ਼ ਸ਼ਰਾਬ ਤੇ 300 ਲੀਟਰ ਲਾਹਣ ਬਰਾਮਦ, ਪਤੀ-ਪਤਨੀ ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਸਵਾ 35 ਬੋਤਲਾਂ ਨਜਾਇਜ਼ ਸ਼ਰਾਬ ਅਤੇ 300 ਲੀਟਰ ਲਾਹਣ ਸਣੇ ਇਕ ਔਰਤ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਦੇਵ ਰਾਜ ਜੋ ਕਿ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਸੁਖੇਰਾ ਬੋਦਲਾ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਭਗਵਾਨ ਸਿੰਘ ਪੁੱਤਰ ਅਮਰ ਸਿੰਘ ਅਤੇ ਉਸਦੀ ਪੱਤਨੀ ਸੰਤੋ ਬਾਈ ਵਾਸੀਆਨ ਸੁਖੇਰਾ ਬੋਦਲਾ ਨਾਜਾਇਜ ਸ਼ਰਾਬ ਕੱਢ ਕੇ ਵੇਚਣ ਦੇ ਆਦੀ ਹੈ, ਜੇਕਰ ਹੁਣੇ ਹੀ ਉਸਦੇ ਘਰ ਰੇਡ ਕੀਤੀ ਜਾਵੇ ਤਾਂ ਨਜਾਇਜ ਸ਼ਰਾਬ ਜਾਂ ਲਾਹਣ ਬਰਾਮਦ ਹੋ ਸਕਦੀ ਹੈ। ਜਿਸ 'ਤੇ ਪੁਲਸ ਵੱਲੋਂ ਉਸ ਦੇ ਘਰ ਵਿਚ ਛਾਪੇਮਾਰੀ ਕਰਕੇ ਸਵਾ 35 ਬੋਤਲਾਂ ਨਜਾਇਜ਼ ਸ਼ਰਾਬ ਅਤੇ 300 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ। ਪੁਲਸ ਨੇ ਸੰਤੋ ਬਾਈ ਨੂੰ ਕਾਬੂ ਕਰ ਲਿਆ ਹੈ, ਜਦਕਿ ਭਗਵਾਨ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਭਗਵਾਨ ਸਿੰਘ ਅਤੇ ਸੰਤੋ ਬਾਈ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

# ਪੂਰੇ ਦੇਸ਼ 'ਚ ਪਹਿਲੀ ਵਾਰ ਸਰਕਾਰੀ ਹਸਪਤਾਲਾਂ 'ਚ ਬਣਾਏ ਜਾਣਗੇ ਮਰੀਜ਼ ਮਦਦ ਕੇਂਦਰ : ਸਿਹਤ ਮੰਤਰੀ

**ਧੂਰੀ (ਸੁਖਦੇਵ ਧੂਰੀ)**
ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜਲਦ ਹੀ ਸੂਬੇ ਦੇ ਸਾਰੇ ਜ਼ਿਲ੍ਹਾ ਤੇ ਸਬ ਡਵੀਜ਼ਨ ਪੱਧਰ ਦੇ ਅਤੇ ਕਮਿਊਨਿਟੀ ਹਸਪਤਾਲਾਂ ਦਾ ਨਵੀਨੀਕਰਨ ਕੀਤਾ ਜਾਵੇਗਾ ਜਿਸ ਨਾਲ ਸਮੁੱਚੇ ਸੈਕੰਡਰੀ ਸਿਹਤ ਖੇਤਰ ਦੀ ਦਸ਼ਾ ਨੂੰ ਕ੍ਰਾਂਤੀਕਾਰੀ ਪੱਧਰ ਉੱਪਰ ਸੁਧਾਰਨ ਵਿੱਚ ਵੱਡੀ ਮਦਦ ਮਿਲੇਗੀ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਅੱਜ ਸਬ ਡਵੀਜ਼ਨਲ ਹਸਪਤਾਲ ਧੂਰੀ ਦੌਰਾ ਕਰਨ ਲਈ ਇੱਥੇ ਪਹੁੰਚੇ ਹੋਏ ਸਨ। ਇਸ ਮੌਕੇ ਪੰਜਾਬ ਹੈਲਥ ਸਿਸਟਮ ਦੇ ਐਮ. ਡੀ. ਪਰਦੀਪ ਅਗਰਵਾਲ ਵੀ ਉਨਾਂ ਦੇ ਨਾਲ ਸਨ।



ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਹਿਲਾਂ ਪ੍ਰਾਇਮਰੀ ਸਿਹਤ ਦੇ ਖੇਤਰ ਵਿੱਚ 580 ਆਮ ਆਦਮੀ ਕਲੀਨਿਕ ਖੋਲ੍ਹ ਕੇ ਕ੍ਰਾਂਤੀਕਾਰੀ ਸੁਧਾਰ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਲਈ ਨਮੂਨੇ ਦੀਆਂ ਇਮਾਰਤਾਂ ਤਿਆਰ ਕੀਤੀਆਂ ਗਈਆਂ ਹਨ ਅਤੇ ਲੋੜ ਅਨੁਸਾਰ ਡਾਕਟਰਾਂ ਤੇ ਹੋਰ ਮੈਡੀਕਲ ਸਟਾਫ਼ ਦੀ ਤੈਨਾਤੀ ਕੀਤੀ ਗਈ ਹੈ। ਉਨ੍ਹਾਂ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਸਿਹਤ ਦੇ ਖੇਤਰ ਵਿੱਚ ਸਰਵੋਤਮ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰੇ ਦਾ ਮੁੱਖ ਮਕਸਦ ਸੈਕੰਡਰੀ ਸਿਹਤ ਸੰਸਥਾਵਾਂ ਨੂੰ ਅਪਗ੍ਰੇਡ ਕਰਨ ਲਈ ਹਸਪਤਾਲਾਂ ਵਿੱਚ ਲੋੜੀਂਦੀਆਂ ਸੁਵਿਧਾਵਾਂ ਦੀ ਜਾਣਕਾਰੀ ਹਾਸਲ ਕਰਨਾ ਸੀ ਅਤੇ ਇਸ ਲਈ ਮਾਹਰਾਂ ਦੀ ਟੀਮ ਜਿਸ ਵਿੱਚ ਆਈ.ਐਮ.ਏ. ਦੇ ਪ੍ਰਧਾਨ ਵੀ ਸ਼ਾਮਲ ਹਨ, ਵੱਲੋਂ ਇਨ੍ਹਾਂ ਸਿਹਤ ਸੰਸਥਾਵਾਂ ਨੂੰ ਅਪਗ੍ਰੇਡ ਕਰਨ ਲਈ ਰੂਪਰੇਖਾ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਦੇ ਨਵੀਨੀਕਰਨ ਮੌਕੇ ਇਮਾਰਤਾਂ ਵਿੱਚ ਮਰੀਜ਼ਾਂ ਦੀ ਮਦਦ ਲਈ ਪੇਸ਼ੈਂਟ (ਮਰੀਜ਼) ਫੈਸੀਲੀਟੇਸ਼ਨ ਸੈਂਟਰ ਤਿਆਰ ਕੀਤੇ ਜਾਣਗੇ ਜਿੱਥੇ ਮਰੀਜ਼ ਦੀ ਰਜਿਸਟਰੇਸ਼ਨ ਕਰਵਾ ਕੇ ਉਸਨੂੰ ਲੋੜੀਂਦੀਆਂ ਸਿਹਤ ਸੇਵਾਵਾਂ ਸ਼ਾਮਲ ਹਨ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਸਟਾਫ਼ ਮੌਜੂਦ ਹੋਵੇਗਾ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ ਪਹਿਲੀ ਵਾਰ ਬਣਨ ਵਾਲੇ ਇਨ੍ਹਾਂ ਮਰੀਜ਼ ਸਹਾਇਤਾ ਕੇਂਦਰਾਂ ਵਿੱਚ ਮੌਜੂਦ ਸਟਾਫ਼ ਹੀ ਮਰੀਜ਼ ਦੀ ਪਰਚੀ ਬਣਵਾ ਕੇ ਡਾਕਟਰ ਨੂੰ ਵਿਖਾਉਣਾ, ਟੈਸਟ ਕਰਵਾਉਣਾ ਅਤੇ ਦਵਾਈ ਦਿਵਾਉਣ ਲਈ ਪਾਬੰਦ ਹੋਵੇਗਾ ਤਾਂ ਜੋ ਆਮ ਲੋਕਾਂ ਨੂੰ ਬੇਲੋੜੀ ਖੱਜਲ-ਖੁਆਰੀ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹਸਪਤਾਲ ਵਿੱਚ ਇਲਾਜ ਕਰਵਾ ਕੇ ਜਾਣ ਵਾਲੇ ਮਰੀਜ਼ਾਂ ਤੋਂ ਇਲਾਜ ਸਬੰਧੀ ਫੀਡਬੈਕ ਲੈਣ ਲਈ ਦੀ ਦਿਸ਼ਾ ਵਿੱਚ ਵੀ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਜਲਦ ਹੀ 550 ਨਵੇਂ ਡਾਕਟਰ ਭਰਤੀ ਕੀਤੇ ਜਾ ਰਹੇ ਹਨ ਅਤੇ ਇਸਦੇ ਨਾਲ ਹੀ ਡਾਕਟਰਾਂ ਨੂੰ ਕੰਮ ਕਰਨ ਲਈ ਚੰਗਾ ਮਾਹੌਲ ਪ੍ਰਦਾਨ ਕਰਨ ਅਤੇ ਬਿਹਤਰ ਮਿਹਨਤਾਨਾ ਦੇਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਵੇਂ ਡਾਕਟਰਾਂ ਦੀ ਭਰਤੀ ਨਾਲ ਸਰਕਾਰੀ ਹਸਪਤਾਲਾਂ ਵਿੱਚ ਐਮਰਜੈਂਸੀ ਨੂੰ ਹਫ਼ਤੇ ਦੇ ਸੱਤੇ ਦਿਨ 24 ਘੰਟੇ ਕਾਰਜਸ਼ੀਲ ਕਰਨਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਟਾਫ਼ ਦੇ ਨਾਲ-ਨਾਲ ਲੋੜੀਂਦੀਆਂ ਅਤਿ ਆਧੁਨਿਕ ਮਸ਼ੀਨਾਂ ਦੀ ਉਪਲਬਧਤਾ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ ਡੀ ਐਮ ਅਮਿਤ ਗੁਪਤਾ, ਐਸ ਪੀ ਯੋਗੇਸ ਸਰਮਾ, ਆਮ ਆਦਮੀ ਪਾਰਟੀ ਦੀ ਸਥਾਨਕ ਟੀਮ ਦੇ ਆਗੂ ਹਾਜ਼ਰ ਸਨ।

# ਹਜ਼ਾਰਾ ਸਿੰਘ ਵਾਲਾ 'ਚ ਕੈਂਸਰ ਨਾਲ ਵਿਅਕਤੀ ਦੀ ਮੌਤ

**ਮਮਦੋਟ (ਹਰਪਾਲ ਸਿੰਘ ਸੋਢੀ)**
ਸੂਬੇ 'ਚ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨੇ ਇਸ ਕਦਰ ਪੈਰ ਪਸਾਰ ਰੱਖੇ ਹਨ, ਜਿਸ ਨਾਲ ਮਰਨ ਵਾਲੇ ਲੋਕਾਂ ਦੀ ਦਰ ਦਿਨ ਬ ਦਿਨ ਵਧਦੀ ਹੀ ਜਾ ਰਹੀ ਹੈ, ਪ੍ਰੰਤੂ ਅਜੇ ਤੱਕ ਇਸ ਭਿਆਨਕ ਬਿਮਾਰੀ ਨਾਲ ਨਜਿੱਠਣ ਲਈ ਕੋਈ ਵੀ ਸੰਭਵ ਹੱਲ ਨਹੀਂ ਨਿਕਲ ਸਕਿਆ। ਅਜਿਹਾ ਹੀ ਇਕ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਬਲਾਕ ਮਮਦੋਟ ਅਧੀਨ ਸਰਹੱਦੀ ਪਿੰਡ ਹਜਾਰਾ ਸਿੰਘ ਵਾਲਾ 'ਚ ਕੈਂਸਰ ਨਾਲ 37 ਸਾਲਾ ਇਕ ਵਿਅਕਤੀ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਹੈ। ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਵੱਡੇ ਭਰਾ ਰਾਜ ਸਿੰਘ ਨੇ ਦੱਸਿਆ ਕਿ ਉਸ ਦੇ ਛੋਟੇ ਭਰਾ ਬਾਜ ਸਿੰਘ ਪੁੱਤਰ ਮੰਗਲ ਸਿੰਘ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਸੀ ਪਰ ਪਿਛਲੇ 1 ਸਾਲ ਤੋਂ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਪੀੜਤ ਸਨ। ਉਨ੍ਹਾ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਅਤੇ ਪੰਜਾਬ ਕੈਂਸਰ ਐਡ ਮਲਟੀ ਸਪੈਸ਼ਲਿਟੀ ਬਠਿੰਡਾ ਵਿਖੇ ਚੱਲ ਰਿਹਾ ਸੀ ,ਪ੍ਰੰਤੂ ਘਰ ਵਿਚ ਅੱਤ ਦੀ ਗਰੀਬੀ ਕਾਰਨ ਇਹ ਬਿਮਾਰੀ ਘਟਣ ਦੀ ਬਜਾਏ ਦਿਨ-ਬ-ਦਿਨ ਵਧਦੀ ਹੀ ਗਈ, ਜਿਸ ਕਾਰਨ ਕੈਂਸਰ ਪੀੜਤ ਵਿਅਕਤੀ ਬਾਜ ਸਿੰਘ ਦੀ ਬੀਤੀ ਰਾਤ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ, ਬੇਟਾ ਤੇ 3 ਕੁੜੀਆਂ ਨੂੰ ਰੋਂਦਿਆਂ ਕਰਲਾਉਂਦਿਆਂ ਛੱਡ ਗਿਆ।



ਪਿੰਡ ਦੇ ਸਰਪੰਚ ਮੁਖਤਿਆਰ ਸਿੰਘ ਨੇ ਦੱਸਿਆ ਇਸ ਪਰਵਾਰ ਦੀ ਆਰਥਕ ਸਥਿਤੀ ਤੇ ਘਰ ਦੇ ਹਲਾਤ ਬਹੁਤ ਕਮਜ਼ੋਰ ਹਨ, ਇਸ ਲਈ ਪਿੰਡ ਦੀ ਸਮੂਹ ਪੰਚਾਇਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਲਕਾ ਵਿਧਾਇਕ ਰਜਨੀਸ਼ ਦਹੀਆ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕਰਦੀ ਹੈ ਕਿ ਇਸ ਪੀੜਤ ਪਰਵਾਰ ਦੀ ਆਰਥਕ ਸਹਾਇਤਾ ਕੀਤੀ ਜਾਵੇ।

# ਭਰਾਜ ਨੇ ਸੰਗਰੂਰ ਹਲਕੇ ਦੇ 13 ਪਿੰਡਾਂ ਨੂੰ 34.35 ਲੱਖ ਦੇ ਚੈੱਕ ਵੰਡੇ

**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪੜਾਅਵਾਰ ਢੰਗ ਨਾਲ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਸਰਵੋਤਮ ਸੁਵਿਧਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਪ੍ਰਗਟਾਵਾ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਅੱਜ ਵਿਧਾਨ ਸਭਾ ਹਲਕਾ ਸੰਗਰੂਰ ਦੇ 13 ਪਿੰਡਾਂ ਦੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਦੀ ਤਰਫੋਂ ਭੇਜੀ 34.35 ਲੱਖ ਰੁਪਏ ਦੀ ਰਾਸ਼ੀ ਦੀ ਵੰਡ ਕਰਨ ਮੌਕੇ ਕੀਤਾ। ਵਿਧਾਇਕ ਨੇ ਸਮੂਹ ਗ੍ਰਾਮ ਪੰਚਾਇਤਾਂ ਨੂੰ ਕਿਹਾ ਕਿ ਉਹ ਆਪਣੀ ਨਿਗਰਾਨੀ ਹੇਠ ਵਿਕਾਸ ਕੰਮਾਂ ਦੀ ਪ੍ਰਕਿਰਿਆ ਨੂੰ ਨੇਪਰੇ ਚੜ੍ਹਾਉਣ। ਉਨ੍ਹਾਂ ਇਹ ਵੀ ਕਿਹਾ ਕਿ ਪਿੰਡਾਂ ਦੀਆਂ ਹੋਰ ਅਹਿਮ ਜ਼ਰੂਰਤਾਂ ਨੂੰ ਵੀ ਤਰਜੀਹ ਦੇ ਆਧਾਰ ਉੱਤੇ ਪੂਰਾ ਕੀਤਾ ਜਾਵੇਗਾ ਅਤੇ ਇਸ ਸੰਬੰਧੀ ਬਕਾਇਦਾ ਪਹਿਲਾਂ ਤੋਂ ਹੀ ਉਹ ਪਿੰਡਾਂ ਅਤੇ ਸਹਿਰਾਂ ਦੀਆਂ ਲੋੜਾਂ ਤੋਂ ਭਲੀਭਾਂਤ ਜਾਣੂ ਹਨ। ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਅੱਜ ਪਿੰਡ ਅਕੋਈ ਸਾਹਿਬ ਵਿਖੇ ਗੰਦੇ ਪਾਣੀ ਦੇ ਨਿਕਾਸ ਅਤੇ ਸਬਮਰਸੀਬਲ ਪੰਪ ਲਈ 5.60 ਲੱਖ, ਪਿੰਡ ਬਾਲੀਆਂ ਵਿਚ ਗੰਦੇ ਪਾਣੀ ਦੇ ਨਿਕਾਸ ਲਈ 3.80 ਲੱਖ, ਖਿਲਰੀਆਂ ਤੇ ਧਲੇਸ ਵਿਚ ਸਬਮਰਸੀਬਲ ਪੰਪ ਲਈ 1.60 ਲੱਖ -1.60 ਲੱਖ, ਰੂਪਾਹੇੜੀ ਵਿਚ ਸਬਮਰਸੀਬਲ ਪੰਪ ਅਤੇ ਜਨਰਲ ਧਰਮਸ਼ਾਲਾ ਦੀ ਉਸਾਰੀ ਲਈ 6.10 ਲੱਖ, ਮੁਹੰਮਦਪੁਰ ਰਸਾਲਦਾਰ ਵਿਚ ਐਸ ਸੀ ਧਰਮਸ਼ਾਲਾ ਲਈ 2 ਲੱਖ, ਫਤਹਿਗੜ੍ਹ ਛੰਨਾ ਵਿਖੇ ਸਬਮਰਸੀਬਲ ਪੰਪ ਲਈ 0.80 ਲੱਖ, ਬੰਗਾਵਾਲੀ ਵਿਚ ਗਲੀਆਂ ਨਾਲੀਆਂ ਦੇ ਰਸਤੇ ਦੀ ਉਸਾਰੀ ਲਈ 3 ਲੱਖ, ਅੰਧੜੀ ਵਿਚ ਪਬਲਿਕ ਸ਼ੈਡ ਉਸਾਰੀ ਲਈ 1.50 ਲੱਖ, ਦੇਹ ਕਲਾਂ ਵਿਖੇ ਪੰਚਾਇਤ ਘਰ ਦੀ ਮੁਰੰਮਤ ਲਈ 1.50 ਲੱਖ, ਲੱਡੀ ਵਿਚ ਗਲੀਆਂ ਨਾਲੀਆਂ ਲਈ 3.08 ਲੱਖ, ਕਲੌਂਦੀ ਵਿਚ ਖੂਹ ਤੇ ਆਂਗਣਵਾੜੀ ਸੈਂਟਰ ਲਈ 2 ਲੱਖ ਅਤੇ ਪਿੰਡ ਮੰਗਵਾਲ ਵਿਚ ਐਸ ਸੀ ਧਰਮਸ਼ਾਲਾ ਲਈ 1.45 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਵਿਧਾਇਕ ਨੇ ਇਨ੍ਹਾਂ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਚੈੱਕ ਵੰਡੇ ਅਤੇ ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਗੁਰਦਰਸ਼ਨ ਸਿੰਘ, ਮਨਦੀਪ ਰੂਪਾਹੇੜੀ, ਗੁਰਪਿਆਰ ਅਕੋਈ ਸਾਹਿਬ, ਬੰਟੀ ਥਲੇਸਾ, ਗੁਰਸੰਤ ਮੰਗਵਾਲ ਅਤੇ ਹੋਰ ਪਤਵੰਤੇ ਹਾਜ਼ਰ ਸਨ।



# ਸੁਖਵਿੰਦਰ ਸਿੰਘ ਭਾਨਰੀ ਨੇ ਬਤੌਰ ਟ੍ਰੈਫਿਕ ਇੰਚਾਰਜ ਅਹੁਦਾ ਸੰਭਾਲਿਆ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਭਾਨਰੀ ਨੇ ਸਮਾਣਾ ਵਿਖੇ ਬਤੌਰ ਟਰੈਫਿਕ ਇੰਚਾਰਜ ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕੇ ਮਾਣਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨਗੇ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਨੂੰ ਵੀ ਸ਼ਖ਼ਸ ਨੂੰ ਨਹੀਂ ਬਖਸ਼ਣਗੇ। ਉਨਾਂ ਦੋ ਪਹੀਆ ਵਾਹਨ ਚਲਾਉਣ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕੀ ਉਹ ਆਪਣੇ ਸਿਰ ਤੇ ਹੈਲਮਟ ਜਾਂ ਪੱਗੜੀ ਜ਼ਰੂਰ ਪਾਉਣ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਉਨਾਂ ਸਾਰੇ ਵਾਹਨ ਚਾਲਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਆਪਣੇ-ਆਪਣੇ ਵਾਹਨਾਂ ਵਿਚ ਆਪਣੇ ਵਾਹਨ ਦੇ ਕਾਗਜ਼ ਵਾਹਨ ਦੇ ਨਾਲ ਰੱਖਣ ਤਾਂ ਜੋ ਪੁਲਸ ਨਾਕੇ ਤੇ ਚੈਕਿੰਗ ਦੌਰਾਨ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਕਿਹਾ ਕਿ ਮਾਨਯੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਪੈਸ਼ਲ ਨਾਕਾਬੰਦੀ ਕਰਕੇ ਬੁਲਟ ਮੋਟਰਸਾਈਕਲ ਵਾਲਿਆਂ ਦੇ ਚਾਲਾਨ ਵੀ ਕੀਤੇ ਜਾਣਗੇ ਜਿਨ੍ਹਾਂ ਨੇ ਮੋਟਰ ਸਾਈਕਲਾਂ ਦੇ ਸਾਈਲੈਂਸਰ ਮੋਡੀਫਾਈ ਕਰਵਾਏ ਹੋਏ ਸਨ। ਉਨਾਂ ਬੋਲਟ ਮੋਟਰਸਾਈਕਲ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਉਹ ਬੁਲਟ ਮੋਟਰਸਾਇਕਲਾਂ ਦੇ ਸਾਈਲੈਂਸਰ ਮੋਡੀਫਾਈਡ ਨਾ ਕਰਵਾਉਣ ਮਾਨਜੋਗ ਉੱਚ ਅਦਾਲਤਾਂ ਦੇ ਹੁਕਮਾਂ ਦੀ ਪਾਲਣਾ ਕਰਨ। ਉਨ੍ਹਾਂ ਮੋਟਰਸਾਈਕਲ ਮਕੈਨਿਕਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਬੁਲਟ ਮੋਟਰਸਾਈਕਲਾਂ ਦੇ ਸਾਈਲੈਂਸਰ ਮੋਡੀਫਾਈਡ ਨਾ ਕਰਨ ਨਹੀਂ ਤਾਂ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਾਰੇ ਵਾਹਨ ਚਾਲਕਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਉ ਵਾਹਨਾਂ ਚਲਾਉਂਦੇ ਸਮੇਂ ਵਾਹਨ ਦੇ ਜ਼ਰੂਰੀ ਦਸਤਾਵੇਜ਼ ਆਪਣੇ ਨਾਲ ਜ਼ਰੂਰ ਰੱਖਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦਿਆਂ ਦੇਸ਼ ਦੇ ਚੰਗੇ ਨਾਗਰਿਕ ਬਣਨ। ਇਸ ਮੌਕੇ ਐਚਸੀ ਜਸਪਾਲ ਸਿੰਘ, ਐਚ ਸੀ ਹਰਜੀਤ ਸਿੰਘ ਆਦਿ ਹਾਜ਼ਰ ਸਨ।



# ਪਸ਼ੂ ਡਿਸਪੈਂਸਰੀਆਂ 'ਚ ਡਾਕਟਰਾਂ ਤੇ ਸਟਾਫ਼ ਦੀ ਘਾਟ ਕਾਰਨ ਪਸ਼ੂ ਪਾਲਕ ਪ੍ਰੇਸ਼ਾਨ : ਤਿਵਾੜੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਦੀਆਂ ਪਸ਼ੂ ਪੇਂਡੂ ਡਿਸਪੈਂਸਰੀਆਂ ਵਿੱਚ ਡਾਕਟਰ ਤੇ ਸਟਾਫ਼ ਨਾ ਹੋਣ ਕਾਰਨ ਪਸ਼ੂ ਪਾਲਕ ਪ੍ਰੇਸ਼ਾਨ ਹਨ ਅਤੇ ਉਨ੍ਹਾਂ ਨੂੰ ਇਲਾਜ ਲਈ ਮਹਿੰਗੇ ਪ੍ਰਾਈਵੇਟ ਡਾਕਟਰਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਮਾਛੀਵਾੜਾ ਬਲਾਕ ਵਿੱਚ ਕਈ ਪੇਂਡੂ ਡਿਸਪੈਂਸਰੀਆਂ ਖੋਲ੍ਹੀਆਂ, ਜਿਨ੍ਹਾਂ ਵਿੱਚ ਪਸ਼ੂ ਪਾਲਕ ਉਨ੍ਹਾਂ ਦਾ ਇਲਾਜ ਕਰਵਾਉਂਦੇ ਸਨ, ਪਰ ਅੱਜ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਹਾਲਾਤ ਇਹ ਹੋ ਗਏ ਹਨ ਕਿ ਡਾਕਟਰਾਂ ਦੀ ਘਾਟ ਕਾਰਨ ਕਈ ਡਿਸਪੈਂਸਰੀਆਂ ਬੰਦ ਹੋ ਗਈਆਂ ਹਨ। ਉਨ੍ਹਾ ਦੱਸਿਆ ਕਿ ਪਸ਼ੂ ਡਿਸਪੈਂਸਰੀ ਹੇਡੋਂ ਬੇਟ, ਪੰਜਗਰਾਈਆਂ, ਤੱਖਰਾਂ, ਮੰਡ ਝੜੌਦੀ, ਮਾਛੀਵਾੜਾ ਖਾਮ, ਬਹਿਲੋਲਪੁਰ, ਕਕਰਾਲਾ, ਕੋਟਲਾ, ਮਾਣੇਵਾਲ ਵਿੱਚ ਸਟਾਫ਼ ਦੀ ਬੇਹੱਦ ਘਾਟ ਹੈ ਤੇ ਕਈ ਅਸਾਮੀਆਂ ਖਾਲੀ ਪਈਆਂ ਹਨ। ਉਨ੍ਹਾ ਦੱਸਿਆ ਕਿ ਮਾਛੀਵਾੜਾ ਬਲਾਕ 'ਚ ਕਰੀਬ 47 ਹਜ਼ਾਰ ਪਸ਼ੂ ਹਨ, ਜਿਨ੍ਹਾਂ ਲਈ ਪਿੰਡਾਂ 'ਚ 17 ਪਸ਼ੂ ਡਿਸਪੈਂਸਰੀਆਂ 'ਤੇ ਡਾਕਟਰਾਂ ਤੇ ਹੋਰ ਸਟਾਫ਼ ਦੀਆਂ 51 ਪੋਸਟਾਂ ਹਨ, ਜਿਨ੍ਹਾਂ 'ਚੋਂ 39 ਖਾਲੀ ਹਨ। ਉਨ੍ਹਾ ਕਿਹਾ ਕਿ ਇੱਕ ਪਾਸੇ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵੱਡੇ-ਵੱਡੇ ਵਾਅਦੇ ਕਰਦੀ ਹੈ, ਪਰ ਉੱਥੇ ਹੀ ਮਾਛੀਵਾੜਾ ਬਲਾਕ ਦੀਆਂ ਪਸ਼ੂ ਡਿਸਪੈਂਸਰੀਆਂ ਵਿੱਚ ਖਾਲੀ ਪੋਸਟਾਂ ਭਰਨ ਦੀ ਬਜਾਏ ਪਸ਼ੂ ਪਾਲਕਾਂ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ।



ਬਲਾਕ ਪ੍ਰਧਾਨ ਤਿਵਾੜੀ ਨੇ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਜੇਕਰ ਪਸ਼ੂਆਂ 'ਚ ਕੋਈ ਬੀਮਾਰੀ ਫੈਲ ਗਈ ਤਾਂ ਡਿਸਪੈਂਸਰੀਆਂ ਵਿੱਚ ਡਾਕਟਰ ਹੀ ਨਹੀਂ ਹਨ ਤਾਂ ਪਸ਼ੂਆਂ ਦਾ ਇਲਾਜ ਕਿੱਥੋਂ ਹੋਵੇਗਾ। ਉਨ੍ਹਾ ਕਿਹਾ ਕਿ ਡੇਅਰੀ ਧੰਦਾ ਪਹਿਲਾਂ ਹੀ ਘਾਟੇ ਵਾਲਾ ਸੌਦਾ ਬਣਿਆ ਹੋਇਆ ਹੈ ਤੇ ਉੱਪਰੋਂ ਸਰਕਾਰੀ ਪਸ਼ੂ ਡਿਸਪੈਂਸਰੀਆਂ ਵਿੱਚ ਡਾਕਟਰ ਅਤੇ ਨਾ ਹੀ ਦਵਾਈਆਂ ਹੋਣ ਕਾਰਨ ਪਸ਼ੂ ਪਾਲਕਾਂ 'ਤ ਹੋਰ ਆਰਥਿਕ ਬੋਝ ਪੈ ਰਿਹਾ ਹੈ। ਕਾਂਗਰਸੀ ਆਗੂ ਤਿਵਾੜੀ ਨੇ ਕਿਹਾ ਕਿ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਪੂਰਾ ਕਰ ਇਨ੍ਹਾਂ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀ ਘਾਟ ਪੂਰੀ ਕਰੇ।

## ਅੰਗਹੀਣ ਸਾਥੀਆਂ ਦੀ ਮੀਟਿੰਗ 2 ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਫਿਜ਼ੀਕਲ ਹੈਂਡੀਕੈਪਡ ਐਸੋਸੀਏਸ਼ਨ ਫਿਜ਼ੀਕਲ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ ਚੰਡੀਗੜ੍ਹ, ਜ਼ਿਲ੍ਹਾ ਸੰਗਰੂਰ ਜ਼ਿਲ੍ਹਾ ਮਲੇਰਕੋਟਲਾ ਜ਼ਿਲ੍ਹਾ ਬਰਨਾਲਾ ਨਾਲ ਸੰਬੰਧਤ ਅੰਗਹੀਣ ਸਾਥੀਆਂ ਦੀ ਇਕ ਮੀਟਿੰਗ ਪੰਜਾਬ ਚੰਡੀਗੜ੍ਹ, ਜ਼ਿਲ੍ਹਾ ਸੰਗਰੂਰ, ਜ਼ਿਲ੍ਹਾ ਮਲੇਰਕੋਟਲਾ, ਜ਼ਿਲ੍ਹਾ ਬਰਨਾਲਾ ਨਾਲ ਸੰਬੰਧਤ ਅੰਗਹੀਣ ਸਾਥੀਆਂ ਦੀ ਇਕ ਮੀਟਿੰਗ ਡੀ ਸੀ ਕੰਪਲੈਕਸ ਸੰਗਰੂਰ ਵਿਖੇ 2 ਜੁਲਾਈ ਦਿਨ ਐਤਵਾਰ ਸਵੇਰੇ 10:00 ਵਜੇ ਰੱਖੀ ਗਈ ਹੈ ਜਿਸ ਵਿਚ ਤਿੰਨ੍ਹਾਂ ਜ਼ਿਲ੍ਹਿਆਂ ਤੋਂ ਅੰਗਹੀਣ ਸਾਥੀਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਬੇਨਤੀ ਕੀਤੀ ਹੈ। ਪ੍ਰੋਗਰਾਮ ਸੰਬੰਧੀ ਚਮਕੌਰ ਸਿੰਘ ਸਹਾਪੁਰ ਨੇ ਜਾਣਕਾਰੀ ਦਿੰਦਿਆਂ ਕਿ ਫਿਜ਼ੀਕਲ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ ਚੰਡੀਗੜ੍ਹ ਦਾ ਸੂਬਾ ਜਨਰਲ ਕੌਂਸਲ ਦਾ ਇਜਲਾਸ ਹੋਣ ਜਾ ਰਿਹਾ ਹੈ। ਇਸ ਤੋਂ ਇਲਾਵਾ ਅੰਗਹੀਣਾਂ ਦੇ ਭਖਦੇ ਮਸਲੇ ਵਿਚਾਰੇ ਜਾਣਗੇ ਅਤੇ ਵਿਚਾਰ ਰੱਖਣ ਲਈ ਦਿੱਤੇ ਪ੍ਰੋਗਰਾਮ ਅਨੁਸਾਰ ਡੀ ਸੀ ਕੰਪਲੈਕਸ ਸੰਗਰੂਰ ਵਿਖੇ ਪਹੁੰਚੋ।

# ਐੱਸ ਬੀ ਐੱਸ ਸਟੇਟ 'ਵਰਸਿਟੀ 'ਚ ਨਸ਼ਿਆਂ ਖਿਲਾਫ ਸੈਮੀਨਾਰ ਤੇ ਰੈਲੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੰਯੁਕਤ ਰਾਸ਼ਟਰ ਵੱਲੋਂ ਨਸ਼ਾਖੋਰੀ ਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਖਿਲਾਫ ਸਥਾਨਕ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਬੂਟਾ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵਿੱਚ ਸੈਮੀਨਾਰ ਤੇ ਰੈਲੀ ਕੀਤੀ ਗਈ, ਜਿਸ ਵਿੱਚ ਕੈਂਪਸ ਰਜਿਸਟਰਾਰ ਡਾ. ਗਜ਼ਲਪ੍ਰੀਤ ਸਿੰਘ ਅਰਨੇਜਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਦਿਆਰਥੀਆਂ ਨੂੰ ਸੰਬੋਧਤ ਹੁੰਦਿਆਂ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰ ਪ੍ਰੋ. ਗੁਰਜੀਵਨ ਸਿੰਘ ਨੇ ਕਿਹਾ ਕਿ ਅੱਜਕੱਲ੍ਹ ਆਮ ਦੇਖਣ ਤੇ ਸੁਣਨ ਨੂੰ ਮਿਲਦਾ ਹੈ ਕਿ ਸਮਾਜ 'ਚ ਖਤਰਨਾਕ ਨਸ਼ੇ ਛੋਟੀ ਉਮਰ ਦੇ ਬੱਚਿਆਂ ਨੂੰ ਆਪਣੀ ਲਪੇਟ 'ਚ ਲੈ ਰਹੇ ਹਨ, ਜੋ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਇਨ੍ਹਾਂ ਨਸ਼ਿਆਂ ਨਾਲ ਇਨਸਾਨ ਦੇ ਲੀਵਰ, ਦਿਲ, ਕਿਡਨੀਆਂ ਆਦਿ ਨੂੰ ਕਾਫ਼ੀ ਨੁਕਸਾਨ ਪਹੁੰਚਦਾ ਹੈ, ਉਪਰੰਤ ਛੋਟੀ ਉਮਰ 'ਚ ਮੌਤ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦਿਆਂ ਤਾਕੀਦ ਕੀਤੀ ਕਿ ਉਹ ਸਿਹਤਮੰਦ ਸਮਾਜ ਸਿਰਜਣ ਲਈ ਅੱਗੇ ਆਉਣ। ਕੈਂਪਸ ਰਜਿਸਟਰਾਰ ਨੇ ਆਪਣੇ ਸੰਬੋਧਨ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਸ਼ਪ੍ਰਭਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਡੀ ਅਜੋਕੀ ਪੀੜ੍ਹੀ ਨੂੰ ਆਪਣੇ ਤੇ ਆਪਣੇ ਮਾਂ-ਬਾਪ ਦੇ ਸੁਰੱਖਿਅਤ ਭਵਿੱਖ ਦੀ ਜ਼ਿੰਮੇਵਾਰੀ ਲੈਂਦਿਆਂ ਨਸ਼ਿਆਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਤਾਂ ਜੋ ਅਸੀਂ ਇੱਕ ਨਿਰੋਗ ਸਮਾਜ ਦੀ ਸਿਰਜਣਾ ਕਰ ਸਕੀਏ। ਇਸ ਉਪਰੰਤ ਕੈਂਪਸ ਵਿੱਚ ਇੱਸ ਵਿਸ਼ੇ ਸਬੰਧੀ ਰੈਲੀ ਵੀ ਕੱਢੀ ਗਈ, ਜਿਸ ਵਿੱਚ ਕੈਂਪਸ ਦੇ ਵਿਦਿਆਰਥੀਆਂ ਤੇ ਸਟਾਫ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਰੈੱਡ ਰਿਬਨ ਕਲਬਾਂ ਦੇ ਪ੍ਰੋਗਰਾਮ ਅਫ਼ਸਰ, ਵਿਭਾਗੀ ਮੁਖੀ ਤੇ ਡੀਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।




# 'ਪ੍ਰੋ: ਜਿੰਦਲ ਦੀ ਪੁਸਤਕ 'ਕ੍ਰਿਤੀਤਵ ਤੇ ਵਿਅਕਤੀਤਵ' ਲੋਕ ਅਰਪਣ


ਸਿਰਸਾ 'ਚ ਪ੍ਰੋ: ਐੱਸ. ਆਰ. ਜਿੰਦਲ ਦਵਾਰਾ ਲਿਖਤ ਪੁਸਤਕ ਲੋਕ ਅਰਪਣ ਕਰਦੇ ਬੁੱਧੀਜੀਵੀ।

**ਸਿਰਸਾ (ਸੁਰਿੰਦਰ ਪਾਲ ਸਿੰਘ)**
ਸਿਰਸਾ ਕਾਲਜ ਦੇ ਸੇਵਾ ਮੁਕਤ ਪ੍ਰੋਫੈਸਰ ਐੱਸ. ਆਰ. ਜਿੰਦਲ ਦੇ ਜੀਵਨ ਤੇ ਰਚਨਾਵਾਂ 'ਤੇ ਆਧਾਰਤ ਸੁਰੇਸ਼ ਬਰਾਵਾਲ ਦੁਆਰਾ ਸੰਪਾਦਿਤ ਤੇ ਤਸਵੀਰ ਪ੍ਰਕਾਸ਼ਨ ਕਾਲਾਂਵਾਲੀ ਵੱਲੋਂ ਛਾਪੀ ਗਈ ਪੁਸਤਕ 'ਕ੍ਰਿਤੀਤਵ ਤੇ ਵਿਅਕਤੀਤਵ' ਲੋਕ ਅਰਪਣ ਕੀਤੀ ਗਈ। ਇਸ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ 'ਚ ਡਾ: ਜਿੰਦਲ ਦੇ ਭਰਾ ਬ੍ਰਿਜ ਲਾਲ ਜਿੰਦਲ, ਫੂਲ ਚੰਦ ਜਿੰਦਲ, ਡਾ: ਪਰਵੀਨ ਗਰਗ, ਰਜਿੰਦਰ ਸਿੰਘ ਤੇ ਪ੍ਰੋ. ਐੱਚ. ਕੇ. ਲਾਲ ਸ਼ਾਮਲ ਸਨ। ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ: ਕਮਲ ਜਿੰਦਲ ਨੇ ਆਏ ਮਹਿਮਾਨਾਂ ਤੇ ਪਰਿਵਾਰਕ ਮੈਂਬਰਾਂ ਦਾ ਸਵਾਗਤ ਕੀਤਾ। ਇਸ ਮੌਕੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਡਾ. ਪਰਵੀਨ ਗਰਗ ਨੇ ਕਿਹਾ ਕਿ ਡਾ. ਐੱਸ. ਆਰ. ਜਿੰਦਲ ਇੱਕ ਮਹਾਨ ਸ਼ਖ਼ਸੀਅਤ ਸਨ ਤੇ ਉਨ੍ਹਾਂ ਨੇ ਆਪਣੇ ਜੀਵਨ 'ਚ ਨਿਸ਼ਕਾਮ ਸਮਾਜ ਸੇਵਾ ਕੀਤੀ ਤੇ ਸਿੱਖਿਆ, ਸਿਹਤ ਤੇ ਹੋਰਨਾਂ ਖੇਤਰਾਂ 'ਚ ਯੋਗਦਾਨ ਦਿੱਤਾ। ਪ੍ਰੋ: ਐੱਚ. ਕੇ. ਲਾਲ ਨੇ ਕਿਹਾ ਕਿ ਜਦੋਂ ਪ੍ਰੋ: ਐੱਸ. ਰਾਮ ਜਿੰਦਲ ਸਿਰਸਾ ਦੇ ਨੈਸ਼ਨਲ ਕਾਲਜ ਵਿੱਚ ਪ੍ਰੋਫੈਸਰ ਸਨ ਤਾਂ ਉਹ ਆਪਣਾ ਕੰਮ ਇਮਾਨਦਾਰੀ ਤੇ ਤਨਦੇਹੀ ਨਾਲ ਕਰਦੇ ਸਨ। ਡਾ. ਐੱਲ. ਸੀ. ਅਗਰਵਾਲ ਨੇ ਕਿਹਾ ਕਿ ਡਾਕਟਰ ਜਿੰਦਲ ਸਿਰਸਾ 'ਚ ਹੋਮਿਓਪੈਥੀ ਦਾ ਬੂਟਾ ਲਾਉਣ ਵਾਲੇ ਹਨ ਤੇ ਉਨ੍ਹਾਂ ਨੇ ਹੋਮਿਓਪੈਥੀ ਦੇ ਖੇਤਰ ਵਿੱਚ ਨਵੀਆਂ ਖੋਜਾਂ ਕਰਕੇ ਇਸ ਇਲਾਜ ਪ੍ਰਣਾਲੀ ਨੂੰ ਹੋਰ ਜ਼ਿਆਦਾ ਅਮੀਰ ਕੀਤਾ। ਡਾ: ਜਿੰਦਲ ਦੇ ਭਰਾ ਬ੍ਰਿਜ ਲਾਲ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਤੇ ਪਰਿਵਾਰ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਰਜਿੰਦਰ ਸਿੰਘ ਰਿਵਾੜੀ ਨੇ ਕਿਹਾ ਕਿ ਉਨ੍ਹਾ ਦੇ ਜੀਵਨ ਵਿੱਚ ਜੋ ਪ੍ਰਾਪਤੀਆਂ ਹਨ, ਉਨ੍ਹਾਂ ਪਿੱਛੇ ਡਾ. ਜਿੰਦਲ ਦੀ ਪ੍ਰੇਰਨਾ ਤੇ ਮਦਦ ਹੈ। ਇਸ ਸਮਾਗਮ ਵਿੱਚ ਤਸਵੀਰ ਪ੍ਰਕਾਸ਼ਨ ਦੇ ਮਾਲਕ ਭੁਪਿੰਦਰ ਪੰਨੀਵਾਲੀਆ ਨੇ ਪੁਸਤਕ ਦੇ ਪ੍ਰਕਾਸ਼ਨ ਸਬੰਧੀ ਵਿਚਾਰ ਰੱਖੇ। ਡਾ: ਓਮ ਪ੍ਰਕਾਸ਼, ਮਨੋਜ ਜਿੰਦਲ ਐਡਵੋਕੇਟ, ਡਾ: ਰੂਪਾਲੀ ਜਿੰਦਲ ਤੇ ਸ਼੍ਰੀਮਤੀ ਸ਼ਿਖਾ ਜਿੰਦਲ ਸਮੇਤ ਅਨੇਕ ਵਿਦਵਾਨ ਸ਼ਾਮਲ ਸਨ। ਸੁਰੇਸ਼ ਬਰਨਵਾਲ ਨੇ ਪ੍ਰੋਗਰਾਮ ਦਾ ਬਾ-ਖੂਬੀ ਮੰਚ ਸੰਚਾਲਨ ਕੀਤਾ ਗਿਆ।

# ਨਾਲਿਆਂ ਦੀ ਸਫ਼ਾਈ ਜੰਗੀ ਪੱਧਰ 'ਤੇ ਜਾਰੀ



**ਨਾਭਾ (ਵਰਿੰਦਰ ਵਰਮਾ)**-ਵਿਧਾਇਕ ਦੇਵ ਮਾਨ ਦੇ ਭਰਾ 'ਆਪ' ਆਗੂ ਕਪਿਲ ਮਾਨ ਅਤੇ ਪ੍ਰਧਾਨ ਸੁਜਾਤਾ ਚਾਵਲਾ ਦੇ ਪਤੀ ਪੰਕਜ ਪੱਪੂ ਵੱਲੋਂ ਬਰਸਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਖੁਦ ਸ਼ਹਿਰ ਦੇ ਸਾਰੇ ਹੀ ਮੁਹੱਲਿਆਂ ਤੇ ਬਾਜ਼ਾਰਾਂ ਵਿੱਚ ਚੱਲ ਰਹੇ ਸਫ਼ਾਈ ਕਾਰਜਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਦੇ ਪਤੀ ਪੰਕਜ ਪੱਪੂ ਤੇ 'ਆਪ' ਆਗੂ ਕਪਿਲ ਮਾਨ ਨੇ ਭਾਈਚਾਰਕ ਸਾਂਝ ਨੂੰ ਹੋਰ ਮਜਬੂਤ ਕਰਦੇ ਹੋਏ ਖੁਦ ਹੀ ਹੱਥ ਵਿੱਚ ਕਹੀ ਫੜ ਥਾਣਾ ਕੋਤਵਾਲੀ ਦੇ ਪਿਛਲੇ ਪਾਸੇ ਦੀ ਲੰਘਣ ਵਾਲੇ ਨਾਲੇ ਦੀ ਸਫਾਈ ਕਰ ਰਹੇ ਮਜ਼ਦੂਰਾਂ ਨਾਲ ਨਾਲਿਆਂ ਵਿਚ ਉਤਰ ਕੇ ਸਫਾਈ ਕਰਨ ਲੱਗ ਪਏ। ਕਪਿਲ ਮਾਨ ਤੇ ਪੰਕਜ ਪੱਪੂ ਨੇ ਕਿਹਾ ਕਿ ਜੋ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਸ਼ਹਿਰ ਵਾਸੀਆਂ ਨਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਿਆਸਤੀ ਸ਼ਹਿਰ ਨਾਭਾ ਨੂੰ ਸੋਹਣਾ ਤੇ ਸਾਫ ਕਰਨ ਵਾਅਦਾ ਕੀਤਾ ਸੀ, ਉਸ ਨੂੰ ਹਲਕਾ ਵਿਧਾਇਕ ਦੇਵ ਮਾਨ ਹਰ ਹਾਲਤ ਵਿਚ ਪੂਰਾ ਕਰ ਰਹੇ ਹਨ।

# ਹੇਲਨ ਕੇਲਰ ਦੇ ਜਨਮ ਦਿਵਸ ਨੂੰ ਸਮਰਪਤ ਨੈਸ਼ਨਲ ਲੈਵਲ ਦੇ ਭਾਸ਼ਣ ਮੁਕਾਬਲੇ

**ਲੁਧਿਆਣਾ (ਐਮ.ਐਸ.ਭਾਟੀਆ, ਰੈਕਟਰ ਕਥੂਰੀਆ)**-ਪੁਨਰਜੋਤ ਆਈ ਬੈਂਕ ਲੁਧਿਆਣਾ ਤੇ ਪੰਜਾਬ ਭਵਨ ਕੈਨੇਡਾ ਵੱਲੋਂ ਚੌਥਾ ਨੈਸ਼ਨਲ ਲੈਵਲ ਆਨਲਾਇਨ ਭਾਸ਼ਣ ਮੁਕਾਬਲਾ ਕਰਾਇਆ ਗਿਆ। ਇਹ ਮੁਕਾਬਲਾ ਡਾਕਟਰ ਰਮੇਸ਼, ਅਸ਼ੋਕ ਮਹਿਰਾ, ਸੁਭਾਸ਼ ਮਲਿਕ ਅਤੇ ਸੁੱਖੀ ਬਾਠ ਦੀ ਅਗਵਾਈ ਵਿੱਚ ਕਰਾਇਆ ਗਿਆ।

ਇਸ ਮੁਕਾਬਲੇ ਦੇ ਮੁੱਖ ਕੋਆਰਡੀਨੇਟਰ ਅਸ਼ੋਕ ਮਹਿਰਾ ਨੇ ਦੱਸਿਆ ਕਿ ਇਸ ਨੈਸ਼ਨਲ ਲੈਵਲ ਭਾਸ਼ਣ ਮੁਕਾਬਲੇ ਵਿੱਚ 20ਵੀਂ ਸਦੀ ਦੀ ਮਹਾਨ ਲੇਖਿਕਾ ਹੇਲਨ ਕੇਲਰ ਜੋ ਨਾ ਸੁਣ ਸਕਦੀ ਸੀ ਤੇ ਨਾ ਹੀ ਦੇਖ ਸਕਦੀ ਸੀ, ਦੇ ਜੀਵਨ ਬਾਰੇ 14 ਤੋਂ 18 ਸਾਲ ਦੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਿਸ਼ੇ 'ਤੇ ਇਸ ਉਮਰ ਗਰੁੱਪ ਦੇ 140 ਤੋਂ ਵੱਧ ਵਿਦਿਆਰਥੀਆਂ ਵੱਲੋਂ ਜਾਣਕਾਰੀ ਭਰਪੂਰ ਭਾਸ਼ਣ ਦੀਆਂ ਦੋ ਮਿੰਟ ਦੀਆਂ ਵੀਡੀਓ ਬਣਾ ਕੇ ਆਨਲਾਇਨ ਭੇਜੀਆਂ ਗਈਆਂ।

ਵਿਦਿਆਰਥੀਆਂ ਨੇ ਬੜੀ ਲਗਨ ਅਤੇ ਮਿਹਨਤ ਨਾਲ ਹੇਲਨ ਕੇਲਰ ਦੇ ਜੀਵਨਕਾਲ ਬਾਰੇ ਦਿਲਚਸਪ ਤੱਥਾਂ ਨੂੰ ਪੇਸ਼ ਕਰਦਿਆਂ ਆਪਣੇ ਭਾਸ਼ਣਾਂ ਵਿੱਚ ਖ਼ੂਬਸੂਰਤੀ ਨਾਲ ਵਰਨਣ ਕੀਤਾ। ਇਸ ਮੁਕਾਬਲੇ ਨੂੰ ਸਫ਼ਲ ਬਨਾਉਣ ਲਈ ਤੇ ਜੇਤੂਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਡਾਕਟਰ ਰਮੇਸ਼ ਸੁਪਰਸਪੈਸ਼ਲਿਟੀ ਆਈ ਤੇ ਲੇਜ਼ਰ ਸੈਂਟਰ ਲੁਧਿਆਣਾ ਅਤੇ ਪੰਜਾਬ ਭਵਨ ਕੈਨੇਡਾ ਵੱਲੋਂ ਇਨਾਮ ਰਾਸ਼ੀ ਦਿੱਤੀ ਗਈ। ਪਹਿਲਾ ਇਨਾਮ 10000 ਰੁਪਏ ਨੂੰ ਲੁਧਿਆਣਾ ਦੀ ਮਹਿਕ ਰਾਣਾ ਨੂੰ ਮਿਲਿਆ। ਦੂਜੇ ਇਨਾਮ ਵਿੱਚ ਬੀ. ਸੀ. ਐਮ. ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਦੀ ਸ਼ਰੇਆ ਨੇ 5000 ਰੁਪਏ ਜਿੱਤੇ। ਤੀਜਾ ਇਨਾਮ 3000 ਰੁਪਏ ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ ਦੀ ਨਮਰਤਾ ਬਾਂਸਲ ਨੂੰ ਮਿਲਿਆ। ਡਾਕਟਰ ਰਮੇਸ਼ ਤੇ ਅਸ਼ੋਕ ਮਹਿਰਾ ਵੱਲੋਂ ਸਾਰੇ ਜੇਤੂ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਵਧਾਈ ਦਿੱਤੀ ਗਈ। ਅਸ਼ੋਕ ਮਹਿਰਾ ਤੇ ਡਾਕਟਰ ਰਮੇਸ਼ ਨੇ ਇਸ ਮੁਕਾਬਲੇ ਦੀ ਸਫ਼ਲਤਾ ਲਈ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਤੇ ਪ੍ਰੋਗਰਾਮ ਮੈਨਜਮੈਂਟ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਅਕਰਸ਼ਨ ਮਹਿਤਾ ਨੇ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਅਜਿਹੇ ਕਈ ਮੁਕਾਬਲੇ ਕਰਾਏ ਜਾਣਗੇ ਤਾਂ ਜੁ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਜਾ ਸਕੇ ਅਤੇ ਸਮਾਜ ਨੂੰ ਸਿਹਤ ਪ੍ਰਤੀ ਜਾਗਰੂਕ ਕੀਤਾ ਜਾ ਸਕੇ।



# ਪੰਜਾਬ ਸਰਕਾਰ ਨੇ ਜ਼ਿਲਾ ਪਠਾਨਕੋਟ ਨੂੰ ਦਿੱਤਾ ਸਰਕਟ ਹਾਊਸ ਦੇ ਰੂਪ 'ਚ ਵੱਡਾ ਤੋਹਫਾ: ਕਟਾਰੂਚੱਕ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਜ਼ਿਲ੍ਹੇ ਦੇ ਲੋਕਾਂ ਦੇ ਲਈ ਅੱਜ ਬਹੁਤ ਹੀ ਇਤਿਹਾਸਕ ਦਿਨ ਹੈ। ਅੱਜ ਤੱਕ ਜਿਲ੍ਹਾ ਪਠਾਨਕੋਟ ਅੰਦਰ ਕੋਈ ਵੀ ਸਰਕਟ ਹਾਊਸ ਨਹੀਂ ਬਣਾਇਆ ਗਿਆ ਸੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਜ਼ਿਲ੍ਹਾ ਪਠਾਨਕੋਟ ਅੰਦਰ ਸਰਕਟ ਹਾਊਸ ਬਣਾਉਂਣ ਦੀ ਮਨਜ਼ੂਰੀ ਦਿੱਤੀ ਗਈ ਹੈ ਅਤੇ ਅੱਜ ਬਿਲਡਿੰਗ ਦੇ ਨਿਰਮਾਣ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ, ਇਸ ਦੇ ਲਈ ਜਿਲ੍ਹਾ ਪਠਾਨਕੋਟ ਦੇ ਲੋਕ ਵਧਾਈ ਦੇ ਪਾਤਰ ਹਨ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਬਿਜਲੀ ਵਿਭਾਗ ਦੀ ਕਲੋਨੀ ਸਰਨਾ ਵਿਖੇ ਸਰਕਟ ਹਾਊਸ ਦੇ ਨਿਰਮਾਣ ਕਾਰਜ ਦੇ ਸ਼ੁਭਾਅਰੰਭ ਸਮਾਰੋਹ ਦੌਰਾਨ ਕੰਮ ਦੀ ਸੁਰੂਆਤ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੀ ਹਾਜ਼ਰ ਸਨ।

ਮੰਤਰੀ ਨੇ ਸੰਬੋਧਨ ਦੌਰਾਨ ਕਿਹਾ ਕਿ ਜਿਲ੍ਹਾ ਪਠਾਨਕੋਟ ਵਿੱਚ ਕਈ ਵਰਿਆਂ ਤੋਂ ਬਾਅਦ ਵੀ ਪਹਿਲਾ ਕੋਈ ਵੀ ਸਰਕਟ ਹਾਊਸ ਨਹੀਂ ਸੀ ਜਿਸ ਦੇ ਚਲਦਿਆਂ ਜਦੋਂ ਵੀ ਕੋਈ ਬਾਹਰ ਤੋਂ ਕੋਈ ਜ਼ਿਲ੍ਹੇ ਅੰਦਰ ਆਉਂਦਾ ਸੀ ਤਾਂ ਠਹਿਰਾਉਂਣ ਦੇ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਦੇ ਚਲਦਿਆਂ ਹੁਣ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਕਰੀਬ 8 ਕਰੋੜ ਰੁਪਏ ਦੀ ਲਾਗਤ ਦੇ ਨਾਲ 12 ਕਮਰਿਆਂ ਦਾ ਸਰਕਟ ਹਾਊਸ ਤਿਆਰ ਕੀਤਾ ਜਾ ਰਿਹਾ ਹੈ ਜਿਸ ਵਿੱਚ ਦੋ ਵੀ.ਵੀ.ਆਈ.ਪੀਜ਼ ਕਮਰੇ ਹੋਣਗੇ ਅਤੇ 10 ਹੋਰ ਵਧੀਆ ਕਮਰੇ ਹੋਣਗੇ। ਜੋ ਆਉਂਣ ਵਾਲੇ 6 ਮਹੀਨਿਆਂ ਦੌਰਾਨ ਬਣ ਤੇ ਪੂਰੀ ਤਰ੍ਹਾਂ ਨਾਲ ਤਿਆਰ ਹੋ ਜਾਵੇਗਾ। ਇਸ ਵਿੱਚ ਇੱਕ ਕਰੀਬ 100 ਤੋਂ 150 ਲੋਕਾਂ ਦੀ ਸਮਰੱਥਾ ਵਾਲਾ ਵਿਸ਼ਾਲ ਕਾਨਫਰੰਸ ਹਾਲ ਵੀ ਤਿਆਰ ਕੀਤਾ ਜਾਵੇਗਾ ਜਿਸ ਵਿੱਚ ਕਿਸੇ ਵੀ ਤਰ੍ਹਾਂ ਦੀ ਕਾਨਫਰੰਸ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇੱਕ ਵਧੀਆ ਪਾਰਕ ਹੋਵੇਗੀ ਅਤੇ ਵਹੀਕਲ ਪਾਰਕਿੰਗ ਦੇ ਲਈ ਵੀ ਵਿਸੇਸ ਸਥਾਨ ਬਣਾਏ ਜਾਣਗੇ

ਉਨ੍ਹਾਂ ਕਿਹਾ ਕਿ ਅੱਜ ਸਰਕਟ ਹਾਊਸ ਜੋ ਕਿ ਪਠਾਨਕੋਟ ਦੇ ਲੋਕਾਂ ਦੀ ਬਹੁਤ ਵੱਡੀ ਮੰਗ ਸੀ ਅਤੇ ਅੱਜ ਬਹੁਤ ਹੀ ਖੂਬਸੂਰਤ ਬਿਲਡਿੰਗ ਦੇ ਨਿਰਮਾਣ ਦਾ ਕਾਰਜ ਸੁਰੂ ਕੀਤਾ ਗਿਆ ਹੈ। ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਸਰਕਾਰ ਨਵੀਆਂ ਪੁਲਾਂਘਾਂ ਪੁੱਟ ਰਹੀ ਹੈ ਬੀਤੇ ਦਿਨ ਦੌਰਾਨ ਮੁੱਖ ਮੰਤਰੀ ਪੰਜਾਬ ਵੱਲੋਂ ਜੋ ਨੌਕਰੀਆਂ ਦੇਣ ਦਾ ਬਾਅਦਾ ਕੀਤਾ ਗਿਆ ਸੀ ਅਤੇ 14 ਹਜਾਰ ਟੀਚਰਾਂ ਨੂੰ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਪੱਕਿਆ ਕਰਨ ਦਾ ਵਾਅਦਾ ਕੀਤਾ ਸੀ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। ਸਰਕਾਰ ਵੱਲੋਂ ਪੰਜਾਬ ਦੇ ਧੀਆਂ ਪੁੱਤਾਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਬਿਨ੍ਹਾਂ ਕਿਸੇ ਸਿਫਾਰਿਸ ਦੇ ਮੈਰਿਟ ਦੇ ਅਧਾਰ ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਦੇ ਚਲਦਿਆਂ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਉਨ੍ਹਾਂ ਇੱਕ ਸਵਾਲ ਦੇ ਜਵਾਬ ਅੰਦਰ ਕਿਹਾ ਕਿ ਇਹ ਸ਼ੁਰੂਆਤ ਵਿੱਚ ਪਹਿਲਾ ਸਿੱਖਿਆ ਵਿਭਾਗ ਵਿੱਚ ਕੱਚੇ ਮੁਲਾਜਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਗਿਆ ਹੈ ਆਉਂਣ ਵਾਲੇ ਸਮੇਂ ਵਿੱਚ ਹੋਰ ਵੱਖ ਵੱਖ ਵਿਭਾਗਾਂ ਦੇ ਅੰਦਰ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਲਈ ਸਰਕਾਰ ਵੱਲੋਂ ਵਧੀਆ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਪਿਛਲੇ ਦਿਨ੍ਹਾਂ ਦੌਰਾਨ ਇੱਕ ਮੀਟਿੰਗ ਵਿੱਚ ਆਦੇ੍ਸ਼ ਦਿੱਤੇ ਗਏ ਹਨ ਕਿ ਰਾਸ਼ਨ ਕਾਰਡਾਂ ਨੂੰ ਲੈ ਕੇ ਵੈਰੀਫਿਕੇਸ਼ਨ ਦੇ ਕਾਰਜ ਨੂੰ ਪਹਿਲਾ ਪੂਰਾ ਕੀਤਾ ਜਾਵੈ। ਉਨ੍ਹਾਂ ਲੋਕਾਂ ਨਾਲ ਵਾਅਦਾ ਕਰਦਿਆਂ ਕਿਹਾ ਕਿ ਵੈਰੀਫਿਕੇਸ਼ਨ ਤੋਂ ਬਾਅਦਾ ਜਿਨ੍ਹਾਂ ਵੀ ਯੋਗ ਲਾਭਪਾਤਰੀਆਂ ਦਾ ਕਾਰਡ ਕੱਟਿਆ ਗਿਆ ਹੈ ਉਨ੍ਹਾਂ ਸਾਰਿਆਂ ਦੇ ਰਾਸਨ ਕਾਰਡ ਬਣਾਏ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੈ ਕੁਮਾਰ ਕਟਾਰੂਚੱਕ ਜ਼ਿਲ੍ਹਾ ਮੀਡੀਆ ਇੰਚਾਰਜ ਪਠਾਨਕੋਟ, ਨਰੇਸ਼ ਸੈਣੀ ਪ੍ਰਧਾਨ ਐਸ.ਸੀ. ਵਿੰਗ, ਸੁਖਵੀਰ ਕਾਟਲ, ਸਾਹਿਬ ਸਿੰਘ ਸਾਬਾ, ਸੋਹਣ ਲਾਲ ਸਾਬਕਾ ਕੌਂਸਲਰ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਹਰਜੀਤ ਸਿੰਘ, ਜ਼ਿ੍ਹਾ ਪ੍ਰੀਸ਼ਦ ਚੇਅਰਮਨ ਸੀਤਾ ਦੇਵੀ , ਤਜਿੰਦਰ ਸਾਬਲ, ਰਜਿੰਦਰ ਸਿੰਘ ਗੋਤਰਾ ਐਕਸੀਅਨ ਲੋਕ ਨਿਰਮਾਣ ਵਿਭਾਗ ਪਠਾਨਕੋਟ, ਆਰ.ਪੀ. ਸਿੰਘ ਐਸ.ਈ. ਲੋਕ ਨਿਰਮਾਣ ਵਿਭਾਗ ਪਠਾਨਕੋਟ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਮੀਰੀ-ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਆਯੋਜਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ ਪੀਰੀ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਲਿਆ।

ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਸਿੱਖ ਕੌਮ ਨੂੰ ਬਖ਼ਸ਼ਿਆ ਸਿਧਾਂਤ ਅਧਿਆਤਮ ਨਾਲ ਜੁੜਨ ਦੇ ਨਾਲ-ਨਾਲ ਮਜਲੂਮਾਂ ਦੀ ਰੱਖਿਆ ਕਰਨ ਵਾਲਾ ਹੈ। ਛੇਵੇਂ ਪਾਤਸ਼ਾਹ ਨੇ ਜਿਥੇ ਸਿੱਖਾਂ ਨੂੰ ਸ਼ਸ਼ਤਾਰਧਾਰੀ ਹੋਣ ਦਾ ਆਦੇਸ਼ ਕੀਤਾ, ਉਥੇ ਹੀ ਸੰਗਤਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਹੁਕਮ ਦਿੱਤੇ। ਇਸ ਦਾ ਮੰਤਵ ਜ਼ੁਲਮ ਵਿਰੁੱਧ ਲਾਮਬੰਦ ਕਰਨਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਅਤੇ ਸ਼ਸਤਰ ਕਦੇ ਵੱਖ ਨਹੀਂ ਹੋ ਸਕਦੇ, ਜਿਸ ਤਹਿਤ ਹਰ ਸਿੱਖ ਅੰਮ੍ਰਿਤਧਾਰੀ ਹੋ ਕੇ ਪੰਜ ਕਕਾਰੀ ਰਹਿਣੀ ਦਾ ਧਾਰਨੀ ਬਣੇ। ਗਿਆਨੀ ਰਘਬੀਰ ਸਿੰਘ ਨੇ ਸਮੁੱਚੀ ਕੌਮ ਨੂੰ ਧੜੇਬੰਦੀ ਤੇ ਵਿਚਾਰਧਾਰਕ ਮਤਭੇਦ ਪਾਸੇ ਰੱਖ ਕੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਇਕੱਠੇ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ।

ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਸੰਗਤ ਨਾਲ ਛੇਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਇਤਿਹਾਸਕ ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਦੇ ਸੰਗਤ ਨੂੰ ਦਰਸ਼ਨ ਵੀ ਕਰਵਾਏ ਗਏ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ ਵਰਪਾਲ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਗੁਰਮੀਤ ਸਿੰਘ ਬੁੱਟਰ, ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਗੁਰਦਿਆਲ ਸਿੰਘ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਵਕਤਾ, ਮੈਨੇਜਰ ਸੁਖਰਾਜ ਸਿੰਘ, ਬਘੇਲ ਸਿੰਘ, ਨਰਿੰਦਰ ਸਿੰਘ, ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ, ਅਜੀਤ ਸਿੰਘ ਆਦਿ ਮੌਜੂਦ ਸਨ।

# ਬੈਂਕਫਿੰਕੋ ਵੱਲੋਂ ਚਲਾਈਆਂ ਜਾ ਰਹੀਆਂ ਕਰਜ਼ਾ ਸਕੀਮਾਂ ਸੰਬੰਧੀ ਮੀਟਿੰਗ



ਅੰਮ੍ਰਿਤਸਰ ਨਰਿੰਦਰਜੀਤ ਸਿੰਘ)-ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਜਿਲ੍ਹਾ ਪੱਧਰੀ ਸਕਰੀਨਿੰਗ ਕਮੇਟੀ ਬੈਕਫਿੰਕੋ, ਅੰਮ੍ਰਿਤਸਰ ਦੀ ਮੀਟਿੰਗ ਪੱਲਵ ਸ਼ਰੇਸ਼ਠਾ, ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ, ਅੰਮ੍ਰਿਤਸਰ ਕਮ ਚੇਅਰਮੈਨ ਦੀ ਪ੍ਰਧਾਨਗੀ ਹੇਠ ਕੀਤੀ ਗਈ।

ਇਸ ਮੀਟਿੰਗ ਵਿਚ ਬੈਂਕਫਿੰਕੋ ਵੱਲੋਂ ਚਲਾਈਆਂ ਜਾ ਰਹੀਆਂ ਕਰਜ਼ਾ ਸਕੀਮਾਂ ਅਧੀਨ ਐਨ. ਬੀ. ਸੀ. ਕਰਜ਼ਾ ਸਕੀਮ ਅਤੇ ਡੀ.ਐਲ.ਐਸ. ਕਰਜ਼ਾ ਸਕੀਮਾਂ ਅਧੀਨ 60.00 ਲੱਖ ਰੁਪਏ ਦੇ ਕਰਜਾ ਕੇਸ ਤਿਆਰ ਕਰਨ ਹਿੱਤ 16 ਬਿਨੈਕਾਰਾਂ ਦੀ ਇੰਟਰਵਿਊ ਕੀਤੀ ਗਈ। ਇਸ ਇੰਟਰਵਿਊ ਉਪਰੰਤ ਕੁੱਲ 13 ਬਿਨੈਕਾਰਾਂ ਦੇ ਕਰਜਾ ਕੇਸ ਕੁੱਲ ਰਕਮ 36.00 ਲੱਖ ਪ੍ਰਵਾਨ ਕੀਤੇ ਗਏ। ਬੈਕਫਿੰਕੋ ਵੱਲੋਂ ਖੇਤੀਬਾੜੀ ਅਤੇ ਸਹਾਇਕ ਧੰਦੇ ਲਈ, ਡੇਅਰੀ ਫਾਰਮ, ਸਬਜ਼ੀਆਂ ਕਾਸ਼ਤਕਾਰੀ ਅਤੇ ਸਮਾਲ ਬਿਜ਼ਨੈਸ ਅਧੀਨ ਜਨਰਲ ਕਰਿਆਨਾ ਸਟੋਰ, ਰੇਡੀਮੇਡ ਕਪੜੇ ਦੀ ਦੁਕਾਨ, ਬੂਟੀਕ ਟੇਲਰਿੰਗ ਯੂਨਿਟ, ਬਿਊਟੀ ਪਾਰਲਰ ਆਦਿ ਲਈ ਬਹੁਤ ਹੀ ਘੱਟ ਵਿਆਜ ਦਰ੍ਹਾਂ ਉਪਰ ਕਰਜੇ ਦਿੱਤੇ ਜਾਂਦੇ ਹਨ।

ਇਸ ਤੋਂ ਇਲਾਵਾ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰਕਮ ਚੇਅਰਮੈਨ ਵੱਲੋਂ ਜਨਹਿੱਤ ਵਿਚ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਬੈਂਕਫਿੰਕੋ ਰਾਹੀਂ ਆਰਥਿਕ ਤੌਰ ਤੇ ਪਛੜੇ ਵਰਗਾਂ ਵੱਲੋਂ ਅਤੇ ਅਨੁਸੂਚਿਤ ਜਾਤੀ ਭੌ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਰਾਹੀਂ ਅਨੁਸੂਚਿਤ ਜਾਤੀ ਦੇ ਲੋਕਾਂ ਵੱਲੋਂ ਵੱਧ ਤੋਂ ਵੱਧ ਕਰਜ਼ਾ ਲੈਣ ਸਬੰਧੀ ਅਪਲਾਈ ਕੀਤਾ ਜਾਵੇ, ਜਿਸ ਦੀ ਵਿਆਜ ਦਰ੍ਹਾਂ ਬਹੁਤ ਘੱਟ ਹਨ।

ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਕਰਜ਼ਾ ਲੈਣ ਸਬੰਧੀ ਜਿਲ੍ਹਾ ਮੈਨੇਜਰ, ਬੈਂਕਫਿੰਕੋ ਅਤੇ ਅਨੁਸੂਚਿਤ ਜਾਤੀ ਭੌ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨਾਲ ਡਾ. ਬੀ. ਆਰ. ਅੰਬੇਡਕਰ ਭਵਨ, ਤਹਿਸੀਲਪੁਰਾ, ਅੰਮ੍ਰਿਤਸਰ ਵਿਖੇ ਤਾਲਮੇਲ ਕੀਤਾ ਜਾ ਸਕਦਾ ਹੈ। ਇਸ ਮੀਟਿੰਗ ਵਿਚ ਕਰਮਜੀਤ ਸਿੰਘ, ਐਨਫੋਰਸਮੈਂਟ ਅਫਸਰ, ਬੈਂਕਫਿੰਕੋ, ਪਰਮਿੰਦਰ ਸਿੰਘ, ਦਫਤਰ ਜ਼ਿਲ੍ਹਾ ਉਪ ਅਰਥ ਅੰਕੜਾ ਅਤੇ ਸਲਾਹਕਾਰ, ਅੰਮ੍ਰਿਤਸਰ ਅਤੇ ਐਨ. ਜੀ. ਓ. ਮੈਂਬਰ ਡਾਂ. ਜਤਿੰਦਰਪਾਲ ਸਿੰਘ ਹਾਜ਼ਰ ਸਨ।

# ਵਿਧਾਇਕ ਸੋਹਲ ਨੇ ਪਿੰਡ ਨੂਰਦੀ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਸੁਣੀਆਂ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਤਰਨਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਵਿਧਾਇਕ ਪਿੰਡ-ਪਿੰਡ ਗਲੀ-ਗਲੀ ਪ੍ਰੋਗਰਾਮ ਤਹਿਤ ਪਿੰਡ ਨੂਰਦੀ ਵਿਖੇ ਪਹੁੰਚ ਕੇ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ।

ਇਸ ਮੌਕੇ ਪਿੰਡ ਦੇ ਪੰਚਾਇਤ ਮੈਂਬਰ ਰਣਜੀਤ ਸਿੰਘ, ਚਰਨਜੀਤ ਸਿੰਘ, ਹਰਮੀਤ ਸਿੰਘ, ਭਗਵੰਤ ਸਿੰਘ, ਸਰਬਜੀਤ ਕੌਰ ਤੋਂ ਇਲਾਵਾ ਸਰਪੰਚ ਦੇ ਪਤੀ ਕੁਲਬੀਰ ਸਿੰਘ, ਪਿੰਡ ਵਿਕਾਸ ਕਮੇਟੀ ਦੇ ਮੁਖੀ ਸੁਖਰਾਜ ਕੌਰ ਨੇ ਪਿੰਡ ਦੀਆਂ ਸਮੱਸਿਆਵਾਂ ਵਿਧਾਇਕ ਡਾਕਟਰ ਸੋਹਲ ਦੇ ਧਿਆਨ ਵਿੱਚ ਲਿਆਂਦੀਆਂ। ਮੁੱਖ ਮੰਗਾਂ ਵਿੱਚ ਐਲੀਮੈਂਟਰੀ ਸਰਕਾਰੀ ਸਕੂਲ ਨੂੰ ਸੀਨੀਅਰ ਸੈਕੰਡਰੀ ਤੱਕ ਅਪਗ੍ਰੇਡ ਕਰਨਾ, ਨੌਜਵਾਨਾਂ ਲਈ ਜਿੰਮ ਦੀ ਸਹੂਲਤ ਦੇਣਾ, ਗਲੀਆਂ ਨਾਲੀਆਂ ਅਤੇ ਛੱਪੜਾਂ ਦੀ ਸਫਾਈ ਅਤੇ ਸ਼ਮਸ਼ਾਨ ਭੂਮੀ ਵਿੱਚ ਪਾਣੀ, ਅਤੇ ਬੈਠਣ ਦੀ ਵਿਵਸਥਾ ਦਾ ਪ੍ਰਬੰਧ ਕਰਨਾ ਸਾਮਲ ਹੈ। ਵਿਧਾਇਕ ਡਾਕਟਰ ਸੋਹਲ ਨੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਧਿਆਨ ਨਾਲ ਸੁਣੀਆਂ ਅਤੇ ਇਨਾਂ ਮੰਗਾਂ ਨੂੰ ਜਲਦ ਪੂਰੇ ਕਰਨ ਦਾ ਭਰੋਸਾ ਦਿੱਤਾ। ਡਾਕਟਰ ਸੋਹਲ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਨੂੰ ਸਹਿਰਾਂ ਵਾਲੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਪਿੰਡ ਦੇ ਵਿਕਾਸ ਲਈ ਪਿੰਡ ਵਾਸੀਆਂ ਤੋਂ ਸਹਿਯੋਗ ਦੀ ਮੰਗ ਕੀਤੀ।

# ਸਿਹਤ ਸੇਵਾਵਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦੀਆਂ ਡੀ ਸੀ ਵੱਲੋਂ ਹਦਾਇਤਾਂ ਜਾਰੀ



ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸਿਹਤ ਸੇਵਾਵਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ। ਇਸਦੇ ਨਾਲ ਹੀ ਸਿਹਤ ਸੰਸਥਾਵਾਂ ਵਿੱਚ ਜੋ ਵੀ ਘਾਟਾਂ ਹਨ ਉਨ੍ਹਾਂ ਨੂੰ ਦਰੁਸਤ ਕਰਕੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦਿੱਤੀਆਂ ਜਾਣ। ਡਿਪਟੀ ਕਮਿਸ਼ਨਰ ਨੇ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਲਿੰਗ ਅਨੁਪਾਤ ਨੂੰ ਠੀਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਇਸਦੇ ਨਾਲ ਹੀ ਉਨ੍ਹਾਂ ਅਲਟਰਾਸਾਊਂਡ ਸਕੈਨਿੰਗ ਸੈਂਟਰਾਂ ਦੀ ਵਿਸ਼ੇਸ਼ ਚੈਕਿੰਗ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ। ਮੀਟਿੰਗ ਦੌਰਾਨ ਉਨ੍ਹਾਂ ਨੇ ਗੁਰਦਾਸਪੁਰ ਸ਼ਹਿਰ ਵਿਖੇ ਕਲੀਨ ਸਟਰੀਟ ਫੂਡ ਹੱਬ ਦੇ ਨਾਲ ਹੀ ਕਲੀਨ ਫਰੂਟ ਐਂਡ ਵੈਜੀਟੇਬਲ ਮਾਰਕਿਟ ਬਣਾਉਣ ਲਈ ਕੀਤੀ ਜਾ ਰਹੀ ਕਾਰਵਾਈ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਮੀਟਿੰਗ ਦੌਰਾਨ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਨੇ ਦੱਸਿਆ ਕਿ ਹਾਈਪਰਟੇਂਸ਼ਨ ਕੰਟਰੋਲ ਪ੍ਰੋਗਰਾਮ ਵਿਚ ਜ਼ਿਲ੍ਹਾ ਗੁਰਦਾਸਪੁਰ ਪੰਜਾਬ ਵਿਚੋਂ ਪਹਿਲੇ ਨੰਬਰ 'ਤੇ ਹੈ। ਇਸਦੇ ਨਾਲ ਹੀ ਤਿੰਨ ਤਰਾਂ ਦੇ ਕੈਂਸਰ ਛਾਤੀ, ਮੂੰਹ ਅਤੇ ਬੱਚੇਦਾਨੀ ਦੀ ਸਕਰੀਨਿੰਗ ਲਈ ਸਿਹਤ ਅਧਿਕਾਰੀਆਂ ਤੇ ਮੁਲਾਜਮਾਂ ਨੂੰ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕੈਂਸਰ ਦੀ ਸਕਰੀਨਿੰਗ ਸ਼ੁਰੂ ਕਰ ਦਿਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਅਬਾਦੀ ਦਿਵਸ ਦੇ ਸਬੰਧ ਵਿਚ ਪੰਦਰਵਾੜੇ ਦੌਰਾਨ ਨਸਬੰਦੀ ਅਤੇ ਨਲਬੰਦੀ ਕੇਸ ਕੀਤੇ ਜਾਣਗੇ ਅਤੇ ਲੋਕਾਂ ਨੂੰ ਪਰਿਵਾਰ ਨਿਯੋਜਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਟੀਬੀ ਕੰਟਰੋਲ ਪ੍ਰੋਗਰਾਮ ਵਿਚ ਜ਼ਿਲ੍ਹੇ ਨੂੰ ਸਿਲਵਰ ਮੈਡਲ ਮਿਲਿਆ ਹੈ। ਡਾ. ਹਰਭਜਨ ਰਾਮ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਟੀਕਾਕਰਨ ਦੇ ਟੀਚਿਆਂ ਨੂੰ ਪੂਰਾ ਕੀਤਾ ਗਿਆ ਹੈ। ਸਾਲ 2023 ਨੂੰ ਮੀਜਲ ਰੂਬੇਲਾ ਮੁਕਤੀ ਲਈ ਵਿਸ਼ੇਸ਼ ਟੀਕਾਕਨ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤਹਿਤ ਜੋ ਬੱਚੇ ਟੀਕਾਕਰਨ ਤੋ ਵਾਂਝੇ ਰਹਿ ਗਏ ਸਨ ਉਨਾਂ ਨੂੰ ਟੀਕੇ ਲਗਾਏ ਜਾ ਰਿਹੇ ਹਨ। ਉਨ੍ਹਾਂ ਕਿਹਾ ਕਿ ਮਹੀਨਾ ਜੁਲਾਈ ਨੂੰ ਐਂਟੀ ਡੇਂਗੂ ਮਹੀਨੇ ਵਜੋਂ ਮਨਾਇਆ ਜਾਵੇਗਾ। ਮੱਛਰਾਂ ਦੇ ਖਾਤਮੇ ਲਈ ਛਪੜਾਂ ਵਿਚ ਗੰਬੂਜ਼ੀਆ ਮੱਛੀਆਂ ਪਾਈਆਂ ਗਈਆਂ ਹਨ। ਇਸ ਮੌਕੇ ਜ਼ਿਲ੍ਹਾ ਤੇ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ, ਡੀ. ਆਈ. ਓ. ਡਾ. ਅਰਵਿੰਦ ਮਨਚੰਦਾ, ਡੀ. ਐੱਮ. ਸੀ. ਡਾ. ਰੋਮੀ ਰਾਜਾ, ਡਾ. ਪ੍ਰਭਜੋਤ ਕਲਸੀ, ਡੀ. ਡੀ. ਐੱਚ. ਓ. ਡਾ. ਸ਼ੈਲਾ ਕੰਵਰ ਆਦਿ ਹਾਜ਼ਰ ਸਨ।

# ਨਸ਼ਿਆਂ ਦੇ ਖ਼ਾਤਮੇ ਲਈ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਦਾ ਸਹਿਯੋਗ ਮੰਗਿਆ



ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਪ੍ਰਧਾਨਗੀ ਹੇਠ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲਾ ਪੱਧਰੀ ਨਾਰਕੋ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਰਵਿੰਦਰਪਾਲ ਸਿੰਘ ਸੰਧੂ, ਐੱਸ. ਡੀ.ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜ) ਸਚਿਨ ਪਾਠਕ, ਐੱਸ.ਡੀ.ਐੱਮ. ਦੀਨਾਨਗਰ ਅਰਵਿੰਦ ਕੁਮਾਰ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਅਸ਼ਵਨੀ ਅਰੋੜਾ, ਐਸ. ਪੀ. ਗੁਰਦਾਸਪੁਰ ਨਵਤੇਜ ਸਿੰਘ, ਐੱਸ.ਪੀ. ਬਟਾਲਾ ਜਗਵਿੰਦਰਜੀਤ ਸਿੰਘ ਤੋਂ ਇਲਾਵਾ ਹੋਰ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿਵਲ ਤੇ ਪੁਲਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚੋਂ ਨਸ਼ੇ ਦੇ ਖਾਤਮੇ ਲਈ ਚਲਾਏ ਜਾ ਰਹੇ ਵਿਸ਼ੇਸ਼ ਅਭਿਆਨ ਵਿੱਚ ਸਮਾਜ ਦੇ ਹਰ ਵਰਗ ਦਾ ਸਹਿਯੋਗ ਲਿਆ ਜਾਵੇ। ਉਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਰਹੱਦੀ ਪਿੰਡਾਂ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕਰਕੇ ਲੋਕਾਂ ਨੂੰ ਸਰਹੱਦ ਪਾਰੋਂ ਡਰੋਨ ਰਾਹੀਂ ਹੁੰਦੀ ਤਸਕਰੀ ਨੂੰ ਰੋਕਣ ਲਈ ਚੌਕਸ ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਦਾ ਪਤਾ ਲੱਗਣ 'ਤੇ ਤੁਰੰਤ ਜ਼ਿਲ੍ਹਾ ਪੱਧਰ 'ਤੇ ਬਣੇ ਕੰਟਰੋਲ ਰੂਮ ਦੇ ਨੰਬਰ 1800-180-1852 'ਤੇ ਜਾਂ ਪੁਲਿਸ ਵਿਭਾਗ ਦੇ ਹੈਲਪ ਲਾਈਨ ਨੰਬਰ 78145-45950 ਉੱਪਰ ਸੰਪਰਕ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਜਾਣਕਾਰੀ ਬਿਲਕੁਲ ਗੁਪਤ ਰੱਖੀ ਜਾਵੇਗੀ।

# ਰਲਵੀਂ ਖੇਤੀ ਕਰਕੇ ਕਿਸਾਨਾਂ ਲਈ ਪ੍ਰੇਰਨਾਸ੍ਰੋਤ ਬਣਿਆ ਕਿਸਾਨ ਮੱਖਣ ਸਿੰਘ



ਤਰਨਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਪਿੰਡ ਰਾਮਪੁਰ ਨਰੋਤਮਪੁਰ ਬਲਾਕ ਖਡੂਰ ਸਾਹਿਬ ਦਾ ਵਸਨੀਕ ਅਗਾਂਹਵਧੂ ਕਿਸਾਨ ਮੱਖਣ ਸਿੰਘ ਰਲਵੀਂ ਖੇਤੀ ਕਰਕੇ ਹੋਰਨਾਂ ਕਿਸਾਨਾਂ ਲਈ ਪ੍ਰੇਰਨਾਸ੍ਰੋਤ ਬਣ ਚੁੱਕਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦਸਵੀਂ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਖੇਤੀਬਾੜੀ 'ਚ ਰੁਚੀ ਰੱਖਣ ਵਾਲੇ ਕਿਸਾਨ ਮੱਖਣ ਸਿੰਘ ਜੋ ਖੇਤੀਬਾੜੀ 'ਚ ਕੁਝ ਵੱਖਰਾ ਕਰਨ ਦੀ ਤਾਂਘ ਰੱਖਦਾ ਹੈ, ਨੇ ਰਲਵੀਂ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਕਿਸਾਨ ਮੱਖਣ ਸਿੰਘ ਨੇ ਆਪਣੇ ਪਰਿਵਾਰ ਦੇ ਖਾਣ ਵਾਸਤੇ ਜ਼ਹਿਰ ਮੁਕਤ ਫਲ, ਸਬਜ਼ੀਆਂ ਅਤੇ ਅਨਾਜ ਬੀਜਣਾ ਸ਼ੁਰੂ ਕਰ ਦਿੱਤਾ। ਸ਼ੁਰੂਆਤੀ ਪ੍ਰਯੋਗਾਂ 'ਚੋਂ ਨਿਕਲੇ ਚੰਗੇ ਨਤੀਜਿਆਂ ਨੇ ਉਸਨੂੰ ਦਾਲਾਂ, ਸਿੱਧੀ ਬਿਜਾਈ, ਕਮਾਦ, ਹਰੀ ਖਾਦ ਅਤੇ ਫਸਲੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਦਬਾਉਣ ਲਈ ਪ੍ਰੇਰਿਆ।

ਦੱਸ ਦਈਏ ਕਿ ਅਗਾਂਹਵਧੂ ਕਿਸਾਨ ਮੱਖਣ ਸਿੰਘ ਨੇ ਪਿਛਲੇ ਪੰਜ-ਛੇ ਸਾਲਾਂ ਤੋਂ ਆਪਣੇ ਖੇਤਾਂ ਵਿੱਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀ ਬਜਾਏ ਉਸਨੂੰ ਖੇਤ 'ਚ ਹੀ ਵਾਹ ਕੇ ਖਾਦ ਵਜੋਂ ਵਰਤਿਆ ਹੈ। ਕਿਸਾਨ ਮੱਖਣ ਸਿੰਘ ਨੇ ਦੱਸਿਆ ਕਿ ਫਸਲੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਦਬਾਉਣ ਨਾਲ ਤੀਸਰੇ ਸਾਲ ਖਾਦਾਂ ਦਾ ਖਰਚਾ ਅੱਧਾ ਰਹਿ ਜਾਂਦਾ ਹੈ। ਮੱਖਣ ਸਿੰਘ ਨੇ ਦੱਸਿਆ ਕਿ ਉਸ ਕੋਲ ਖੇਤੀ ਵਾਲੇ ਸਾਰੇ ਸੰਦ ਮੌਜੂਦ ਹਨ, ਜਿਨ੍ਹਾਂ ਵਿੱਚ 2 ਟਰੈਕਟਰ, ਰੋਟਾਵੇਟਰ, ਹੱਲ, ਸੁਪਰਸੀਡਰ, ਤਵੀਆਂ, ਜਿੰਦ੍ਰਾ, 2 ਟਰਾਲੀਆਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਫਸਲੀ ਚੱਕਰ ਵਿੱਚ ਝੋਨਾ-ਮਟਰ, ਆਲੂ-ਮੱਕੀ ਅਤੇ ਝੋਨਾ-ਮਟਰ ਅਤੇ ਕਣਕ-ਮੂੰਗੀ ਦੀ ਵੀ ਕਾਸ਼ਤ ਕਰਦਾ ਹੈ। ਬਲਾਕ ਟੈਕਨੋਲੋਜੀ ਮੈਨੇਜਰ ਯਾਦਵਿੰਦਰ ਸਿੰਘ ਨਾਲ ਗੱਲਬਾਤ ਦੌਰਾਨ ਕਿਸਾਨ ਮੱਖਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਸਿਹਤ ਦਾ ਬਹੁਤ ਖਿਆਲ ਰੱਖਦੇ ਹਨ ਅਤੇ ਉਹ ਆਪਣੀ ਖੁਰਾਕ ਵਿੱਚ ਮੋਟੇ ਅਨਾਜ ਵੀ ਵਰਤਦੇ ਹਨ। ਉਨ੍ਹਾਂ ਕਿਹਾ ਕਿ ਮੋਟੇ ਅਨਾਜ ਦੀ ਪਿਸਾਈ ਵਾਸਤੇ ਉਨ੍ਹਾਂ ਨੇ ਆਪਣੇ ਘਰ ਛੋਟੀ ਚੱਕੀ ਵੀ ਲਿਆਂਦੀ ਹੈ ਅਤੇ ਉਹ ਵੱਖ-ਵੱਖ ਅਨਾਜਾਂ ਦਾ ਆਟਾ ਪੀਸ ਕੇ ਆਪਣੀ ਖੁਰਾਕ ਵਿੱਚ ਸਾਮਲ ਕਰਦੇ ਹਨ। ਇਸਦੇ ਨਾਲ ਹੀ ਕਿਸਾਨ ਮੱਖਣ ਸਿੰਘ ਨੇ ਦੱਸਿਆ ਕਿ ਉਹ ਆਉਣ ਵਾਲੇ ਸਮੇਂ 'ਚ ਘਰ ਦਾ ਸੁੱਧ ਅਤੇ ਵਧੀਆ ਗੁੜ ਤਿਆਰ ਕਰਕੇ ਮਾਰਕੀਟ 'ਚ ਵੇਚਣਗੇ। ਇਸ ਮੌਕੇ ਸੂਬੇ 'ਚ ਤੇਜੀ ਨਾਲ ਥੱਲੇ ਡਿੱਗ ਰਹੇ ਪਾਣੀ ਦੇ ਪੱਧਰ 'ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਕਿਸਨ ਮੱਖਣ ਸਿੰਘ ਨੇ ਦੱਸਿਆ ਕਿ ਉਹ ਬਾਸਮਤੀ ਦੀ ਸਿੱਧੀ ਬਿਜਾਈ ਕਰਦੇ ਹਨ ਤਾਂ ਜੋ ਪਾਣੀ ਨੂੰ ਬਚਾਇਆ ਜਾ ਸਕੇ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਹ ਆਪਣੇ ਖੇਤਾਂ ਵਿੱਚ ਘਰ ਖਾਣ ਵਾਸਤੇ ਮੋਟੇ ਅਨਾਜ ਕੋਧਰਾ ਅਤੇ ਰਾਗੀ ਦੀ ਖੇਤੀ ਵੀ ਕਰਦੇ ਹਨ। ਕਿਸਾਨ ਮੱਖਣ ਸਿੰਘ ਨੇ ਕਿਹਾ ਕਿ ਜੇਕਰ ਕਿਸੇ ਕਿਸਾਨ ਵੀਰ ਨੇ ਕੋਧਰੇ ਦਾ ਬੀਜ ਲੈਣਾ ਹੈ ਤਾਂ ਉਹ ਮੁਫਤ ਬੀਜ ਮੁਹੱਈਆ ਕਰਵਾਉਂਦੇ ਹਨ।

# ਗੰਥਗੜ੍ਹ ਮੋੜ 'ਤੇ ਬੱਸ ਸਟੈਂਡ ਦਾ ਨੀਂਹ ਪੱਥਰ ਰੱਖਿਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨਜ਼ਦੀਕੀ ਪਿੰਡ ਗੰਥਗੜ੍ਹ ਦੀ ਗ੍ਰਾਮ ਪੰਚਾਇਤ ਅਤੇ ਬਲਾਕ ਪ੍ਰਧਾਨ ਸੁਲੱਖਣ ਸਿੰਘ ਦੇ ਯਤਨਾਂ ਸਦਕਾ ਗੰਥਗੜ੍ਹ ਅਤੇ ਦੁਨੀਆਂ ਸੰਧੂ ਮੋੜ 'ਤੇ ਹਲਕਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਮੱਧ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਦੀ ਡਿਊਟੀ ਹੋਣ ਕਰਕੇ ਉਨ੍ਹਾਂ ਦੀ ਧਰਮ ਪਤਨੀ ਸ੍ਰੀ ਰਾਜਬੀਰ ਕੌਰ ਨੇ ਬੱਸ ਸਟੈਂਡ ਦਾ ਨੀਂਹ ਪੱਥਰ ਰੱਖਿਆ।

ਇਸ ਸਮੇਂ ਉਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਦੀ ਪੰਜਾਬ ਵਿਚ ਆਮ ਪਾਰਟੀ ਦੀ ਸਰਕਾਰ ਆਈ ਹੈ ਬਟਾਲਾ ਹਲਕੇ ਅੰਦਰ ਕੋਈ ਵੀ ਅਜਿਹਾ ਕੰਮ ਅਧੂਰਾ ਨਹੀਂ ਛੱਡਿਆ ਜਿਸ ਦੀ ਹਲਕੇ ਦੇ ਲੋਕਾਂ ਨੂੰ ਜ਼ਰੂਰਤ ਹੈ ਅਤੇ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਬਰਾਬਰ ਸਨਮਾਨ ਦਿੱਤਾ ਜਾਵੇਗਾ ਤੇ ਹਲਕੇ ਦੇ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਸਮੇਂ ਉਨ੍ਹਾਂ ਨਾਲ ਗੁਰਪ੍ਰੀਤ ਸਿੰਘ ਬੀਡੀਪੀਓ, ਸੁਖਚੈਨ ਸਿੰਘ ਪੰਚਾਇਤ ਸੈਕਟਰੀ, ਸੁਲੱਖਣ ਸਿੰਘ ਦਿਹਾਤੀ ਪ੍ਰਧਾਨ, ਲਵਪ੍ਰੀਤ ਸਿੰਘ ਸਰਪੰਚ ਗੰਥਗੜ੍ਹ ਤੋਂ ਇਲਾਵਾ ਹੋਰ ਵੀ ਲੋਕ ਹਾਜ਼ਰ ਸਨ।

# ਭਾਰਤੀ ਖੇਤਰ 'ਚੋਂ ਇੱਕ ਹੋਰ ਪਾਕਿਸਤਾਨੀ ਡਰੋਨ ਬਰਾਮਦ



**ਭਿੱਖੀਵਿੰਡ/ ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**-ਭਾਰਤ-ਪਾਕਿ ਸਰਹੱਦ ਦੇ ਸੈਕਟਰ ਖੇਮਕਰਨ 'ਚ ਇੱਕ ਵਾਰ ਫਿਰ ਤੋਂ ਪਾਕਿਸਤਾਨੀ ਡਰੋਨ ਨੇ ਦਸਤਕ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਖੇਮਕਰਨ ਪੁਲਸ ਅਤੇ ਬੀਐਸਐਫ ਵੱਲੋਂ ਚਲਾਏ ਸਾਂਝੇ ਤਲਾਸ਼ੀ ਅਭਿਆਨ ਦੌਰਾਨ ਡਰੋਨ ਬਰਾਮਦ ਕਰ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਅਧੀਨ ਆਉਂਦੀ ਭਾਰਤ-ਪਾਕਿਸਤਾਨ ਸਰਹੱਦ ਦੇ ਸੈਕਟਰ ਖੇਮਕਰਨ 'ਚ ਸਥਿਤ ਬੀਓਪੀ ਮੀਆਂਵਾਲਾ ਰਾਹੀਂ ਬੀਤੀ ਰਾਤ ਸਮਾਂ ਕਰੀਬ 1.30 ਵਜੇ ਪਾਕਿਸਤਾਨੀ ਡਰੋਨ ਦੀ ਭਾਰਤੀ ਖੇਤਰ 'ਚ ਦਾਖਲ ਹੋਣ ਦੀ ਆਵਾਜ ਸੁਣਾਈ ਦਿੱਤੀ ਸੀ, ਜਿਸ ਤੋਂ ਬਾਅਦ ਸਰਹੱਦ 'ਤੇ ਤੈਨਾਤ ਬੀਐਸਐਫ ਦੇ ਜਵਾਨ ਹਰਕਤ ਵਿੱਚ ਆ ਗਏ। ਡੀਐਸਪੀ ਨੇ ਦੱਸਿਆ ਕਿ ਰਾਤ ਨੂੰ ਸਰਚ ਦੌਰਾਨ ਬੀਐਸਐਫ ਦੇ ਜਵਾਨਾਂ ਪਾਕਿ ਡਰੋਨ ਦੇ ਵਾਪਸ ਪਰਤਣ ਦੀ ਕੋਈ ਵੀ ਅਵਾਜ਼ ਸੁਣਾਈ ਨਹੀਂ ਦਿੱਤੀ। ਉਨ੍ਹਾਂ ਦੱਸਿਆ ਕਿ ਅਗਲੀ ਸਵੇਰ ਬੀਐਸਐਫ ਅਤੇ ਖੇਮਕਰਨ ਪੁਲਸ ਵੱਲੋਂ ਚਲਾਏ ਸਾਂਝੇ ਸਰਚ ਆਪ੍ਰੇਸ਼ਨ ਦੌਰਾਨ ਹੈਕਸਾਕਾਪਟਰ ਡਰੋਨ ਬਰਾਮਦ ਕੀਤਾ ਗਿਆ ਹੈ। ਡੀ.ਐਸ.ਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਦਾ ਕਹਿਣਾ ਸੀ ਕਿ ਉਪਰੋਕਤ ਡਰੋਨ ਕ੍ਰਿਸ਼ਨ ਕੁਮਾਰ ਮੋਤੀ ਪੁੱਤਰ ਕਸਮੀਰੀ ਲਾਲ ਵਾਸੀ ਖੇਮਕਰਨ ਦੇ ਖੇਤਾਂ 'ਚੋਂ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਥਾਣਾ ਖੇਮਕਰਨ ਵਿਖੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਵੀ ਦਰਜ ਕੀਤਾ ਗਿਆ ਹੈ।

# ਗੁਰਦੁਆਰਾ ਧੰਨ-ਧੰਨ ਬਾਬਾ ਦਰਵੇਸ ਜੀ ਵਿਖੇ ਸਾਲਾਨਾ ਜੋੜ ਮੇਲਾ ਅੱਜ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਇਥੋਂ ਥੋੜ੍ਹੀ ਦੂਰ ਪਿੰਡ ਜੌਹਲ ਰਾਜੂ ਸਿੰਘ ਵਿਖੇ ਸੁਸ਼ੋਭਿਤ ਸੁੰਦਰ ਗੁਰਦੁਆਰਾ ਧੰਨ ਧੰਨ ਬਾਬਾ ਦਰਵੇਸ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਦਰਵੇਸ ਜੀ ਦਾ ਸਾਲਾਨਾ ਧਾਰਮਿਕ ਜੋੜ ਮੇਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰਾ ਗੁਰਭੇਜ ਸਿੰਘ ਜੌਹਲ ਪ੍ਰਧਾਨ, ਬਲਵਿੰਦਰ ਸਿੰਘ ਜੌਹਲ ਸੈਕਟਰੀ, ਬਲਜੀਤ ਸਿੰਘ ਕਾਲਾ ਮੈਂਬਰ, ਬਲਜੀਤ ਸਿੰਘ ਬਿੱਟੂ ਫੌਜੀ ਮੈਂਬਰ, ਹਰਪ੍ਰੀਤ ਸਿੰਘ ਹੈਪੀ ਮੈਂਬਰ,ਰਣਜੀਤ ਸਿੰਘ ਰਾਣਾ ਮੈਂਬਰ, ਨਿਰਮਲ ਸਿੰਘ ਮੈਂਬਰ, ਹਰਦੀਪ ਸਿੰਘ ਪ੍ਰਧਾਨ ਕਿਸਾਨ ਸੰਘਰਸ ਕਮੇਟੀ, ਮਨਜਿੰਦਰ ਸਿੰਘ ਵੱਲੋਂ ਨਗਰ ਜੌਹਲ ਰਾਜੂ ਸਿੰਘ ਤੇ ਇਲਾਕੇ ਦੀਆਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਨਾਲ 29 ਜੂਨ ਦਿਨ ਵੀਰਵਾਰ ਨੂੰ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਧਾਰਮਿਕ ਜੋੜ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਮੇਲਾ ਪ੍ਰਬੰਧਕ ਕਮੇਟੀ ਸੇਵਾਦਾਰਾਂ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਸਬੰਧੀ ਗੁਰਦੁਆਰਾ ਸਾਹਿਬ ਵਿੱਚ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਚੱਲ ਰਹੇ ਹਨ ਜਿਨ੍ਹਾਂ ਦੇ ਭੋਗ 29 ਜੂਨ ਦਿਨ ਵੀਰਵਾਰ ਨੂੰ ਸਵੇਰੇ ਪੈਣਗੇ। ਇਸ ਉਪਰੰਤ ਸੁੰਦਰ ਸਜਾਈ ਸਟੇਜ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਨਿਰੋਲ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਅਮਰਜੀਤ ਸਿੰਘ ਸਭਰਾ ਕਵੀਸਰ, ਮਨਦੀਪ ਕੌਰ ਦਰਵੇਸ ਪਿੰਡ ਵਾਲੀਆਂ ਬੀਬੀਆਂ ਦਾ ਢਾਡੀ ਜਥਾ, ਲਖਮੀਰ ਸਿੰਘ ਕੋਮਲ ਢਾਡੀ ਜਥਾ, ਸਤਨਾਮ ਸਿੰਘ ਲਾਲੂ ਘੁੰਮਣ ਢਾਡੀ ਜਥਾ, ਗੁਰਭੇਜ ਸਿੰਘ ਜੌਹਲ ਢਾਡੀ ਜਥਾ, ਲਖਵਿੰਦਰ ਸਿੰਘ ਦਰਦੀ ਕਵੀਸਰ (ਦਰਬੁਰਜੀ) ਆਦਿ ਦੇ ਜਥੇ ਸਾਰਾ ਦਿਨ ਗੁਰੂ ਜਸ ਗਾਇਨ ਕਰਕੇ ਦੀਵਾਨ ਹਾਲ ਵਿੱਚ ਜੁੜ ਬੈਠੀ ਸੰਗਤ ਨੂੰ ਨਿਹਾਲ ਕਰਨਗੇ।ਇਸ ਮੌਕੇ ਕਥਾ ਵਾਚਕ ਗਿਆਨੀ ਬਲਵਿੰਦਰ ਸਿੰਘ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਾਲੇ ਅਤੇ ਹਰਪ੍ਰੀਤ ਸਿੰਘ ਵਡਾਲਾ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਸਮਾਗਮ ਵਿੱਚ ਸੰਤ ਮਹਾਂਪੁਰਸ ਬਾਬਾ ਸੂਬਾ ਸਿੰਘ ਜੀ ਕੁਹਾੜਕੇ ਵਾਲਿਆਂ ਸਮੇਤ ਕਈ ਹੋਰ ਮਹਾਂਪੁਰਸ ਹਾਜ਼ਰੀ ਭਰਨਗੇ। ਵਰਣਨਯੋਗ ਹੈ ਕਿ ਦੀਵਾਨ ਸਮਾਪਤੀ ਬਾਅਦ ਸ਼ਾਮ ਨੂੰ ਮਾਝੇ ਦੀਆਂ ਨਾਮਵਰ ਕਬੱਡੀ ਟੀਮਾਂ ਬਾਬਾ ਨਾਮਦੇਵ ਕਬੱਡੀ ਕਲੱਬ ਘੁਮਾਣ ਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਤੋਤਾ ਸਿੰਘ ਵਾਲਾ ਮੋਗਾ ਦਰਮਿਆਨ ਕਬੱਡੀ ਦਾ ਵੱਡਾ ਸ਼ੋਅ ਮੈਚ ਖੇਡਿਆ ਜਾਵੇਗਾ। ਜੋੜ ਮੇਲੇ ਦੌਰਾਨ ਜੋੜੇ, ਗੱਡੀਆਂ ਦੀ ਪਾਰਕਿੰਗ ਅਤੇ ਛਬੀਲ ਦੀ ਸੇਵਾ ਨਗਰ ਜੌਹਲ ਰਾਜੂ ਸਿੰਘ ਦੇ ਨੌਜਵਾਨ ਅਤੇ ਆਸ ਪਾਸ ਦੇ ਪਿੰਡਾਂ ਦੀ ਸੰਗਤ ਵੱਲੋਂ ਕੀਤੀ ਜਾਵੇਗੀ। ਸਮਾਗਮ ਦੌਰਾਨ ਗੁਰੂ ਕੇ ਲੰਗਰਾਂ 'ਚ ਅਨੇਕ ਤਰ੍ਹਾਂ ਦੇ ਪਦਾਰਥ ਤਿਆਰ ਕਰਕੇ ਸੰਗਤ ਨੂੰ ਛਕਾਏ ਜਾਣਗੇ।

# ਸਬਜ਼ੀ ਵਿਗਿਆਨ ਵਿਭਾਗ ਪੀ ਏ ਯੂ ਲੁਧਿਆਣਾ ਵੱਲੋਂ ਕੇ ਵੀ ਕੇ ਬੂਹ 'ਚ ਦੌਰਾ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਦੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਜ਼ੋਰਾਂ ਸ਼ੋਰਾਂ ਤੇ ਲੱਗੀ ਹੋਈ ਹੈ ਅਤੇ ਇਸ ਫਸਲੀ ਚੱਕਰ ਤੋਂ ਕਿਸਾਨਾਂ ਨੂੰ ਬਾਹਰ ਕਢਣ ਲਈ ਸਬਜ਼ੀਆਂ ਦੀ ਖੇਤੀ ਢੁਕਵਾਂ ਬਦਲ ਹੈ। ਇਸੇ ਹੀ ਸੰਬੰਧ ਵਿੱਚ ਅੱਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਬਜ਼ੀ ਵਿਗਿਆਨ ਵਿਭਾਗ ਦੇ ਮੁਖੀ ਡਾ. ਤਰਸੇਮ ਸਿੰਘ ਢਿੱਲੋਂ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਸਮੇਤ ਵੱਖ-ਵੱਖ ਪਿੰਡਾਂ ਦਾ ਤੂਫਾਨੀ ਦੌਰਾ ਕੀਤਾ। ਕੇਵੀਕੇ ਬੂਹ ਵਿਖੇ ਉਨ੍ਹਾਂ ਨੇ ਘਰੇਲੂ ਬਗੀਚੀ ਅਤੇ ਪੀ ਏ ਯੂ ਤੋਂ ਸਬਜ਼ੀਆਂ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦੇ ਡੈਮੋ ਪਲਾਟ ਦਾ ਵੀ ਦੌਰਾ ਕੀਤਾ। ਇਸ ਸਮੇਂ ਕੇਵੀਕੇ ਬੂਹ ਵਲੋਂ ਡਾ. ਨਿਰਮਲ ਸਿੰਘ, ਸਬਜ਼ੀ ਮਾਹਿਰ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਚ ਮੁੱਖ ਤੌਰ 'ਤੇ ਮਟਰ, ਮਿਰਚ, ਆਲੂ ਅਤੇ ਕੱਦੂ ਜਾਤੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਪੀਏਯੂ ਲੁਧਿਆਣਾ ਵੱਲੋਂ ਸਬਜ਼ੀ ਦੀਆਂ ਸਿਫਾਰਸ਼ ਕਿਸਮਾਂ ਅਤੇ ਪ੍ਰਾਈਵੇਟ ਕੰਪਨੀਆਂ ਦੇ ਹਾਈਬ੍ਰਿਡ ਵੀ ਲਗਾਉਂਦੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਸਾਲ ਕਿਸਾਨਾਂ ਨੂੰ ਲੰਬੇ ਸਮੇਂ ਲਈ ਭੰਡਾਰਨ ਕਰਨ ਵਾਸਤੇ ਢੁਕਵੇਂ ਪਿਆਜ ਦੇ ਹਾਈਬ੍ਰਿਡ ਦੀ ਪਨੀਰੀ ਵੀ ਵੰਡੀ। ਡਾ. ਤਰਸੇਮ ਸਿੰਘ ਢਿੱਲੋਂ ਨੇ ਕਿਸਾਨਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਸਾਡੇ ਵਿਭਾਗ ਵੱਲੋਂ ਸਬਜ਼ੀਆਂ ਦੀਆਂ ਦੇਸੀ ਕਿਸਮਾਂ ਅਤੇ ਹਾਈਬ੍ਰਿਡ ਕਿਸਮਾਂ ਸਿਫਾਰਸ਼ ਕੀਤੀਆਂ ਗਈਆਂ ਹਨ, ਜਿਸ ਤੋਂ ਕਿਸਾਨ ਵੀਰ ਚੰਗਾ ਮੁਨਾਫਾ ਲੈ ਸਕਦੇ ਹਨ ਅਤੇ ਕਣਕ ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਨਿਕਲ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕਿਸਾਨ ਵੀਰਾਂ ਕੋਲ ਜ਼ਮੀਨਾਂ ਘਟ ਰਹੀਆਂ ਹਨ ਅਤੇ ਹੁਣ ਕਣਕ-ਝੋਨੇ ਨੂੰ ਕਾਫੀ ਬਿਮਾਰੀਆਂ ਲਗ ਜਾਂਦੀਆਂ ਹਨ ਅਤੇ ਕਿਸਾਨ ਵੀਰ ਦਾ ਇਨਾਂ ਫਸਲਾਂ ਨਾਲ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਸਬਜ਼ੀਆਂ ਦੀ ਕਾਸਤ ਨਾਲ ਕਿਸਾਨ ਵੀਰ ਰੋਜ਼ਾਨਾ ਕੁੱਝ ਆਮਦਨ ਲੈ ਸਕਦਾ ਹੈ। ਡਾ. ਢਿੱਲੋਂ ਨੇ ਕਿਸਾਨਾਂ ਨੂੰ ਆਸਵਾਸਨ ਦਿੱਤਾ ਕਿ ਸਾਡੀ ਯੂਨੀਵਰਸਿਟੀ ਵਲੋਂ ਸਬਜ਼ੀਆਂ ਦੇ ਕਿਸੇ ਪ੍ਰਕਾਰ ਦੇ ਬੀਜ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਘਰੇਲੂ ਬਗੀਚੀ ਲਗਾਉਣ ਦੀ ਬੇਨਤੀ ਕੀਤੀ। ਇਸ ਸਮੇਂ ਉਨ੍ਹਾਂ ਜ਼ਿਲ੍ਹਾ ਤਰਨ ਤਾਰਨ ਵਿਖੇ ਪੀਏਯੂ ਲੁਧਿਆਣਾ ਦੀਆਂ ਕਿਸਮਾਂ ਨੂੰ ਪਰਮੋਟ ਕਰਨ ਲਈ ਕੇਵੀਕੇ ਬੂਹ ਦਾ ਵੀ ਧੰਨਵਾਦ ਕੀਤਾ।

# 24 ਕਰੋੜ ਦੇ ਪ੍ਰੋਜੈਕਟ ਨਾਲ ਜੰਡਿਆਲਾ 'ਚ ਹੋਵੇਗਾ ਸੀਵਰੇਜ ਦਾ ਵਿਸਥਾਰ: ਈ ਟੀ ਓ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )-ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਸਹੂਲਤਾਂ ਪ੍ਰਦਾਨ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ ਅਤੇ ਇਨ੍ਹਾਂ ਪਹਿਲਕਦਮੀਆਂ ਤਹਿਤ ਜੰਡਿਆਲਾ ਵਿੱਚ ਸੀਵਰੇਜ ਸਕੀਮ ਦੇ ਵਾਧੇ ਅਤੇ ਵਿਸਥਾਰ ਲਈ 29 ਕਰੋੜ ਰੁਪਏ ਦਾ ਪ੍ਰੋਜੈਕਟ ਉਲੀਕਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ 6 ਐਮਐਲਡੀ ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਅਤੇ 17 ਐਮਐਲਡੀ ਦਾ ਇੱਕ ਮੁੱਖ ਪੰਪਿੰਗ ਸਟੇਸ਼ਨ ਸਥਾਪਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇੱਕ ਕਿਲੋਮੀਟਰ ਲੰਬੀ 900 ਐਮਐਮ ਸੀਵਰੇਜ ਲਾਈਨ ਵੀ ਵਿਛਾਈ ਜਾਵੇਗੀ। ਸ: ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਾਤਾਵਰਨ ਖਾਸ ਕਰਕੇ ਪਾਣੀ ਦੀ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਨਾ ਸਿਰਫ ਜੰਡਿਆਲਾ ਦੇ ਸੀਵਰੇਜ ਵਿੱਚ ਸੁਧਾਰ ਹੋਵੇਗਾ ਸਗੋਂ ਪ੍ਰਦੂਸ਼ਣ ਨੂੰ ਨਿਯੰਤਰਨ ਕਰਨ ਲਈ ਸੀਵਰੇਜ ਦੇ ਪਾਣੀ ਦੀ ਸਫਾਈ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਐਸਟੀਪੀ ਦੁਆਰਾ ਸਾਫ ਕੀਤੇ ਪਾਣੀ ਨੂੰ ਅੱਗੇ ਸਿੰਚਾਈ ਆਦਿ ਦੇ ਮੰਤਵ ਲਈ ਵਰਤਿਆ ਜਾਵੇਗਾ।

ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਉਨ੍ਹਾਂ ਨੂੰ ਜੰਡਿਆਲਾ ਸ਼ਹਿਰ ਦੇ ਬਾਕੀ ਹਿੱਸਿਆਂ ਵਿੱਚ ਵੀ ਸੀਵਰੇਜ ਪਾਉਣ ਲਈ ਪ੍ਰਾਜੈਕਟ ਉਲੀਕਣ ਦੇ ਨਿਰਦੇਸ਼ ਦਿੱਤੇ ਤਾਂ ਜੋ ਇਸ ਸਬੰਧੀ ਲੋੜੀਂਦੀ ਕਾਰਵਾਈ ਜਲਦੀ ਸ਼ੁਰੂ ਕੀਤੀ ਜਾ ਸਕੇ। ਇਸ ਮੀਟਿੰਗ ਵਿੱਚ ਐਕਸੀਅਨ ਹਰਪ੍ਰੀਤ ਸਿੰਘ, ਐਸਡੀਓ ਸੰਦੀਪ ਸਿੰਘ ਅਤੇ ਜੇਈ ਕੁਲਬੀਰ ਸਿੰਘ ਹਾਜ਼ਰ ਸਨ।

# ਨਵ-ਨਿਯੁਕਤ ਐੱਸ ਡੀ ਐੱਮ ਅਸ਼ਵਨੀ ਅਰੋੜਾ ਵੱਲੋਂ ਪੱਤਰਕਾਰ ਭਾਈਚਾਰੇ ਨਾਲ ਵਿਸ਼ੇਸ਼ ਮੀਟਿੰਗ

## ਆਮ ਲੋਕਾ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ : ਐੱਸ ਡੀ ਐੱਮ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿਖੇ ਨਵ-ਨਿਯੁਕਤ ਐਸਡੀਐਮ ਅਸ਼ਵਨੀ ਅਰੋੜਾ ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਬਤੌਰ ਡੇਰਾ ਬਾਬਾ ਨਾਨਕ ਦੇ ਐਸਡੀਐਮ ਵਜੋਂ ਚਾਰਜ ਸੰਭਾਲ ਲਿਆ ਸੀ, ਵੱਲੋਂ ਅੱਜ ਐੱਸਡੀਐੱਮ ਦਫਤਰ ਵਿਖੇ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਅਖਬਾਰਾਂ ਦੇ ਪੱਤਰਕਾਰ ਭਾਈਚਾਰੇ ਨਾਲ ਇੱਕ ਪਲੇਠੀ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਦੇ ਸੁਝਾਅ ਲਏ ਗਏ। ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਉਹ ਇਸ ਤੋ ਪਹਿਲਾਂ ਸਿੱਖਿਆ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਸਨ ਤੇ ਹੁਣ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਕਸਬਾ ਡੇਰਾ ਬਾਬਾ ਨਾਨਕ ਵਿਖੇ ਬਤੌਰ ਐੱਸਡੀਐੱਮ ਆਮ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਆਪ ਨੂੰ ਬੜਾ ਵੱਡਭਾਗਾ ਸਮਝ ਰਿਹਾ ਹਾਂ ਕਿ ਮੈਨੂੰ ਇਸ ਗੁਰੂ ਨਗਰੀ ਦੇ ਨਾਲ-ਨਾਲ ਬਾਰਡਰ ਏਰੀਏ ਤੇ ਵੱਸਦੇ ਆਮ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆਂ ਹੈ। ਉਨ੍ਹਾਂ ਦੱਸਿਆਂ ਕਿ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਘਰ ਨਤਮਸਤਕ ਹੋ ਕੇ ਬਾਬੇ ਨਾਨਕ ਦਾ ਅਸ਼ੀਰਵਾਦ ਲਿਆ ਹੈ ਅਤੇ ਗੁਰੂ ਨਾਲ ਵਾਅਦਾ ਕੀਤਾ ਹੈ ਕਿ ਮੈਂ ਡੇਰਾ ਬਾਬਾ ਨਾਨਕ ਦੇ ਲੋਕਾਂ ਦੀ ਸੇਵਾ ਤਨਦੇਹੀ ਨਾਲ ਕਰਾਂਗਾ। ਉਨ੍ਹਾਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ: ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ ਅਨੁਸਾਰ ਮੇਰੀ ਪਹਿਲੀ ਪਹਿਲ ਹੋਵੇਗੀ ਕਿ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਦੇ ਆਮ ਲੋਕਾਂ ਨੂੰ ਮਹੁੱਲਾ ਕਲੀਨਿਕਾਂ ਵਿੱਚ ਮੁਢਲੀ ਡਾਕਟਰੀ ਸਹਾਇਤਾ ਪ੍ਰਦਾਨ ਕਰਵਾਉਣਾ, ਸਰਕਾਰੀ ਸਕੂਲ ਦੇ ਨੂੰ ਬੱਚਿਆਂ ਨੂੰ ਸ਼ਹਿਰੀ ਬੱਚਿਆਂ ਦੇ ਬਰਾਬਰ ਦੀ ਸਿੱਖਿਆ ਪ੍ਰਦਾਨ ਕਰਵਾਉਣਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਸਰੀਰਕ ਤੌਰ ਤੇ ਮਜ਼ਬੂਤ ਕਰਨ ਲਈ ਸਪੋਰਟਸ ਨਾਲ ਜੋੜ ਕੇ ਵੱਖ ਵੱਖ ਪੈਰਾ ਮਿਲਟਰੀ ਫੋਰਸਾਂ ਵਿੱਚ ਭਰਤੀ ਹੋਣ ਦੇ ਯੋਗ ਬਣਾਉਣਾ। ਉਨ੍ਹਾਂ ਕਿਹਾ ਕਿ ਮੇਰੇ ਵੱਲੋ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਚਾਹੇ ਉਹ ਮਾਲ ਮਹਿਕਮਾ ਦੀ ਹੋਵੇ, ਵਿਕਾਸ ਮਹਿਕਮੇ ਦੀ ਹੋਵੇ ਜਾਂ ਕਿਸੇ ਵੀ ਮਹਿਕਮੇ ਦੀ ਹੋਵੇ, ਨਗਰ ਕੌਂਸਲ ਨਾਲ ਸਬੰਧਤ ਕਿਸੇ ਤਰ੍ਹਾਂ ਦੀ ਵੀ ਸ਼ਿਕਾਇਤ ਹੋਵੇ ਉਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਗਰ ਕਿਸੇ ਨੂੰ ਆਪਣੇ ਕੰਮ ਕਰਾਉਣ 'ਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਸਿੱਧਾ ਮੇਰੇ ਦਫਤਰ ਆ ਕੇ ਮੈਨੂੰ ਮਿਲ ਕੇ ਆਪਣੀ ਮੁਸ਼ਕਿਲ ਹੱਲ ਕਰਵਾ ਸਕਦਾ ਹੈ। ਅਗਰ ਜੇ ਕੋਈ ਸ਼ਿਕਾਇਤ ਸਰਕਾਰ ਨਾਲ ਸਬੰਧਤ ਹੋਵੇਗੀ ਤਾਂ ਉਸ ਦੀ ਰਿਪੋਰਟ ਬਣਾ ਕੇ ਸਰਕਾਰ ਨੂੰ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਮੇਰੇ ਦਰਵਾਜ਼ੇ ਹਮੇਸ਼ਾ ਲੋਕਾਂ ਲਈ ਖੁੱਲੇ ਰਹਿਣਗੇ, ਲੋਕ ਮੈਨੂੰ ਆਪਣੇ ਕੰਮਾ ਲਈ ਫੋਨ ਵੀ ਕਰ ਸਕਦੇ ਹਨ ਜਾਂ ਸਿੱਧੇ ਆ ਕੇ ਮਿਲ ਸਕਦੇ ਹਨ। ਉਨਾਂ ਵਿਸ਼ੇਸ਼ ਤੌਰ 'ਤੇ ਨਸ਼ਾ ਵੇਚਣ ਅਤੇ ਖਰੀਦਣ ਵਾਲਿਆਂ ਨੂੰ ਹਦਾਇਤ ਕੀਤੀ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਜਾਂ ਖਰੀਦਦਾ ਫੜਿਆ ਗਿਆ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ ਚਾਹੇ ਉਹ ਜਿੰਨੀ ਮਰਜ਼ੀ ਪਹੁੰਚ ਰੱਖਦਾ ਹੋਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਸਿਵਲ ਪ੍ਰਸ਼ਾਸਨ ਦੇ ਨਾਲ ਨਾਲ ਪੁਲਸ ਪ੍ਰਸ਼ਾਸਨ ਦਾ ਸਹਿਯੋਗ ਕਰਨ। ਇਸ ਮੌਕੇ ਪੱਤਰਕਾਰ ਹੀਰਾ ਸਿੰਘ ਮਾਂਗਟ, ਅਵਤਾਰ ਸਿੰਘ ਰੰਧਾਵਾ, ਵਿਜੇ ਸ਼ਰਮਾ, ਸੱਤਪਾਲ ਜ਼ਖਮੀ, ਡਾ. ਨਰਿੰਦਰ ਵਤਨ, ਮਾਸਟਰ ਕੰਵਲਜੀਤ ਸਿੰਘ, ਰਮੇਸ਼ ਸ਼ਰਮਾ, ਰਿਕਾ ਵਾਲੀਆ, ਸੁਸ਼ੀਲ ਬੱਬਰ, ਚੇਤਨ ਕੁਮਾਰ, ਸੁਮਿਤ ਅਰੋੜਾ ਪੱਤਰਕਾਰ ਆਦਿ ਹਾਜ਼ਰ ਸਨ ।

29-June-Page-12.qxd 6/28/2023 10:48 PM Page 1



# ਪੱਤਰਕਾਰ ਅਵਤਾਰ ਕਲੇਰ ਵੱਲੋਂ ਰੌਜ਼ਾ ਸ਼ਰੀਫ ਮੰਢਾਲੀ ਮੇਲੇ 'ਤੇ ਵਿਸ਼ੇਸ਼ ਸਪਲੀਮੈਂਟ

## ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਜੀ ਕਾਦਰੀ ਵੱਲੋਂ ਸੱਯਦ ਉਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਜੀ ਕਾਦਰੀ ਦੇ ਮੇਲੇ ਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ
































































## ਗਦਾਈਆ ਨਾਲ ਬਦਸਲੂਕੀ ਕਰਨ ਵਾਲਿਆਂ ਵਿਰੁੱਧ ਸਖਤ ਕਰਵਾਈ ਕੀਤੀ ਜਾਵੇ : ਮਜ਼ਦੂਰ ਆਗੂ

**ਮਹਿਤਪੁਰ (ਰਾਜਾ)** ਪੰਜਾਬ ਖੇਤ ਮਜ਼ਦੂਰ ਸਭਾ ਦੇ ਸਾਬਕਾ ਸੂਬਾ ਮੀਤ ਪ੍ਰਧਾਨ ਕਾਮਰੇਡ ਰੂੜਾ ਰਾਮ ਪਰਜੀਆਂ, ਸਭਾ ਦੀ ਸੂਬਾ ਕਾਰਜਕਾਰਨੀ ਦੇ ਮੈਂਬਰ ਗਿਆਨ ਸਿੰਘ ਸੈਦਪੁਰੀ ਅਤੇ ਕਾਮਰੇਡ ਸਵਰਨ ਸਿੰਘ ਭੋਏਪੁਰੀ ਨੇ ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ 'ਤੇ ਕੀਤੇ ਹਮਲੇ ਅਤੇ ਬੋਲੇ ਗਏ ਜਾਤੀ ਸੂਚਕ ਸ਼ਬਦਾਂ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਆਗੂਆਂ ਨੇ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਸਖਤ ਕਰਵਾਈ ਕਰ ਕੇ ਗਰੀਬਾਂ ਦੇ ਹੱਕਾਂ ਲਈ ਲੜਨ ਵਾਲੇ ਕਾਮਰੇਡ ਕਸ਼ਮੀਰ ਸਿੰਘ ਗਦਾਈਆਂ ਨੂੰ ਇਨਸਾਫ ਦਿਵਾਇਆ ਜਾਵੇ। ਉਕਤ ਆਗੂ ਬੁੱਧਵਾਰ ਨੂੰ ਸਥਾਨਕ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪਿੰਡ ਸੁੱਖੇਵਾਲ (ਨਾਭਾ) ਦੀ ਸਰਪੰਚ ਦੇ ਪਤੀ ਵੱਲੋਂ ਕਥਿਤ ਭ੍ਰਿਸ਼ਟ ਅਫਸਰਸ਼ਾਹੀ ਨਾਲ ਮਿਲ ਕੇ ਮਜਦੂਰ ਆਗੂ ਨਾਲ ਧੱਕੇਸ਼ਾਹੀ ਕੀਤੀ ਗਈ ਹੈ। ਉਨ੍ਹਾਂ ਕੋਲੋਂ ਮਜ਼ਦੂਰ ਆਗੂ ਦੀ ਸਾਫਗੋਈ ਬ੍ਰਦਾਸਤ ਨਹੀ ਹੋਈ। ਨਰੇਗਾ 'ਚ ਹੋ ਰਹੀਆਂ ਧਾਂਦਲੀਆਂ ਨੂੰ ਸਾਹਮਣੇ ਲਿਆਉਣ ਵਾਲੇ ਮਜਦੂਰ ਆਗੂਆ ਨਾਲ ਕਿਸੇ ਕਿਸਮ ਦੀ ਧੱਕੇਸ਼ਾਹੀ ਬ੍ਰਦਾਸਤ ਨਹੀਂ ਕੀਤੀ ਜਾਵੇਗੀ। ਸਾਥੀ ਰੂੜਾ ਰਾਮ ਪਰਜੀਆ ਨੇ ਕਿਹਾ ਕਿ ਮਜਦੂਰ ਆਗੂ ਨਾਲ ਬਦ-ਸਲੂਕੀ ਕਰਨ ਵਾਲੇ ਸਰਪੰਚ ਦੇ ਪਤੀ ਅਤੇ ਭ੍ਰਿਸ਼ਟ ਅਫਸਰਸ਼ਾਹੀ ਵਿਰੁੱਧ 30 ਜੂਨ ਨੂੰ ਨਾਭਾ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਪ੍ਰਦਰਸ਼ਨ 'ਚ ਸਾਹਕੋਟ ਤੋਂ ਵੀ ਮਜਦੂਰ ਆਗੂ ਸ਼ਾਮਲ ਹੋਣਗੇ।



ਪੱਤਰਕਾਰਾਂ ਨਾਲ ਗੱਲਬਤਤ ਕਰਦੇ ਹੋਏ ਕਾਮਰੇਡ ਰੂੜਾ ਰਾਮ ਪਰਜੀਆ, ਗਿਆਨ ਸੈਦਪੁਰੀ ਤੇ ਸਵਰਨ ਭੋਏਪੁਰੀ।

## ਮੱਲ੍ਹਾ ਸੋਢੀਆਂ ਵਿਖੇ ਬਾਬਾ ਸੰਸਾਰ ਦਾਸ ਦੀ ਯਾਦ 'ਚ ਮੇਲਾ ਮਨਾਇਆ

**ਬਹਿਰਾਮ (ਅਵਤਾਰ ਕਲੇਰ)** ਮਸਤ ਬਾਬਾ ਸੰਸਾਰ ਦਾਸ ਦੇ ਅਸਥਾਨ ਮੱਲ੍ਹਾ ਸੋਢੀਆਂ ਵਿਖੇ 21ਵਾਂ ਸਾਲਾਨਾ ਜੋੜ ਮੇਲਾ ਮਨਾਇਆ ਗਿਆ। ਅਸਥਾਨ ਦੇ ਮੱਖ ਸੇਵਾਦਾਰ ਰਾਮ ਸਰੂਪ ਇਟਲੀ ਨੇ ਜਿਥੇ ਵੱਖ ਵੱਖ ਦਰਬਾਰਾਂ ਤੋਂ ਆਏ ਫੱਕਰ ਫਕੀਰਾਂ ,ਰਾਜਨੀਤਿਕ ਸ਼ਖਸ਼ੀਅਤ ਨੂੰ ਸਨਮਾਨਿਤ ਕੀਤਾ ਉਥੇ ਉਨ੍ਹਾਂ ਸਾਰੀ ਸੰਗਤ ਦਾ ਧੰਨਵਾਦ ਵੀ ਕੀਤਾ। ਮੇਲੇ ਨੂੰ ਚਾਰ ਚੰਨ ਲਗਾਉਣ ਲਈ ਕਲਾਕਾਰ ਸਰਦਾਰ ਅਲੀ, ਸਰਤਾਜ ਅਲੀ ,ਜਸਇੰਦਰ,ਸੋਨੂੰ ਮੋਨੂੰ ਨਕਾਲ ਪਾਰਟੀ ਆਦਿ ਨੇ ਹਾਜਰੀਆਂ ਲਗਾਈਆਂ। ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰੋ:ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਪਾਰਲੀਮੈਂਟ ਨੇ ਸੰਬੋਧਨ ਕਰਦਿਆ ਕਿਹਾ ਕਿ ਜੋੜ ਮੇਲੇ ਸਾਨੂੰ ਇਕ ਦੂਜੇ ਦੇ ਨੇੜੇ ਆਉਣ ਦਾ ਮੌਕਾ ਦਿੰਦੇ ਹਨ ਅਤੇ ਭਾਈਚਾਰਕ ਸਾਂਝ ਵਧਾਉਂਦੇ ਹਨ,ਜਿਥੇ ਅਸੀ ਆਪਣੇ ਮਹਾਂਪੁਰਸ਼ਾਂ ਅਤੇ ਉਨ੍ਹਾਂ ਦੀ ਸੇਵਾ ਨੂੰ ਯਾਦ ਕਰਦੇ ਹਾਂ ਉਥੇ ਅਸੀਂ ਵਧੀਆ ਪ੍ਰੇਰਨਾ ਵੀ ਲੈ ਕੇ ਜਾਂਦੇ ਹਾਂ। ਇਸ ਮੌਕੇ ਡਾ.ਸੁਖਵਿੰਦਰ ਕੁਮਾਰ ਸੁੱਖੀ ਹਲਕਾ ਵਿਧਾਇਕ ਬੰਗਾ,ਬਾਬਾ ਸੁੱਚਾ ਰਾਮ, ਬੁੱਧ ਸਿੰਘ ਬਲਾਕੀਪੁਰ ਸਾਬਕਾ ਜ਼ਿਲ੍ਹਾ ਪ੍ਰਧਾਨ,ਸੰਮਤੀ ਮੈਂਬਰ ਸੁਖਦੇਵ ਰਾਜ ਮੱਲ੍ਹਾ ਸੋਢੀਆਂ, ਸਰਪੰਚ ਸ਼ੁਸ਼ਮਾ ਦੇਵੀ,ਨਿਰਮਲ ਨਿੰਮਾ,ਗੁਰਮਿੰਦਰ ਸਿੰਘ ਡਿੰਪਲ,ਜਸਵਿੰਦਰ ਸਿੰਘ ਮਾਨ ਐਮ.ਸੀ,ਜੀਤ ਸਿੰਘ ਭਾਟੀਆ ,ਮਨਜੀਤ ਸਿੰਘ ਬੱਬਲ,ਅਮਰੀਕ ਸਿੰਘ ਸੋਨੀ,ਹੁਸਨ ਲਾਲ ਆਦਿ ਹਾਜਰ ਸਨ।



## ਰੌਜ਼ਾ ਸ਼ਰੀਫ ਮੰਢਾਲੀ ਵਿਖੇ ਮੇਲਾ ਅੱਜ ਤੋਂ



**ਬਹਿਰਾਮ (ਅਵਤਾਰ ਕਲੇਰ)** ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜਾ ਸ਼ਰੀਫ ਮੰਢਾਲੀ ਵਿਖੇ ਸਾਲਾਨਾ ਮੇਲਾ 29 ਜੂਨ ਤੋਂ 3 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ । ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ ਇਸ ਪੰਜ ਦਿਨਾਂ ਮੇਲੇ ਦੌਰਾਨ ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ । ਪੰਜਾਬ ਦੇ ਮਸ਼ਹੂਰ ਕਵਾਲ ਪਾਰਟੀਆਂ ਅਤੇ ਕਲਾਕਾਰ ਸੰਗਤਾਂ ਨੂੰ ਨਿਹਾਲ ਕਰਨਗੇ । 29 ਜੂਨ ਨੂੰ ਸ਼ਾਮ ਨੂੰ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ ਤੇ 03 ਜੁਲਾਈ ਨੂੰ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ । ਇਸ ਮੌਕੇ ਸਾਂਈ ਉਮਰੇ ਸ਼ਾਹ ਕਾਦਰੀ , ਮੁਹੰਮਦ ਆਸ਼ਿਕ ਨੀਲਾ , ਸਰਵਣ ਸਿੰਘ , ਚਰਨਜੀਤ ਰਾਏ , ਡਾ. ਜਗਦੀਸ਼ ਮੁਹੰਮਦ , ਕਮਲਜੀਤ ਗੜ੍ਹੀ , ਡਾ. ਸਤਨਾਮ ਪਰਸੋਵਾਲ , ਗੋਰਾ ਚੱਕ ਪ੍ਰੇਮਾ , ਸੋਨੂੰ ਜੱਸੋਮਜਾਰਾ , ਮੀਰਾ ਸ਼ਰਮਾ ਸਰਪੰਚ ਮੰਢਾਲੀ , ਬਲਜੀਤ ਸਿੰਘ ਸਰਪੰਚ ਕੁਲਥਮ , ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ , ਧਰਮਿੰਦਰ ਸਿੰਘ ਮੰਢਾਲੀ , ਮਨੀ , ਗੱਗੀ , ਹਨੀ ਆਦਿ ਹਾਜਰ ਸਨ ।

## ਡੇਰਾ ਬਾਬਾ ਦੁੱਧਾਧਾਰੀ ਫਰਾਲਾ ਵਿਖੇ ਸਾਲਾਨਾ ਬਰਸੀ ਸਮਾਗਮ 5 ਨੂੰ



**ਬਹਿਰਾਮ (ਅਵਤਾਰ ਕਲੇਰ)** ਡੇਰਾ ਸੱਚਖੰਡ ਦੁੱਧਾਧਾਰੀ , ਸੰਤ ਪਿਰਥੀ ਦਾਸ , ਸੰਤ ਧਿਆਨ ਦਾਸ (ਫਰਾਲਾ) ਵਿਖੇ ਮਹੰਤ ਗੁਰੂ ਗੁਰਬਚਨ ਦਾਸ ਦਾ ਸਾਲਾਨਾ ਬਰਸੀ ਸਮਾਗਮ 5 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ । ਗੱਦੀਨਸ਼ੀਨ ਸੰਤ ਪ੍ਰੇਮ ਦਾਸ ਨੇ ਦੱਸਿਆ ਕਿ ਸੰਗਤਾਂ ਦੇਸ਼ ਵਿਦੇਸ਼ ਤੋਂ ਨਤਮਸਤਕ ਹੋਣ ਲਈ ਪਹੁੰਚਣਗੀਆਂ । ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸਾਂ ਆਪਣੇ ਪ੍ਰਵਚਨਾਂ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਕਲਾਕਾਰ ਆਪਣੀਆਂ ਹਾਜਰੀਆਂ ਭਰਨਗੇ । ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।

## ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਬਰਸਟ ਨਾਲ ਮੰਗਾਂ ਸੰਬੰਧੀ ਮੀਟਿੰਗ



**ਮੋਹਾਲੀ (ਗੁਰਜੀਤ ਬਿੱਲਾ)** ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਪੰਜਾਬ ਮੰਡੀ ਬੋਰਡ/ਮਾਰਕੀਟ ਕਮੇਟੀਆਂ ਦੇ ਖੇਤਰੀ ਥਾਵਾਂ 'ਤੇ ਲੰਮੇ ਸਮੇਂ ਤੋਂ ਲਗਾਤਾਰ ਕੰਮ ਕਰ ਰਹੇ ਕੰਟਰੈਕਟ/ ਆਊਟ ਸੋਰਸ ਅਤੇ ਚੌਥਾ ਦਰਜਾ ਕਰਮੀਆਂ ਦੀਆਂ ਮੰਗਾਂ ਚੇਅਰਮੈਨ ਮੰਡੀ ਬੋਰਡ ਹਰਚੰਦ ਸਿੰਘ ਬਰਸਟ ਨਾਲ ਮੀਟਿੰਗ ਕਰਕੇ ਵਿਚਾਰੀਆਂ ਗਈਆਂ। ਇਸ ਵਿੱਚ ਮੁੱਖ ਇੰਜੀਨੀਅਰ (ਉੱਤਰ) ਸਮੇਤ ਸਬੰਧਤ ਅਧਿਕਾਰੀ ਅਤੇ ਦਫਤਰੀ ਅਮਲਾ ਸ਼ਾਮਲ ਸੀ। ਜਥੇਬੰਦੀ ਵੱਲੋਂ ਮੀਟਿੰਗ ਦੀ ਅਗਵਾਈ ਸਾਥੀ ਦਰਸ਼ਨ ਸਿੰਘ ਲੁਬਾਣਾ,ਰਣਜੀਤ ਸਿੰਘ ਰਾਣਵਾਂ,ਬਲਕਾਰ ਸਿੰਘ ਸਹੋਤਾ,ਵਿਜੇ ਕੁਮਾਰ ਰਿੰਕੂ,ਕੁਲਦੀਪ ਸਿੰਘ,ਚਮਨ ਲਾਲ ਸੰਘੇਲੀਆ ਨੇ ਕੀਤੀ।

ਵਿਚਾਰੀਆਂ ਗਈਆਂ ਮੰਗਾਂ ਵਿੱਚ ਕੰਟਰੈਕਟ,ਆਊਟ ਸੋਰਸ ਕਰਮੀਂ, ਜੋ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ, ਨੂੰ ਬੋਰਡ ਵਿੱਚ ਪਾਓਣ ਦਾ ਭਰੋਸਾ ਦਿੱਤਾ ਗਿਆ, ਘੱਟੋ ਘੱਟ ਉਜਰਤਾਂ ਅਤੇ ਇਸ ਦਾ ਪਿਛਲਾ ਬਕਾਇਆ ਲਾਗੂ ਕਰਨ 'ਤੇ ਸਹਿਮਤੀ ਹੋਈ, ਸਰਕਾਰ ਦੀ ਰੈਗੂਲਰਾਈਜੇਸ਼ਨ ਨੀਤੀ 2023 ਅਨੁਸਾਰ ਕਾਰਵਾਈ ਕਰਨ ਦਾ ਭਰੋਸਾ ਦਿੱਤਾ ,ਮੰਡੀ ਬੋਰਡ ਵਿਚਲੇ ਆਊਟ ਸੋਰਸ ਠੇਕੇਦਾਰਾਂ ਦੁਆਰਾ ਕੀਤੀ ਜਾ ਰਹੀ ਉਜਰਤਾਂ ਵਿੱਚ ਲੁੱਟ ਨੂੰ ਬੰਦ ਕਰਨ ਤੇ ਘੱਟੋ ਘੱਟ ਉਜਰਤ 10353 ਰੁਪਏ ਲਾਗੂ ਕਰਨ ਦਾ ਫੈਸਲਾ ਕੀਤਾ ਅਤੇ ਇਹ ਉਜਰਤਾਂ ਪਿਛਲੇ ਸਮੇਂ ਤੋਂ ਲਾਗੂ ਨਾ ਕਰਨ ਅਤੇ ਘੱਟ ਤਨਖਾਹ ਦੇਣ ਦੀ ਪੜਤਾਲ ਕਰਾਉਣ ਦਾ ਭਰੋਸਾ ਵੀ ਦਿੱਤਾ ਗਿਆ । ਇਸ ਤਰ੍ਹਾਂ ਇੱਕ ਦਰਜਨ ਮੰਗਾਂ 'ਤੇ ਕਾਰਵਾਈ ਕਰਨ ਦੀ ਸਹਿਮਤੀ ਹੋਈ। ਇਸ ਮੌਕੇ ਜਥੇਬੰਦੀ ਵੱਲੋਂ ਗੁਰਿੰਦਰ ਗੁਰੀ,ਸਨੀ,ਰਾਜੂ ਚੀਮਾ, ਕ੍ਰਿਸ਼ਨ ਸਿੰਘ,ਰਮੇਸ਼ ਕੁਮਾਰ,ਧਰਮਿੰਦਰ ਸਿੰਘ,ਸੁਨੀਲ ਬਜਾਜ ਵੀ ਹਾਜ਼ਰ ਸਨ।

## ਪੁਲ ਹੇਠੋਂ ਸਫਾਈ ਹੋਣ ਨਾਲ ਖੇਤਰ 'ਚ ਸੰਭਾਵੀ ਹੜ੍ਹਾਂ ਦੇ ਖਤਰੇ ਨੂੰ ਰੋਕਣ 'ਚ ਮਦਦ ਮਿਲੇਗੀ : ਸੁਸ਼ੀਲ ਰਿੰਕੂ

**ਜਲੰਧਰ,ਸੁਲਤਾਨਪੁਰ ਲੋਧੀ (ਸ਼ੈਲੀ ਐਲਬਰਟ, ਬਲਵਿੰਦਰ ਸਿੰਘ, ਰਾਜਵੀਰ)** ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਲੋਹੀਆਂ ਤੋਂ ਫਿਰੋਜ਼ਪੁਰ ਸੜਕ 'ਤੇ ਪਿੰਡ ਗਿੱਦੜਪਿੰਡੀ ਵਿਖੇ ਸਤਲੁਜ ਦਰਿਆ 'ਤੇ ਬਣੇ ਰੇਲਵੇ ਪੁਲ ਦੇ ਦਰਾਂ 'ਚੋਂ ਮਿੱਟੀ ਕੱਢਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਤਾਂ ਜੋ ਮਾਨਸੂਨ ਸੀਜ਼ਨ ਦੌਰਾਨ ਖੇਤਰ 'ਚ ਸੰਭਾਵੀ ਹੜ੍ਹਾਂ ਤੋਂ ਬਚਿਆ ਜਾ ਸਕੇ। ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਮੌਕੇ 'ਤੇ ਮੌਜੂਦ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਪਾਣੀ ਦੇ ਨਿਕਾਸ ਵਿੱਚ ਅੜਿੱਕਾ ਬਣ ਰਹੀ ਮਿੱਟੀ ਨੂੰ ਸਾਫ ਕਰਨ ਦੇ ਕੰਮ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਬਰਸਾਤ ਦੌਰਾਨ ਖੇਤਰ ਵਿੱਚ ਕਿਸੇ ਵੀ ਹੜ੍ਹ ਵਾਲੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਪੁਲ ਹੇਠੋਂ ਮਿੱਟੀ ਨੂੰ ਜਲਦ ਹਟਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਦਰਾਂ 'ਚੋਂ ਮਿੱਟੀ ਕੱਢਣ ਨਾਲ ਪੁਲ ਹੇਠੋਂ ਪਾਣੀ ਬਿਨਾਂ ਕਿਸੇ ਰੁਕਾਵਟ ਦੇ ਲੰਘ ਸਕੇਗਾ ਅਤੇ ਇਲਾਕੇ 'ਚ ਹੜ੍ਹਾਂ ਦੇ ਖਤਰੇ ਨੂੰ ਰੋਕਣ ਵਿੱਚ ਮਦਦ ਮਿਲੇਗੀ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਹੜ੍ਹਾਂ ਤੋਂ ਬਚਾਅ ਲਈ ਪੁਲ ਹੇਠੋਂ ਪਾਣੀ ਦੀ ਆਸਾਨੀ ਨਾਲ ਨਿਕਾਸੀ ਨੂੰ ਯਕੀਨੀ ਬਣਾਉਣ ਲਈ ਮਿੱਟੀ ਕੱਢਣਾ ਸਮੇਂ ਦੀ ਮੁੱਖ ਲੋੜ ਹੈ, ਜਿਸ ਦੇ ਲਈ ਇਸ ਮਹੱਤਵਪੂਰਨ ਕਾਰਜ ਦੀ ਸ਼ੁਰੂਆਤ ਕੀਤੀ ਗਈ ਹੈ।



## ਸਾਂਝ ਕੇਂਦਰ ਦੇ ਮੁਲਾਜ਼ਮਾਂ ਲੋੜਵੰਦਾਂ ਨੂੰ ਰਾਸ਼ਨ ਵੰਡਿਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪੁਲਸ ਥਾਣਾ ਨੂਰਮਹਿਲ ਵਿਖੇ ਸਾਂਝ ਕੇਂਦਰ ਦੇ ਮੁਲਾਜਮਾਂ ਵੱਲੋਂ ਲੋੜਵੰਦ ਵਿਅਕਤੀਆਂ ਨੂੰ ਰਾਸ਼ਨ ਵੰਡਿਆ। ਇਸ ਮੌਕੇ ਥਾਣਾ ਮੁਖੀ ਇੰਸਪੈਕਟਰ ਸੁਖਦੇਵ ਸਿੰਘ ਨੇ ਦੱਸਿਆ ਕਿ ਸਾਂਝ ਕੇਂਦਰ ਦੇ ਉੱਚ ਅਫਸਰਾਂ ਵਲੋਂ ਚਲਾਈ ਇਸ ਮੁਹਿੰਮ ਤਹਿਤ ਸਮੇਂ ਸਮੇਂ 'ਤੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਅਤੇ ਸਕੂਲੀ ਬੱਚਿਆਂ ਨੂੰ ਕਾਪੀਆਂ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ। ਅੱਜ ਇਸੇ ਲੜੀ ਤਹਿਤ ਏਥੇ ਰਾਸ਼ਨ ਵੰਡਿਆ ਗਿਆ। ਇਸ ਮੌਕ ਗਗਨਦੀਪ ਸਾਂਝ ਕੇਂਦਰ ਇੰਚਾਰਜ ਪ੍ਰੇਮ ਕੁਮਾਰ ਅਤੇ ਸਟਾਫ ਹਾਜ਼ਰ ਸੀ।



## ਸ਼ਿਵ ਸੈਨਾ ਪੰਜਾਬ 7 ਨੂੰ ਟਾਂਡਾ ਵਿਖੇ ਕੱਢੇਗੀ ਭਗਵਾਂ ਮਾਰਚ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਕਾਰ ਸਿੰਘ )**-ਬੀਤੇ ਦਿਨੀਂ ਬਟਾਲਾ ਦੇ ਸ਼ਿਵ ਸੈਨਾ ਨੇਤਾ ਤੇ ਸ਼ਰਾਰਤੀ ਅਨਸਰਾਂ ਵੱਲੋਂ ਅੰਨੇਵਾਹ ਗੋਲੀਆਂ ਚਲਾ ਕੇ ਉਨ੍ਹਾ ਨੂੰ ਜਖਮੀ ਕਰ ਦਿੱਤਾ ਸੀ ਤੇ ਪੁਲਸ ਪ੍ਰਸ਼ਾਸਨ ਵੱਲੋਂ ਅਜੇ ਤੱਕ ਇਨ੍ਹਾਂ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਅਤੇ ਸਨਾਤਨ ਧਰਮ ਦੀ ਰੱਖਿਆ ਕਰ ਰਹੇ ਹਿੰਦੂਆਂ ਤੇ ਹੋ ਰਹੇ ਹਮਲਿਆਂ ਨੂੰ ਸਰਕਾਰ ਵੱਲੋਂ ਰੋਕਣ ਦੇ ਢੁੱਕਵੇਂ ਪ੍ਰਬੰਧ ਨਾ ਕਰਨ ਦੇ ਰੋਸ ਵਜੋਂ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਤ ਦੀ ਅਗਵਾਈ 'ਚ ਰੋਸ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਸ਼ਿਵਮ ਵੈਦ, ਜਿਲ੍ਹਾ ਚੇਅਰਮੈਨ ਵਿਕਾਸ ਜਸਰਾ, ਹਿੰਦੂ ਨੇਤਾ ਨਿਖਲੇਸ ਜਸਰਾ ਨੈਨੂੰ, ਜਿੰਦਰ ਬਨਿਆਲ, ਸੁਧਾਂਸ਼ੂ ਮਲਹੋਤਰਾ, ਹਰਜੀਤ ਸਿੰਘ, ਕਸ਼ਿਸ਼ ਚੋਪੜਾ, ਗਗਨ ਪਰੋਜ ਅਤੇ ਹੋਰ ਸ਼ਿਵ ਸੈਨਕ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਹਿੰਦੂ ਨੇਤਾਵਾਂ ਦੀ ਸੁਰੱਖਿਆ ਯਕੀਨੀ ਨਾ ਬਣਾਉਣ ਦੇ ਰੋਸ ਵਜੋਂ ਸ਼ਿਵ ਸੈਨਾ ਪੰਜਾਬ ਸਾਰੇ ਹਿੰਦੂ ਸੰਗਠਨਾਂ ਦੇ ਸਹਿਯੋਗ ਨਾਲ 'ਸ਼ਿਵ ਸਕਤੀ ਦਾ ਜਾਪ ਕਰਾਂਗੇ ਆਪਣੀ ਰੱਖਿਆ ਆਪ ਕਰਾਂਗੇ' ਦੇ ਨਾਅਰੇ ਲਗਾਉਂਦੇ ਹੋਏ ਰਾਸ਼ਟਰੀ ਚੇਅਰਮੈਨ ਰਾਜੀਵ ਟੰਡਨ ਦੀ ਅਗਵਾਈ ਵਿੱਚ 5 ਜੁਲਾਈ ਨੂੰ ਲੁਧਿਆਣਾ ਵਿਖੇ ਸੂਬਾ ਪੱਧਰ 'ਤੇ ਭਗਵਾ ਮਾਰਚ ਕੱਢਣ ਉਪਰੰਤ 7 ਜੁਲਾਈ ਨੂੰ ਟਾਂਡਾ ਵਿਖੇ ਸੰਤ ਸਮਾਜ ਦੀ ਹਾਜ਼ਰੀ 'ਚ ਭਗਵਾਂ ਮਾਰਚ ਕੱਢੇਗੀ।



## ਚੋਰੀ ਦੇ ਟਰੱਕਾਂ ਸਮੇਤ ਲੁਟੇਰਾ ਗਰੋਹ ਕਾਬੂ

**ਨੂਰਮਹਿਲ ( ਬਾਲ ਕ੍ਰਿਸਨ ਬਾਲੀ)** ਮੁਖਵਿੰਦਰ ਸਿੰਘ ਭੁੱਲਰ ਸੀਨੀਅਰ ਪੁਲਸ ਕਪਤਾਨ ਜੰਲਧਰ ਦੇ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਮਨਪ੍ਰੀਤ ਸਿੰਘ ਢਿੱਲੋਂ ਪੀ ਪੀ ਐਸ ਪੁਲਸ ਕਪਤਾਨ, ਹਰਜਿੰਦਰ ਸਿੰਘ ਉਪ ਪੁਲਸ ਕਪਤਾਨ ਨਕੋਦਰ, ਇੰਸਪੈਕਟਰ ਸੁਖਦੇਵ ਸਿੰਘ ਮੁੱਖ ਅਫਸਰ ਥਾਣਾ ਨੂਰਮਹਿਲ ਨੇ ਪੁਲਸ ਪਾਰਟੀ ਸਮੇਤ ਮੱਕੀ ਦੀਆਂ 380 ਬੋਰੀਆਂ ਨਾਲ ਭਰੇ ਟਰੱਕ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਉਹਨਾਂ ਦੇ ਕਬਜੇ 'ਚੋਂ 490 ਨਸ਼ੀਲੀਆਂ ਗੋਲੀਆਂ ਅਤੇ ਤੇਜਧਾਰ ਹਥਿਆਰ ਬਰਾਮਦ ਕੀਤੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸੁਖਦੇਵ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਦਾਣਾ ਮੰਡੀ ਸ਼ਾਹਕੋਟ ਤੋਂ ਮੱਕੀ ਦੀਆਂ ਬੋਰੀਆਂ ਨਾਲ ਭਰਿਆ ਟਰੱਕ ਨੰਬਰ ਪੀ ਬੀ 10 ਐਕਸ 9347 ਕੰਡਕਟਰ ਤੇ ਡਰਾਈਵਰ ਸਮੇਤ ਬਾਘਾ ਪੁਰਾਣਾ ਤੋਂ ਰਵਾਨਾ ਹੋਇਆ ਸੀ ਤਾਂ ਸਾਹਕੋਟ ਯੂਨੀਅਨ ਸਾਹਮਣੇ ਮਹਿੰਦਰਾ ਬਲੇਰੋ ਪਿਕ ਅਪ ਪੀ ਬੀ 10 ਈ ਐਸ 5434 ਨੇ ਸਾਡੇ ਟਰੱਕ ਦੇ ਅੱਗੇ ਆ ਕੇ ਬ੍ਰੇਕ ਮਾਰੀ ਤੇ ਤੇਜਧਾਰ ਹਥਿਆਰ ਲੈ ਕੇ ਦੋ ਵਿਅਕਤੀ ਸਾਡੇ ਵੱਲ ਆਏ ਤਾਂ ਸਥੋ ਉਹਨਾਂ ਟਰੱਕ ਖੋ ਲਿਆ, ਅਸੀਂ ਪਿੱਛਾ ਕਰਦੇ ਨੂਰਮਹਿਲ ਪਹੁੰਚੇ ਪੁਲਸ ਨੂੰ ਪੱਕੀ ਇਤਲਾਹ ਸੀ ਕਿ ਇਹ ਵਾਰਦਾਤ ਪੂਰਨ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਪ੍ਰਜੀਆਂ, ਬਿਹਾਰੀਪੁਰ ਥਾਣਾ ਸਿੱਧਵਾਂ ਬੇਟ, ਲੁਧਿਆਣਾ, ਜਸਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਸਿੱਧਵਾਂ ਬੇਟ ਅਤੇ ਤਾਰੀ ਵਾਸੀ ਸਿੱਧਵਾਂ ਬੇਟ, ਲੁਧਿਆਣਾ ਨੇ ਕੀਤੀ ਹੈ। ਜੋ ਕੋਟ ਬਾਦਲ ਖਾਂ, ਨੇੜੇ ਨੂਰਮਹਿਲ ਵੱਲ ਗਏ ਹਨ ਅਤੇ ਇਹਨਾਂ ਨੂੰ ਨਾਕਾ ਲਗਾ ਕੇ ਕੋਟ ਬਾਦਲ ਖਾਂ ਤੋਂ ਟਰੱਕ ਸਮੇਤ ਗ੍ਰਿਫਤਾਰ ਕਰ ਲਿਆ ਹੈ ਅਤੇ ਇਹਨਾਂ ਦੇ ਕਬਜੇ 'ਚੋਂ ਬਲੈਰੋ ਗੱਡੀ ਅਤੇ ਦਾਤਰ ਅਤੇ 490 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਉਹਨਾਂ ਵਿਰੁੱਧ ਮਾਮਲਾ ਦਰਜ ਕਰ ਕੇ ਦੋਸ਼ੀਆਂ ਦਾ ਇਕ ਦਿਨ ਦਾ ਰਿਮਾਂਡ ਲੈ ਲਿਆ ਹੈ ਅਤੇ ਇਹਨਾਂ ਦਾ ਤੀਜਾ ਸਾਥੀ ਫਰਾਰ ਹੋ ਗਿਆ ਜਿਸ ਦੀ ਭਾਲ ਜਾਰੀ ਹੈ।

ਦੋਸ਼ੀਆਂ ਵਿਰੁੱਧ ਵੱਖ ਵੱਖ ਥਾਣਿਆਂ ਵਿੱਚ 45 ਤੋਂ ਵੱਧ ਕੇਸ ਦਰਜ ਹਨ।



## ਧਾਰਮਕ ਸਮਾਗਮ 3 ਨੂੰ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਮਾਹਿਲਪੁਰ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਸਥਿਤ ਪਿੰਡ ਟੂਟੋਮਜਾਰਾ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਲਈ ਆਸਥਾ ਦਾ ਕੇਂਦਰ ਬਣੇ ਨਿਰਮਲ ਕੁਟੀਆ ਜਨਮ ਅਸਥਾਨ 111 ਸੰਤ ਬਾਬਾ ਦਲੇਲ ਸਿੰਘ ਵਿਖੇ ਗੁਰੂ ਪੁੰਨਿਆਂ ਦਾ ਪਵਿੱਤਰ ਦਿਹਾੜਾ 3 ਜੁਲਾਈ ਦਿਨ ਸੋਮਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਉਤਸਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨਿਰਮਲ ਕੁਟੀਆ ਦੇ ਮੁੱਖ ਸੰਚਾਲਕ ਸੰਤ ਬਾਬਾ ਮੱਖਣ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਸੰਤ ਬਾਬਾ ਬਲਬੀਰ ਸਿੰਘ ਸ਼ਾਸ਼ਤਰੀ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਜੁਲਾਈ ਦਿਨ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਜਿਨ੍ਹਾਂ ਦੇ ਭੋਗ 3 ਜੁਲਾਈ ਦਿਨ ਸੋਮਵਾਰ ਨੂੰ ਪੈਣਗੇ।

ਪਾਠ ਦੇ ਭੋਗ ਤੋਂ ਬਾਅਦ 11 ਤੋਂ 12 ਵਜੇ ਤੱਕ ਨਿਰਮਲ ਕੁਟੀਆ ਦੀਆਂ ਬੱਚੀਆਂ ਕੀਰਤਨ ਕਰਨਗੀਆਂ। ਉਹਨਾਂ ਤੋਂ ਬਾਅਦ 12 ਤੋਂ ਡੇਢ ਵਜੇ ਤੱਕ ਸੰਤ ਬਾਬਾ ਬਲਬੀਰ ਸਿੰਘ ਸਾਸਤਰੀ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਉਸ ਸਰਵ ਸ਼ਕਤੀਮਾਨ ਪਰਮਾਤਮਾ ਦੇ ਰੰਗ 'ਚ ਰੰਗਣਗੇ।